ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com


3-9 ਮਈ 2023

ਸਾਲ 14ਵਾਂ - ਅੰਕ 19

email : info@sadelok.com

Ph. : 510-706-1300

Fax : 925-373-1300



ਭਲੋ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ ॥

## ਸ੍ਰੀ ਗੁਰੂ ਅਮਰਦਾਸ ਜੀ ਦੇ

ਪ੍ਰਕਾਸ਼ ਪੁਰਬ ਦੀਆਂ
ਸਭ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

(ਦੇਖੋ ਸਫ਼ਾ 37 'ਤੇ)

## ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ

# ਹੋਲੇ ਮਹੱਲੇ 'ਤੇ ਅਨੰਦਪੁਰੀ ਜਾਹੋ-ਜਲਾਲ 'ਚ ਰੰਗਿਆ ਸੈਨਹੋਜ਼ੇ



(ਦੇਖੋ ਸਫ਼ਾ 34-36, 38,39 'ਤੇ)

## ਕੈਲੀਫੋਰਨੀਆਂ ਸਟੇਟ ਵਿਚ ਸਿੱਖਾਂ ਦੀ ਇਤਿਹਾਸਿਕ ਜਿੱਤ





3

## ਮਿਡਲ ਸਕੂਲ ਦੇ ਵਿਦਿਆਰਥੀ ਬ੍ਰਹਮਜੋਤ ਸਿੰਘ ਧਾਮੀ ਨੇ ਪਰਿਵਾਰ ਅਤੇ ਕਮਿਊਨਿਟੀ ਦਾ ਨਾਮ ਕੀਤਾ ਰੌਸ਼ਨ



ਸਕੂਲ ਵਲੋਂ ਬ੍ਰਹਮਜੋਤ ਸਿੰਘ 'ਸਟੂਡੈਂਟ ਆਫ਼ ਯੀਅਰ' ਨਾਲ ਸਨਮਾਨਿਤ

43

## ਸਿੱਧੂ ਮੂਸੇਵਾਲ ਦਾ ਕਾਤਲ ਗੋਲਡੀ ਬਰਾੜ ਕੈਨੇਡਾ 'ਚ ਲੋੜੀਂਦੇ ਸਭ ਤੋਂ ਖ਼ਤਰਨਾਕ 25 ਗੈਂਗਸਟਰਾਂ ਦੀ ਸੂਚੀ 'ਚ



21

# ਲੁਧਿਆਣਾ 'ਚ ਜ਼ਹਿਰੀਲੀ ਗੈਸ ਕਾਰਨ 11 ਮੌਤਾਂ

## ਸੀਵਰੇਜ 'ਚ ਸੁੱਟੇ ਕੈਮੀਕਲ ਨਾਲ ਬਣੀ ਜ਼ਹਿਰੀਲੀ ਗੈਸ ਮ੍ਰਿਤਕਾਂ 'ਚ 4 ਔਰਤਾਂ ਅਤੇ 3 ਬੱਚੇ ਵੀ ਸ਼ਾਮਿਲ

ਲੁਧਿਆਣਾ: ਸਥਾਨਕ ਗਿਆਸਪੁਰਾ ਇਲਾਕੇ ਦੀ ਸੂਆ ਰੋਡ 'ਤੇ ਤੜਕੇ ਸੀਵਰੇਜ ਪਾਇਪਾਂ 'ਚ ਜ਼ਹਿਰੀਲੀ ਗੈਸ ਰਿਸਣ ਕਾਰਨ 11 ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ 4 ਔਰਤਾਂ ਅਤੇ ਤਿੰਨ ਬੱਚੇ ਸ਼ਾਮਿਲ ਹਨ। ਜਾਣਕਾਰੀ ਅਨੁਸਾਰ ਸਾਢੇ ਸੱਤ ਵਜੇ ਦੇ ਕਰੀਬ ਗਿਆਸਪੁਰਾ ਦੀ ਸੂਆ ਰੋਡ 'ਤੇ ਸੀਵਰੇਜ ਪਾਈਪਾਂ ਅਤੇ ਢੱਕਣਾ 'ਚੋਂ ਧੂੰਆਂ

(ਦੇਖੋ ਸਫ਼ਾ 16 'ਤੇ)



## ਸੁਪਰੀਮ ਕੋਰਟ ਦਾ ਰਾਜੋਆਣਾ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ 'ਚ ਬਦਲਣ ਤੋਂ ਇਨਕਾਰ



ਨਵੀਂ ਦਿੱਲੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ। ਰਹਿਮ ਦੀ ਪਟੀਸ਼ਨ 'ਤੇ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ 'ਚ ਸੁਣਵਾਈ ਕੀਤੀ। ਜਸਟਿਸ ਬੀ ਆਰ ਗਵਈ, ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਜੇ ਕਰੋਲ ਦੀ ਤਿੰਨ ਮੈਂਬਰੀ ਬੈਂਚ ਨੇ ਗ੍ਰਹਿ ਮੰਤਰਾਲੇ ਨੂੰ ਆਖਿਆ ਹੈ ਕਿ ਉਹ ਰਹਿਮ ਦੀ ਅਪੀਲ 'ਤੇ ਆਪਣੇ ਹਿਸਾਬ ਨਾਲ ਫੈਸਲਾ ਲਵੇ।

ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੋਰਟ ਨੇ ਕਿਹਾ ਹੈ ਕਿ ਇਸ ਬਾਰੇ ਕੇਂਦਰ ਸਰਕਾਰ ਸਹੀ ਸਮੇਂ 'ਤੇ ਫ਼ੈਸਲਾ ਲਵੇ। ਰਾਜੋਆਣਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਹੇਠ ਲੰਬੇ ਸਮੇਂ ਤੋਂ ਜੇਲ੍ਹ ਵਿੱਚ ਬੰਦ ਹਨ। ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੀ ਸੁਪਰੀਮ ਕੋਰਟ ਦੀ ਤਿੰਨ ਜੱਜਾਂ ਦੀ ਬੈਂਚ ਇਸ

(ਦੇਖੋ ਸਫ਼ਾ 14 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੋਲੀਟੀਕਲ ਅਸਾਈਲਮ • ਡਿਪੋਰਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਕੈਲੀਫੋਰਨੀਆਂ ਸਟੇਟ ਵਿਚ ਸਿੱਖਾਂ ਦੀ ਇਤਿਹਾਸਿਕ ਜਿੱਤ





ਸਿੱਖ ਭਾਈਚਾਰੇ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ 25 ਅਪ੍ਰੈਲ 2023 ਨੂੰ ਕੈਲੀਫੋਰਨੀਆਂ ਸਟੇਟ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਸਟੇਟ ਟਰਾਂਸਪੋਰਟੇਸ਼ਨ ਕਮੇਟੀ ਵਿੱਚ SB-847 ਬਿੱਲ ਪਾਸ ਹੋ ਗਿਆ ਹੈ ਇਸ ਦੇ ਤਹਿਤ ਭਵਿੱਖ ਵਿੱਚ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਲਈ ਹੈਲਮੈਟ ਤੋਂ ਛੋਟ ਮਿਲੇਗੀ। SB-847 ਬਿੱਲ, ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ ਮਾਹਰਾਂ ਅਤੇ ਪਲੈਨਿੰਗ ਕਮਿਸ਼ਨਰ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਅਤੇ ਟਰਾਂਸਪੋਰਟੇਸ਼ਨ ਕਮੇਟੀ ਅੱਗੇ ਪੇਸ਼ ਕੀਤਾ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨਰ ਮਨਦੀਪ ਸਿੰਘ ਨੇ ਕਮੇਟੀ ਦੇ ਸੁਆਲਾਂ ਦੇ ਢੁਕਵੇਂ ਜਵਾਬ ਦਿੱਤੇ ਅਤੇ ਬਿੱਲ ਨੂੰ ਪਾਸ ਕਰਨ ਦੀ ਅਪੀਲ ਕੀਤੀ ਜੋ ਕਿ ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ, 9 ਵੋਟਾਂ ਦੀ ਸਹਿਮਤੀ ਨਾਲ ਪਾਸ ਹੋਇਆ ਹੈ। ਕੈਲੀਫੋਰਨੀਆ ਸਟੇਟ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਹੈਲਮੈਟ ਕਾਨੂੰਨ ਦੇ ਤਹਿਤ, ਸਿੱਖਾਂ ਨੂੰ ਪੱਗ ਬੰਨ ਕੇ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ ਨਹੀਂ ਸੀ। ਪਰ ਹੁਣ SB-847 ਬਿੱਲ ਪਾਸ ਹੋਣ ਨਾਲ, ਛੇਤੀ ਹੀ ਕਾਨੂੰਨ ਬਣੇਗਾ ਤੇ ਸਿੱਖ ਸਿਰਾਂ ਉੱਪਰ ਪੱਗ, ਦਸਤਾਰ ਅਤੇ ਦੁਮਾਲੇ ਸਜਾਕੇ, ਕੈਲੀਫੋਰਨੀਆ ਸਟੇਟ ਵਿੱਚ ਕਾਨੂੰਨੀ ਤੌਰ 'ਤੇ ਮੋਟਰਸਾਈਕਲ ਚਲਾ ਸਕਣਗੇ।

# ਅਮਰੀਕਾ ਅਕਾਲੀ ਦਲ ਵਲੋਂ ਸੈਕਰਾਮੈਂਟੋ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਤੀ ਸਰਧਾਂਜਲੀ ਸਮਾਗਮ



ਸੈਕਰਾਮੈਂਟੋ, ਕੈਲੀਫੋਰਨੀਆ( ਹੁਸਨ ਲੜੋਆ ਬੰਗਾ) : ਪੰਜਾਬ ਦੇ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਤੀ ਸਥਾਨਕ ਸੰਤ ਸਾਗਰ ਗੁਰਦੁਆਰਾ ਸਾਹਿਬ ਵਿੱਚ ਅਮਰੀਕਾ ਦੇ ਅਕਾਲੀ ਦਲ ਵਲੋਂ ਇੱਕ ਸਰਧਾਂਜਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਯੂਥ ਅਕਾਲੀਦਲ ਦੇ ਆਗੂ ਸ਼ਾਮਿਲ ਹੋਏ। ਪਹਿਲਾਂ ਇਸ ਸਰਧਾਂਜਲੀ ਸਮਾਗਮ ਚ ਗਿਆਨੀ ਉਪਕਾਰ ਸਿੰਘ ਭਿੰਡਰ ਵਲੋ ਕਥਾ ਤੇ ਹਜੂਰੀ ਜੱਥੇ ਵਲੋਂ ਕੀਰਤਨ ਕੀਤਾ ਗਿਆ ਇਸ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਲੋਂ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਤੀ ਸਰਧਾਂਜਲੀ ਸ਼ਬਦ ਬੋਲੇ। ਇਸ ਸਮਾਗਮ ਚ ਅਮਰੀਕਾ ਦੇ ਅਕਾਲੀ ਦਲ ਵੈਸਟ ਕੋਸਟ ਦੇ ਪ੍ਰਧਾਨ ਕੁਲਵੰਤ ਸਿੰਘ ਖਹਿਰਾ ਨੇ ਬੋਲਦਿਆਂ ਕਿਹਾ ਕਿ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਸਾਰਾ ਜੀਵਨ ਲੋਕਾਂ ਦੀ ਭਲਾਈ ਤੇ ਲਗਾ ਦਿੱਤਾ ਤੇ ਪੰਜਾਬ ਦੀ ਤਰੱਕੀ ਇੱਕ ਮਿਸਾਲ ਹੈ। ਉਨ੍ਹਾਂ ਦਾ ਪੰਜ ਵਾਰ ਮੁੱਖ ਮੰਤਰੀ ਬਣਨਾ ਤੇ ਦੋ ਵਾਰ ਵਿਰੋਧੀ ਧਿਰ ਦਾ ਆਗੂ ਬਣਨਾ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਕੁਲਵੰਤ ਖਹਿਰਾ ਨੇ ਸਰਦਾਰ ਬਾਦਲ ਨਾਲ ਹੋਏ ਕੁਝ ਵਾਰਤਾਲਾਪ ਵੀ ਸਾਂਝੇ ਕੀਤੇ। ਇਸ ਮੌਕੇ ਟਕਸਾਲੀ ਅਕਾਲੀ ਆਗੂ ਤੇ ਅਕਾਲੀ ਦਲ ਕੈਲੀਫੋਰਨੀਆ ਦੇ ਪ੍ਰਧਾਨ ਬਲਜੀਤ ਸਿੰਘ ਮਾਨ ਨੇ ਸਰਦਾਰ ਬਾਦਲ ਨਾਲ ਹੋਏ ਆਪਣੇ ਤਜਰਬੇ ਸਾਂਝੇ ਕਰਕੇ ਆਪਣੀ ਅਰਧਾਜਲੀ ਭੇਂਟ ਕੀਤੀ। ਇਸ ਮੌਕੇ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਪਰਵਿੰਦਰ ਪਾਲ ਸਿੰਘ ਰਠੌਰ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਹ ਸਾਡੀ ਨੌਜੁਆਨ ਪੀੜੀ ਦੇ ਪ੍ਰੇਰਨਾ ਸਰੋਤ ਸਨ। ਇਸ ਮੌਕੇ ਯੂਥ ਅਕਾਲੀ ਦਲ ਦੇ ਪ੍ਰਧਾਨ ਰਵਿੰਦਰ ਸਿੰਘ ਬੋਇਲ ਨੇ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਧਾਜਲੀ ਭੇਂਟ ਕਰਦਿਆਂ ਕਿਹਾ ਕਿ ਉਹ ਹਿੰਦੂ ਸਿੱਖ ਏਕਤਾ ਦੇ ਹਾਮੀ ਸਨ ਤੇ ਉਨਾਂ ਪੰਜਾਬ ਦੀ ਖਾਤਿਰ 17 ਸਾਲ ਜੇਲ ਕੱਟੀ। ਇਸ ਮੌਕੇ ਬਾਕੀ ਬੁਲਾਰਿਆਂ ਵਿੱਚ ਸਥਾਨਕ ਸੰਤ ਸਾਗਰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਤੇ ਅਕਾਲੀ ਆਗੂ ਨਰਿੰਦਰਪਾਲ ਸਿੰਘ ਹੁੰਦਲ, ਸੀਨੀਅਰ ਆਗੂ ਹਰਬੰਸ ਸਿੰਘ ਚਾਹਲ, ਅਕਾਲੀ ਆਗੂ ਹਰਿੰਦਰ ਸਿੰਘ ਹੁੰਦਲ, ਸੀਨੀਅਰ ਆਗੂ ਦਲਬੀਰ ਸਿੰਘ ਸੰਘੇੜਾ, ਜਤਿੰਦਰ ਭੰਗੂ,ਯੂਥ ਅਕਾਲੀ ਦਲ ਦੇ ਕੋਆਰਡੀਨੇਟਰ ਅਰਵਿੰਦਰ ਸਿੰਘ ਲਾਖਨ, ਸ਼ੇਰ ਸਿੰਘ ਚੌਹਾਨ, ਨੌਜੁਆਨ ਆਗੂ ਦਲਜੀਤ ਸਿੰਘ ਢੱਡਾ, ਸੁਖਵਿੰਦਰ ਸਿੰਘ ਸੰਘੇੜਾ, ਸੋਨੂੰ ਹੰਦਲ ਨੇ ਆਪਣੇ ਆਪਣੇ ਵਿਚਾਰਾਂ ਰਾਹੀਂ ਸਾਬਕਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਇਲਾਵਾ ਸੁਖਵੰਤ ਖਹਿਰਾ, ਕੁਲਦੀਪ ਛੋਕਰ, ਕੁਲਵੰਤ ਨਿੱਜਰ, ਸਰਬਜੀਤ ਸਰਾਓ, ਹਰਬੰਸ ਪੰਮਾ, ਪ੍ਰੀਤਮ ਗਰੇਵਾਲ, ਸਤਬੀਰ ਸਿੰਘ ਹੀਰ, ਭੁਪਿੰਦਰ ਸਿੰਘ ਜਾਡਲਾ, ਜਤਿੰਦਰ ਸਿੰਘ ਹੁੰਦਲ, ਨਾਨਕ ਸਿੰਘ ਨੇਪਰਾਂ, ਸੁੱਚਾ ਸਿੰਘ ਫਿਲਕਾਨੀ, ਮਹਿੰਦਰ ਸਿੰਘ ਜੌਹਲ, ਸੁਖਵਿੰਦਰ ਸਿੰਘ ਹੁੰਦਲ ਆਦਿ ਨੇ ਵੀ ਹਾਜਰੀ ਦਿੱਤੀ।

# ਅਬਰਾਹਮ ਲਿੰਕਨ ਦੇ ਹੱਤਿਆਰੇ ਨੂੰ ਫੜਨ ਲਈ ਜਾਰੀ ਕੀਤਾ ਇਨਾਮ ਵਾਲਾ ਪੋਸਟਰ ਡੇਢ ਲੱਖ ਡਾਲਰ ਤੋਂ ਵਧ ਵਿੱਚ ਵਿਕਿਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) 1865 ਵਿਚ ਅਮਰੀਕਾ ਦੇ ਤਤਕਾਲ ਰਾਸ਼ਟਰਪਤੀ ਅਬਰਾਹਮ ਲਿੰਕਨ ਦੀ ਹੱਤਿਆ ਲਈ ਜਿੰਮੇਵਾਰ ਵਿਅਕਤੀ ਦੀ ਗ੍ਰਿਫ਼ਤਾਰੀ ਲਈ ਰੱਖੇ ਇਨਾਮ ਵਾਲਾ ਪੋਸਟਰ ਇਕ ਨਿਲਾਮੀ ਦੌਰਾਨ 1,66,375 ਡਾਲਰ ਵਿਚ ਵਿਕਿਆ ਹੈ। ਇਹ ਪੋਸਟਰ 20 ਅਪ੍ਰੈਲ,1865 ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿਚ ਜੌਹਨ ਵਿਲਕਸ ਬੂਥ ਤੇ ਉਸ ਦੇ 2 ਸਾਥੀਆਂ ਦੀ ਗ੍ਰਿਫ਼ਤਾਰੀ ਲਈ ਸੂਚਨਾ ਦੇਣ ਵਾਲੇ ਨੂੰ ਇਕ ਲੱਖ ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ। ਬੂਥ ਨੇ 14 ਅਪ੍ਰੈਲ,1865 ਨੂੰ ਵਾਸ਼ਿੰਗਟਨ, ਡੀ ਸੀ ਵਿਚ ਫੋਰਡਸ ਥੀਏਟਰ ਵਿਖੇ ਅਬਰਾਹਮ ਲਿੰਕਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਨੇਟ ਡੀ ਸੈਂਡਰਜ ਆਕਸ਼ਨਜ ਜਿਸ ਨੇ ਇਸ ਪੋਸਟਰ ਨੂੰ ਨਿਲਾਮ ਕੀਤਾ, ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਸ ਵਿਸ਼ੇਸ਼ ਪੋਸਟਰ ਦੀ ਨਿਲਾਮੀ ਇਕ ਲੱਖ ਡਾਲਰ ਤੋਂ ਸ਼ੁਰੂ ਹੋਈ।




# ਅਮਰੀਕਾ ਨੇ ਸੂਡਾਨ ਤੋਂ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਸ਼ੁਰੂ ਕੀਤੀ ਪਹਿਲੀ ਕਾਰਵਾਈ

ਵਾਸ਼ਿੰਗਟਨ : ਸੂਡਾਨ ਵਿੱਚ ਜਾਰੀ ਹਿੰਸਾ ਦੇ ਦੌਰਾਨ ਆਪਣੇ ਆਮ ਨਾਗਰਿਕਾਂ ਨੂੰ ਉਥੋਂ ਕੱਢਣ ਲਈ ਅਮਰੀਕਾ ਨੇ ਪਹਿਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਅਮਰੀਕੀ ਅਗਵਾਈ ਵਾਲੀ ਮੁਹਿੰਮ ਦੇ ਹਿੱਸੇ ਵਜੋਂ ਫੌਜ ਡਰੋਨਾਂ ਦੁਆਰਾ ਨਿਗਰਾਨੀ ਕੀਤੇ ਗਏ ਸੈਂਕੜੇ ਅਮਰੀਕੀ ਸ਼ਨੀਵਾਰ ਨੂੰ ਪੂਰਬੀ ਅਫਰੀਕੀ ਦੇਸ਼ ਦੀ ਇੱਕ ਬੰਦਰਗਾਹ 'ਤੇ ਪਹੁੰਚੇ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਜ਼ਮੀਨੀ ਮਾਰਗ ਜ਼ਰੀਏ ਨਿਗਰਾਨੀ ਫੌਜ ਦੁਆਰਾ ਇੱਕ ਅਮਰੀਕੀ ਮਾਨਵ ਰਹਿਤ ਹਵਾਈ ਵਾਹਨ ਦੀ ਵਰਤੋਂ ਕੀਤੀ ਗਈ ਸੀ ਅਤੇ 200 ਤੋਂ 300 ਅਮਰੀਕੀਆਂ ਨੂੰ ਸੁਰੱਖਿਅਤ ਬੰਦਰਗਾਹ ਤੱਕ ਲਿਜਾਇਆ ਗਿਆ ਸੀ।



ਅਮਰੀਕਾ ਨੇ ਸ਼ੁਰੂ ਵਿੱਚ ਸੂਡਾਨ ਵਿੱਚ ਫਸੇ ਅਮਰੀਕੀਆਂ ਨੂੰ ਕੱਢਣ ਲਈ ਕੋਈ ਵੀ ਕਾਰਵਾਈ ਸ਼ੁਰੂ ਕਰਨ ਤੋਂ ਇਨਕਾਰ ਕਰ ਦਿੱਤਾ, ਇਸ ਨੂੰ ਬਹੁਤ ਖ਼ਤਰਨਾਕ ਦੱਸਿਆ, ਉੱਥੇ ਰਹਿ ਰਹੇ ਅਮਰੀਕੀ ਪਰਿਵਾਰਾਂ ਨੇ ਆਪਣੇ ਦੇਸ਼ ਦੇ ਪ੍ਰਸ਼ਾਸਨ ਦੀ ਨਿੰਦਾ ਕੀਤੀ। ਸੂਡਾਨ ਵਿੱਚ ਅਮਰੀਕੀ ਸਪੈਸ਼ਲ ਆਪਰੇਸ਼ਨ ਬਲਾਂ ਨੇ 22 ਅਪ੍ਰੈਲ ਨੂੰ ਹਿੰਸਾ ਪ੍ਰਭਾਵਿਤ ਦੇਸ਼ ਤੋਂ ਆਪਣੇ ਦੂਤਘਰ ਅਤੇ ਹੋਰ ਅਮਰੀਕੀ ਸਰਕਾਰੀ ਕਰਮਚਾਰੀਆਂ ਨੂੰ ਹਵਾਈ ਜਹਾਜ਼ ਰਾਹੀਂ ਬਾਹਰ ਕੱਢਿਆ, ਪਰ ਉੱਥੇ ਰਹਿ ਰਹੇ ਹਜ਼ਾਰਾਂ ਅਮਰੀਕੀ ਨਾਗਰਿਕਾਂ ਨੂੰ ਨਹੀਂ ਕੱਢਿਆ ਗਿਆ, ਜਿਨ੍ਹਾਂ ਵਿੱਚੋਂ ਕਈਆਂ ਦੀ ਦੋਹਰੀ ਨਾਗਰਿਕਤਾ ਹੈ, ਜਦਕਿ ਦਰਜਨਾਂ ਦੂਜੇ ਦੇਸ਼ ਆਪਣੇ ਨਾਗਰਿਕਾਂ ਨੂੰ ਹਵਾ, ਜ਼ਮੀਨ ਜਾਂ ਪਾਣੀ ਰਾਹੀਂ ਸੁਡਾਨ ਤੋਂ ਬਾਹਰ ਕੱਢਣ ਲਈ ਨਿਕਾਸੀ ਕਾਰਜ ਚਲਾ ਰਹੇ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਦੱਸਿਆ ਕਿ ਇਹ ਕਾਫਲਾ ਅਮਰੀਕੀ ਨਾਗਰਿਕਾਂ, ਅਮਰੀਕਾ ਦੁਆਰਾ ਨਿਯੁਕਤ ਸਥਾਨਕ ਲੋਕਾਂ ਅਤੇ ਸਹਿਯੋਗੀ ਦੇਸ਼ਾਂ ਦੇ ਨਾਗਰਿਕਾਂ ਨੂੰ ਬੰਦਰਗਾਹ 'ਤੇ ਲੈ ਕੇ ਆਇਆ ਹੈ। ਉਨ੍ਹਾਂ ਕਿਹਾ, "ਅਸੀਂ ਅਮਰੀਕੀ ਨਾਗਰਿਕਾਂ ਨੂੰ ਸੁਡਾਨ ਦੀ ਯਾਤਰਾ ਨਾ ਕਰਨ ਲਈ ਫਿਰ ਤੋਂ ਸੁਚੇਤ ਕਰਦੇ ਹਾਂ।" ਅਧਿਕਾਰੀਆਂ ਨੇ ਕਿਹਾ ਕਿ ਅਮਰੀਕੀ ਨਾਗਰਿਕ ਜੇਦਾਹ ਦੇ ਡੌਕ 'ਤੇ ਪਹੁੰਚਣਗੇ ਜਿੱਥੇ ਅਮਰੀਕੀ ਕੌਂਸਲਰ ਅਧਿਕਾਰੀ ਉਨ੍ਹਾਂ ਦਾ ਇੰਤਜ਼ਾਰ ਕਰਨਗੇ, ਪਰ 'ਪੋਰਟ ਸੁਡਾਨ' 'ਤੇ ਕੋਈ ਅਮਰੀਕੀ ਕਰਮਚਾਰੀ ਨਹੀਂ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

*ਅਮਰੀਕਾ ਦੇ ਇਤਿਹਾਸ ਦਾ ਵੱਡਾ ਮਿਸ਼ਨ*

# ਯੂਕਰੇਨ ਨੂੰ ਭੇਜੇ 2.90 ਲੱਖ ਕਰੋੜ ਰੁਪਏ ਦੇ ਹਥਿਆਰ

ਅਮਰੀਕਾ - ਰੱਖਿਆ ਵਿਭਾਗ ਪੈਂਟਾਗਨ ਅਨੁਸਾਰ ਅਮਰੀਕਾ ਦੇ ਇਤਿਹਾਸ ਵਿਚ ਕਿਸੇ ਹੋਰ ਦੇਸ਼ ਨੂੰ ਹਥਿਆਰਾਂ ਦੀ ਸਪਲਾਈ ਕਰਨ ਦਾ ਇਹ ਸਭ ਤੋਂ ਵੱਡਾ ਅਧਿਕਾਰਤ ਮਿਸ਼ਨ ਹੈ। ਇਸ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿੱਚ 1400 ਤੋਂ ਵੱਧ ਟਰੱਕਾਂ, 230 ਹਵਾਈ



ਜਹਾਜ਼ਾਂ ਅਤੇ 11 ਮਾਲ-ਵਾਹਕ ਜਹਾਜ਼ਾਂ ਰਾਹੀ ਯੂਕਰੇਨ ਨੂੰ ਹਥਿਆਰ ਭੇਜੇ ਜਾ ਚੁੱਕੇ ਹਨ। ਦੱਸ ਦੇਈਏ ਕਿ 24 ਫਰਵਰੀ 2022 ਨੂੰ ਰੂਸੀ ਵੱਲੋ ਕੀਤੇ ਗਏ ਹਮਲੇ ਤੋਂ ਬਾਅਦ ਅਮਰੀਕਾ ਨੇ ਯੂਕਰੇਨ ਨੂੰ 2.90 ਲੱਖ ਕਰੋੜ ਰੁਪਏ ਤੋਂ ਵੱਧ ਦੇ ਹਥਿਆਰਾਂ ਦੀ ਸਪਲਾਈ ਕੀਤੀ ਹੈ। ਇਹ 24 ਕਰੋੜ ਰੁਪਏ ਪ੍ਰਤੀ ਘੰਟਾ ਦੇ ਬਰਾਬਰ ਹੈ।

ਗ੍ਰੇਗ ਹਰਟਲ ਅਮਰੀਕਾ ਦੀਆਂ ਸੜਕਾਂ ਦੇ ਵਿਚਕਾਰੋਂ ਲੰਘਦੇ 18 ਵ ?ਹੀਲਰ ਟਰੱਕਾਂ 'ਤੇ ਆਪਣੇ ਕੰਪਿਊਟਰਾਂ ਰਾਹੀ ਨਜ਼ਰ ਰੱਖ ਰਿਹਾ ਹੈ। ਟਰੱਕ ਸੈਟੇਲਾਈਟ ਟਰੈਕਿੰਗ ਡਿਵਾਇਸ ਰਾਹੀ ਪੂਰਾ ਡਾਟਾ ਸਕਾਰਟ ਏਅਰ ਫੋਰਸ ਬੇਸ 'ਤੇ ਉਨ੍ਹਾਂ ਦੇ ਕਮਾਂਡ ਸੈਂਟਰ ਤੱਕ ਪਹੁੰਚਾ ਰਹੇ ਹਨ। ਹਰਟਲ ਯੂਕਰੇਨ ਭੇਜੇ ਜਾਣ ਵਾਲੇ 155 ਐੱਮ. ਐੱਮ ਤੋਪਖਾਨੇ ਦੇ ਗੋਲੇ ਲੈ ਕੇ ਜਾਣ ਵਾਲੇ ਕਾਫ਼ਲੇ ਦੀ ਹਰੇਕ ਗਤੀਵਿਧੀ ਨੂੰ ਵੇਖ ਰਿਹਾ ਹੈ।

ਦੱਸ ਦੇਈਏ ਕਿ ਅਮਰੀਕਾ ਸ਼ੀਤ ਯੁੱਧ ਦੇ ਸਮੇਂ ਦੇ ਹਥਿਆਰਾਂ ਦੀਆਂ ਫੈਕਟਰੀਆਂ ਵਿੱਚ ਉਤਪਾਦਨ ਮੁੜ ਸ਼ੁਰੂ ਕਰ ਰਿਹਾ ਹੈ। 1951 ਵਿੱਚ ਅਮਰੀਕਾ ਵਿੱਚ 86 ਮਿਲਟਰੀ ਅਸਲਾ ਪਲਾਂਟ ਚੱਲ ਰਹੇ ਸਨ ਅਤੇ ਹੁਣ ਸਿਰਫ਼ ਪੰਜ ਕੰਮ ਕਰ ਰਹੇ ਹਨ। ਪੈਨਸਿਲਵੇਨੀਆ ਵਿੱਚ ਸਕ੍ਰੈਂਟਨ ਆਰਮੀ ਐਮੂਨੀਸ਼ਨ ਪਲਾਂਟ ਵਿੱਚ ਤੋਪਖਾਨੇ ਦੇ ਗੋਲੇ ਵੱਡੇ ਪੱਧਰ 'ਤੇ ਤਿਆਰ ਕੀਤੇ ਜਾ ਰਹੇ ਹਨ। ਪੈਂਟਾਗਨ ਨੇ ਪਿਛਲੇ ਸਾਲ 155 ਐੱਮ. ਐੱਮ. ਹਾਵਿਟਜ਼ਰ ਤੋਪਾਂ ਦਾ ਉਤਪਾਦਨ 14 ਹਜ਼ਾਰ ਪ੍ਰਤੀ ਮਹੀਨਾ ਤੋਂ ਵਧਾ ਕੇ 24 ਹਜ਼ਾਰ ਕਰ ਦਿੱਤਾ ਹੈ। ਹੁਣ 2028 ਤੱਕ ਇਸ ਨੂੰ ਵਧਾ ਕੇ 85 ਹਜ਼ਾਰ ਕਰਨ ਦੀ ਯੋਜਨਾ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ 4,600 ਯੂਕਰੇਨੀ ਸੈਨਿਕਾਂ ਅਤੇ ਦੋ ਬ੍ਰਿਗੇਡਾਂ ਨੂੰ ਅਮਰੀਕਾ ਦੇ ਬ੍ਰੈਡਲੀ ਅਤੇ ਸਟਰਾਈਕਰ ਤੋਪਖਾਨੇ ਦੇ ਵਾਹਨਾਂ ਨੂੰ ਚਲਾਉਣ ਲਈ ਸਿਖਲਾਈ ਦਿੱਤੀ ਗਈ ਹੈ। ਹਜ਼ਾਰਾਂ ਸੈਨਿਕਾਂ ਦੀ ਯੂਕਰੇਨ ਦੀਆਂ ਨੌਂ ਬ੍ਰਿਗੇਡਾਂ ਆਧੁਨਿਕ ਪੱਛਮੀ ਹਥਿਆਰਾਂ ਨਾਲ ਲੈਸ ਹਨ, ਜਿਨ੍ਹਾਂ ਵਿੱਚ 200 ਟੈਂਕ, 152 ਤੋਪਖਾਨੇ ਅਤੇ 867 ਬਖਤਰਬੰਦ ਵਾਹਨ ਸ਼ਾਮਲ ਹਨ।

# ਅਮਰੀਕਾ 'ਚ ਤੂਫਾਨ ਨੇ ਮਚਾਈ ਤਬਾਹੀ, ਦਰਜਨਾਂ ਵਾਹਨ ਹਾਦਸਾਗ੍ਰਸਤ ਤੇ 6 ਲੋਕਾਂ ਦੀ ਮੌਤ





ਸ਼ਿਕਾਗੋ : ਅਮਰੀਕਾ ਦੇ ਇਲੀਨੋਇਸ ਰਾਜ ਵਿੱਚ ਇੱਕ ਪ੍ਰਮੁੱਖ ਹਾਈਵੇਅ 'ਤੇ ਧੂੜ ਭਰਿਆ ਤੂਫ਼ਾਨ ਆਉਣ ਕਾਰਨ ਦਰਜਨਾਂ ਵਾਹਨ ਆਪਸ ਵਿੱਚ ਟਕਰਾ ਗਏ। ਇਸ ਤੂਫਾਨ ਕਾਰਨ ਘੱਟ ਤੋਂ ਘੱਟ 6 ਲੋਕਾਂ ਦੀ ਮੌਤ ਹੋ ਗਈ ਅਤੇ 30 ਤੋਂ ਵੱਧ ਲੋਕ ਜ਼ਖਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ।ਸਮਾਚਾਰ ਏਜੰਸੀ ਸ਼ਿਨਹੂਆ ਨੇ ਪੁਲਸ ਦੇ ਹਵਾਲੇ ਨਾਲ ਦੱਸਿਆ ਕਿ ਰਾਜ ਦੀ ਰਾਜਧਾਨੀ ਸਪਰਿੰਗਫੀਲਡ ਦੇ ਦੱਖਣ ਵਿਚ ਮੋਂਟਗੋਮਰੀ ਕਾਉਂਟੀ ਵਿਚ ਆਈ-55 ਦੇ ਦੋਵਾਂ ਦਿਸ਼ਾਵਾਂ 'ਤੇ ਬੀਤੇ ਦਿਨ ਰਾਜ ਪੁਲਸ ਦੇ ਜਵਾਨਾਂ ਨੇ ਕਈ ਦੁਰਘਟਨਾਵਾਂ ਦਾ ਜਵਾਬ ਦਿੱਤਾ।



ਹਾਦਸਿਆਂ ਵਿਚ ਲਗਭਗ 20 ਵਪਾਰਕ ਮੋਟਰ ਵਾਹਨ ਅਤੇ 40 ਤੋਂ 60 ਯਾਤਰੀ ਕਾਰਾਂ ਸ਼ਾਮਲ ਸਨ, ਜਿਨ੍ਹਾਂ ਵਿੱਚ ਦੋ ਟਰੈਕਟਰ-ਟਰੇਲਰਾਂ ਨੂੰ ਅੱਗ ਲੱਗ ਗਈ ਸੀ। ਪੁਲਸ ਨੇ ਕਿਹਾ ਕਿ ਹਾਦਸੇ 'ਹਾਈਵੇਅ ਦੇ ਪਾਰ ਖੇਤਾਂ ਦੇ ਖੇਤਾਂ ਵਿੱਚੋਂ ਬਹੁਤ ਜ਼ਿਆਦਾ ਹਵਾ ਦੇ ਕਾਰਨ ਗੰਦਗੀ ਨੂੰ ਉਡਾਉਣ ਕਾਰਨ ਹੋਏ ਹਨ, ਜਿਸ ਨਾਲ ਵਿਜ਼ੀਬਿਲਟੀ ਜ਼ੀਰੋ ਹੋ ਜਾਂਦੀ ਹੈ'। 9-55 ਵਰਤਮਾਨ ਵਿੱਚ ਦੋਵਾਂ ਦਿਸ਼ਾਵਾਂ ਵਿੱਚ ਬੰਦ ਹੈ ਕਿਉਂਕਿ ਅਧਿਕਾਰੀ ਜਾਂਚ ਕਰ ਰਹੇ ਹਨ ਅਤੇ ਵਾਹਨਾਂ ਨੂੰ ਸਾਫ਼ ਕਰ ਰਹੇ ਹਨ।

ਲਿਨੋਇਸ ਸਟੇਟ ਪੁਲਸ ਮੇਜਰ ਰਿਆਨ ਸਟਾਰਿਕ ਨੇ ਦੱਸਿਆ ਕਿ ਜ਼ਖਮੀ ਵਿਅਕਤੀਆਂ ਦੀ ਉਮਰ ਦੋ ਤੋਂ 80 ਸਾਲ ਦੇ ਵਿਚਕਾਰ ਹੈ। 30 ਮਰੀਜ਼ਾਂ ਨੂੰ ਹਸਪਤਾਲ ਸਿਸਟਰਜ਼ ਹੈਲਥ ਸਿਸਟਮ ਹਸਪਤਾਲਾਂ ਵਿੱਚ ਲਿਜਾਇਆ ਗਿਆ। ਹੋਰ ਚਾਰ ਲੋਕਾਂ ਨੂੰ ਸਪਰਿੰਗਫੀਲਡ ਮੈਮੋਰੀਅਲ ਹਸਪਤਾਲ ਲਿਜਾਇਆ ਗਿਆ। ਮੋਂਟਗੋਮਰੀ ਕਾਉਂਟੀ ਦੀ ਐਮਰਜੈਂਸੀ ਮੈਨੇਜਮੈਂਟ ਏਜੰਸੀ ਦੇ ਡਾਇਰੈਕਟਰ ਕੇਵਿਨ ਸਕੌਟ ਨੇ ਕਿਹਾ ਕਿ ਮੋਟੀ ਧੂੜ ਕਾਰਨ ਬਚਾਅ ਕਾਰਜ ਕਰਨ ਵਾਲਿਆਂ ਨੂੰ ਮੌਕੇ 'ਤੇ ਮੁਸ਼ਕਲ ਪੇਸ਼ ਆਈ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188


## Address: 231 Portico Ln, Tracy, CA 95377

# ਸਾਬਕਾ ਰਾਸ਼ਟਰਪਤੀ ਟਰੰਪ ਨੇ ਮੇਰੇ ਨਾਲ ਜਬਰਜਿਨਾਹ ਕੀਤਾ, ਮੈਂ ਨਿਆਂ ਲੈਣ ਆਈ ਹਾਂ ਜੀਨ ਕੈਰੋਲ


ਈ ਜੀਨ ਕੈਰੋਲ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਕ ਅਮਰੀਕੀ ਸਿਵਲ ਕੋਰਟ ਵਿਚ ਪੱਤਰਕਾਰ ਤੇ ਲੇਖਿਕ ਈ ਜੀਨ ਕੈਰੋਲ ਨੇ ਆਪਣੀ ਪਟੀਸ਼ਨ 'ਤੇ ਜਿਰਹਾ ਦੇ ਪਹਿਲੇ ਦਿਨ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਲਾਏ ਜਬਰਜਿਨਾਹ ਦੇ ਦੋਸ਼ਾਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਮੈ ਇਥੇ ਨਿਆਂ ਲੈਣ ਲਈ ਆਈ ਹਾਂ । ਸਾਬਕਾ ਰਾਸ਼ਟਰਪਤੀ ਵਿਰੁੱਧ ਦਾਇਰ ਮਾਣਹਾਨੀ ਪਟੀਸ਼ਨ 'ਤੇ ਸ਼ੁਰੂ ਹੋਈ ਬਹਿਸ ਦੌਰਾਨ ਕੈਰੋਲ ਨੇ ਕਿਹਾ ਕਿ 1996 ਵਿਚ ਮੇਰੇ ਨਾਲ ਟਰੰਪ ਵੱਲੋਂ ਜਬਰਜਿਨਾਹ ਕੀਤਾ ਗਿਆ ਸੀ ਪਰ ਉਸ ਸਮੇ ਮੈ ਡਰ ਗਈ ਸੀ ਜਿਸ ਕਾਰਨ ਚੁੱਪ ਰਹੀ। ਸਾਬਕਾ ਰਾਸ਼ਟਰਪਤੀ ਜੋ ਸੁਣਵਾਈ ਵਿਚ ਸ਼ਾਮਿਲ ਨਹੀਂ ਹੋਏ, ਨੇ ਆਪਣੀ ਟਰੁੱਥ ਸੋਸ਼ਲ ਵੈਬਸਾਈਟ ਉਪਰ ਕਿਹਾ ਹੈ ਕਿ ਇਹ ਮਾਮਲਾ ਝੂਠਾ ਤੇ ਮਨਘੜਤ ਹੈ ਤੇ ਰਾਜਨੀਤੀ ਤੋਂ ਪ੍ਰੇਰਤ ਹੈ। ਇਸ ਵਿਚ ਕੋਈ ਸੱਚਾਈ ਨਹੀਂ ਹੈ। ਕੈਰੋਲ ਨੇ ਮੰਨਿਆ ਕਿ ਉਹ ਡਰੈਸਿੰਗ ਰੂਮ ਵਿਚ ਆਪਣੀ ਮਰਜੀ ਨਾਲ ਟਰੰਪ ਨਾਲ ਗਈ ਸੀ ਪਰੰਤੂ ਅਚਾਨਕ ਉਨਾਂ ਵਿਚਾਲੇ ਗੱਲ ਵਿਗੜ ਗਈ ਤੇ ਸਾਬਕਾ ਰਾਸ਼ਟਰਪਤੀ ਨੇ ਉਸ ਨਾਲ ਧੱਕਾ ਕੀਤਾ।

# ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸਾਬਕਾ ਮੋਟਲ ਮੈਨੇਜਰ ਦੀ ਰਹਿਮ ਦੀ ਅਪੀਲ ਰੱਦ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਆਪਣੇ ਮਾਲਕ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 60 ਸਾਲਾ ਸਾਬਕਾ ਮੋਟਲ ਮੈਨੇਜਰ ਰਿਚਰਡ ਗਲੋਸਿਪ ਵੱਲੋਂ ਦਾਇਰ ਰਹਿਮ ਦੀ ਅਪੀਲ ਓਕਲਾਹੋਮਾ ਦੇ 'ਪਾਰਡਨ ਐਂਡ ਪੈਰੋਲ ਬੋਰਡ' ਨੇ ਰੱਦ ਕਰ ਦਿੱਤੀ ਹੈ। ਬੋਰਡ ਦੇ 5 ਮੈਂਬਰਾਂ ਵਿਚੋਂ 2 ਨੇ ਰਹਿਮ ਦੀ ਅਪੀਲ ਦੇ ਹੱਕ ਵਿਚ ਤੇ 2 ਨੇ ਅਪੀਲ ਵਿਰੁੱਧ ਵੋਟ ਪਾਈ ਜਦ ਕਿ ਇਕ ਮੈਂਬਰ ਨੇ ਵੋਟ ਵਿਚ ਹਿੱਸਾ ਨਹੀਂ ਲਿਆ। ਓਕਲਾਹੋਮਾ ਅਟਾਰਨੀ ਜਨਰਲ ਗੈਂਟਨਰ ਡਰੂਮੋਂਡ ਜਿਨਾਂ ਵੱਲੋਂ ਰਹਿਮ ਦੀ ਅਪੀਲ ਦਾ ਸਮਰਥਨ ਕੀਤ ਗਿਆ, ਵੀ ਬੋਰਡ ਦੀ ਮੀਟਿੰਗ ਵਿਚ ਹਾਜਰ ਸੀ। 3 ਘੰਟੇ ਚਲੀ ਸੁਣਵਾਈ ਦੌਰਾਨ ਬੋਰਡ ਨੇ ਡਰੂਮੋਂਡ, ਆਜ਼ਾਦ ਜਾਂਚਕਾਰਾਂ, ਗਲੋਸਿਪ ਦੇ ਵਕੀਲਾਂ ਤੇ ਖੁਦ ਗਲੋਸਿਪ ਦੇ ਪੱਖ ਨੂੰ ਸੁਣਿਆ। ਸੁਣਵਾਈ ਦੌਰਾਨ ਗਲੋਸਿਪ ਨੇ ਕਿਹਾ ਕਿ ਮੈ ਕਾਤਲ ਨਹੀਂ ਹਾਂ, ਮੈ ਮੌਤ ਦੀ ਸਜ਼ਾ ਦਾ ਹੱਕਦਾਰ ਨਹੀਂ ਹਾਂ। ਬਾਅਦ ਵਿਚ ਗਲੋਪਿਸ ਦੇ ਵਕੀਲਾਂ ਨੇ ਮੌਤ ਦੀ ਸਜ਼ਾ 'ਤੇ ਰੋਕ ਲਾਉਣ ਲਈ ਸੁਪਰੀਮ ਕੋਰਟ ਵਿਚ ਦਰਾਖਾਸਤ ਦਾਇਰ ਕੀਤੀ। ਗਲੋਪਿਸ ਨੂੰ 18 ਮਈ ਨੂੰ ਜ਼ਹਿਰ ਦਾ ਟੀਕਾ ਲਾਇਆ ਜਾਣਾ ਹੈ। ਇਸ ਤੋਂ ਪਹਿਲਾਂ 8 ਵਾਰ ਕਾਨੂੰਨੀ ਚਾਰਾਜੋਈ ਤੇ ਹੋਰ ਕਾਰਨਾਂ ਕਾਰਨ ਮੌਤ ਦੀ ਸਜ਼ਾ ਉਪਰ ਅਮਲ ਨਹੀਂ ਹੋ ਸਕਿਆ।

# ਅਮਰੀਕਾ ਵਿਚ ਮਾਲ ਗੱਡੀ ਪੱਟੜੀ ਤੋਂ ਲੱਥੀ, ਦੋ ਡੱਬੇ ਦਰਿਆ ਵਿਚ ਡੁੱਬੇ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਰਾਜ ਵਿਸਕਾਨਸਿਨ ਦੇ ਦੱਖਣ ਪੱਛਮ ਵਿਚ ਇਕ ਮਾਲ ਗੱਡੀ ਪੱਟੜੀ ਤੋਂ ਉਤਰ ਗਈ ਤੇ ਉਸ ਦੇ ਦੋ ਡੱਬੇ ਮਿਸੀਸਿਪੀ ਦਰਿਆ ਵਿਚ ਜਾ ਡਿੱਗੇ। ਗੱਡੀ ਦੇ ਆਪਰੇਟਰ ਅਨੁਸਾਰ ਅਮਲੇ ਦੇ ਇਕ ਮੈਂਬਰ ਨੂੰ ਸੱਟਾਂ ਲੱਗੀਆਂ ਹਨ ਜਿਸ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ ਹੈ। ਬੀ ਐਨ ਐਸ ਐਫ ਰੇਲਵੇ ਅਨੁਸਾਰ ਗੱਡੀ ਡੀ ਸੋਟੋ ਪਿੰਡ ਨੇੜੇ ਸਥਾਨਕ ਸਮੇ ਅਨੁਸਾਰ ਦੁਪਹਿਰ 12.15 ਵਜੇ ਦੇ ਆਸ ਪਾਸ ਪੱਟੜੀ ਤੋਂ ਉਤਰੀ। ਕੋਈ ਦਰਜਨ ਦੇ ਕਰੀਬ ਕੰਟੇਨਰ ਪੱਟੜੀ ਤੋਂ ਉਤਰੇ ਹਨ। ਰੇਲਵੇ ਨੇ ਕਿਹਾ ਹੈ ਕਿ ਹਾਦਸੇ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਕਰਾਅਫੋਰਡ ਕਾਊਂਟੀ ਐਮਰਜੈਂਸੀ ਮੈਨੇਜਮੈਂਟ ਮਾਹਿਰ ਮਾਰਕ ਮਾਈਹਰ ਅਨੁਸਾਰ ਗੱਡੀ ਖਤਰਨਾਕ ਸਮੱਗਰੀ ਲਿਜਾ ਰਹੀ ਸੀ ਪਰੰਤੂ ਜੋ ਕੰਟੇਨਰ ਦਰਿਆ ਵਿਚ ਡਿੱਗੇ ਹਨ, ਉਨ੍ਹਾਂ ਵਿਚ ਖਤਰਨਾਕ ਸਮੱਗਰੀ ਨਹੀਂ ਹੈ।

# ਅਮਰੀਕਾ 'ਚ ਚਰਚ ਨੂੰ ਸਾੜਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਇਕ ਗ੍ਰਿਫਤਾਰ

## ਨਾਜ਼ੀ ਪੱਖੀ ਗਰੁੱਪ ਮੈਂਬਰ ਦਾ ਕਾਰਾ



ਨਜਰ ਆ ਰਿਹਾ ਚਰਚ ਦਾ ਸੜਿਆ ਹੋਇਅ ਦਰਵਾਜ਼ਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਓਹਾਇਓ ਰਾਜ ਵਿਚ ਇਕ ਚਰਚ ਨੂੰ ਸਾੜਣ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿਚ ਪੁਲਿਸ ਵੱਲੋਂ ਇਕ ਨਵ ਨਾਜ਼ੀ ਗਰੁੱਪ ਦੇ ਮੈਂਬਰ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। 20 ਸਾਲਾ ਏਮਨ ਡੀ ਪੈਨੀ ਜੋ ਅਲਾਇੰਸ, ਓਹਾਇਓ ਦਾ ਵਸਨੀਕ ਹੈ, ਵਿਰੁੱਧ ਕਲੈਵਲੈਂਡ ਦੀ ਯੂ ਐਸ ਡਿਸਟ੍ਰਿਕਟ ਕੋਰਟ ਵਿਚ ਬਦਨੀਤੀ ਤਹਿਤ ਧਮਾਕਾਖੇਜ਼ ਸਮਗਰੀ ਵਰਤਣ ਤੇ ਖਤਰਨਾਕ ਉਪਕਰਣ ਰਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਪੈਨੀ ਨੇ ਚੈਸਟਰਲੈਂਡ ਵਿਚ 'ਚਰਚ ਆਫ ਚੈਸਟਰਲੈਂਡ' ਨੂੰ ਸਾੜਣ ਲਈ 'ਮੋਲੋਟੋਵ ਕਾਕਟੇਲ' ਦੀ ਵਰਤੋਂ ਕੀਤੀ। ਨਿਆਂ ਵਿਭਾਗ ਦੁਆਰਾ ਜਾਰੀ ਪ੍ਰੈਸ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਅਦਾਲਤ ਵਿਚ ਦਾਇਰ ਹਲਫੀਆ ਬਿਆਨ ਵਿਚ ਐਫ ਬੀ ਆਈ ਨੇ ਦਾਅਵਾ ਕੀਤਾ ਹੈ ਕਿ ਪੈਨੀ ਇਕ ਨਾਜ਼ੀ ਪੱਖੀ ਗਰੁੱਪ 'ਵਾਈਟ ਲਿਵਜ਼ ਮੈਟਰ' ਦਾ ਮੈਂਬਰ ਹੈ। ਐਫ ਬੀ ਆਈ ਅਨੁਸਾਰ ਇਹ ਗਰੁੱਪ ਨਸਲਵਾਦੀ ਤੇ ਨਾਜ਼ੀ ਸਮਰਥਕ ਹੈ। ਇਹ ਗਰੁੱਪ ਗੋਰਿਆਂ ਤੋਂ ਬਿਨਾਂ ਬਾਕੀ ਭਾਈਚਾਰਿਆਂ ਵਿਰੁੱਧ ਨਫ਼ਰਤ ਵਾਲੀ ਪਹੁੰਚ ਰਖਦਾ ਹੈ। ਅਪਰਾਧਿਕ ਸ਼ਿਕਾਇਤ ਅਨੁਸਾਰ ਪੈਨੀ ਨੇ ਮੰਨਿਆ ਹੈ ਕਿ ਉਸ ਨੇ 'ਮੋਲੋਟੋਵ ਕਾਕਟੇਲ' ਦੀ ਵਰਤੋਂ ਕਰਕੇ ਚਰਚ ਨੂੰ ਸਾੜਣ ਦੀ ਕੋਸ਼ਿਸ਼ ਕੀਤੀ ਹੈ। ਯੈ ਐਸ ਅਟਾਰਨੀ ਦੇ ਦਫਤਰ ਦੇ ਚੀਫ ਡਿਪਟੀ ਕਲਰਕ ਮਿਸ਼ੈਲ ਸਜ਼ਟੁਲ ਅਨੁਸਾਰ ਉਸ ਵਿਰੁੱਧ ਸੁਣਵਾਈ ਵੀਰਵਾਰ ਨੂੰ ਹੋਵੇਗੀ। ਪੈਨੀ ਇਸ ਸਮੇ ਰਿਮਾਂਡ ਤਹਿਤ ਪੁਲਿਸ ਹਿਰਾਸਤ ਵਿਚ ਹੈ। ਅਸਿਸਟੈਂਟ ਅਟਾਰਨੀ ਜਨਰਲ ਮੈਥੀਊ ਡੀ ਓਲਸਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਨਿਆਂ ਵਿਭਾਗ ਦਾ ਇਹ ਫਰਜ਼ ਹੈ ਕਿ ਉਹ ਸਾਰੇ ਅਮਰੀਕੀਆਂ ਦੇ ਹੱਕਾਂ ਦੀ ਰਾਖੀ ਕਰੇ। ਮੈ ਇਸ ਮਾਮਲੇ ਵਿਚ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੀ ਕਾਰਵਾਈ ਦੀ ਸ਼ਲਾਘਾ ਕਰਦਾ ਹਾਂ।

# ਜੀ. ਐਚ. ਜੀ. ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 'ਤੇ ਲੱਗੀਆਂ ਰੌਣਕਾਂ





ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਜੀ.ਐਚ.ਜੀ. ਅਕੈਡਮੀ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰਾਂ ਇਸ ਸਾਲ ਵੀ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਫਰਿਜ਼ਨੋ ਵਿੱਚ ਸਲਾਨਾ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਦਾ ਆਗਾਜ਼ ਕੀਤਾ ਗਿਆ। ਜਿਸ ਸੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਇਸ ਪ੍ਰੋਗਰਾਮ ਦੀ ਸੁਰੂਆਤ ਸਮੂੰਹ ਭਾਈਚਾਰੇ ਦੀ ਚੜਦੀਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਇਸੇ ਦੌਰਾਨ ਗਤਕੇ ਦੇ ਜੌਹਰ ਦੇਖ ਅਨੰਦਪੁਰ ਸਾਹਿਬ ਦੇ ਹੋਲਾ-ਮੁਹਾਲੇ ਦਾ ਮਹੌਲ ਨਜ਼ਾਰਾ ਯਾਦ ਆ ਰਿਹਾ ਸੀ। ਬੱਚਿਆ ਵੱਲੋਂ ਪੰਜਾਬੀ ਵਿਸਰ ਰਹੀਆਂ ਵਿਰਾਸਤੀ ਖੇਡਾਂ ਜਿੰਨ੍ਹਾਂ ਵਿੱਚ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ , ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਜਦ ਕਿ ਬਾਬਿਆਂ ਦੇ ਗਰੁੱਪਾ ਨੇ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ। ਇਸੇ ਦੌਰਾਨ ਔਰਤਾਂ ਨੇ ਵੀ ਚਾਟੀ ਰੇਸ, ਗੀਤ ਅਤੇ ਬੋਲੀਆਂ ਮੁਕਾਬਲੇ ਆਦਿਕ ਕਰਕੇ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਇਸ ਮਹੌਲ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਸਨ। ਇਸ ਤੋਂ ਇਲਾਵਾ ਛੋਟੇ ਬੱਚਿਆ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸਾਹਤ ਕੀਤਾ ਗਿਆ। ਇਸ ਤੋਂ ਇਲਾਵਾ ਬੱਚਿਆ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਗੀਤ-ਸੰਗੀਤ ਮੰਨੋਰੰਜਨ ਦਾ ਸਾਧਨ ਬਣੇ। ਚੰਗੀ ਸਿਹਤ ਲਈ ਮੁਫ਼ਤ ਡਾਕਟਰੀ ਕੈਂਪ ਲਾਇਆ ਗਿਆ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਬੂਥ ਲੋਕਾਂ ਨੂੰ ਵੱਖ-ਵੱਖ ਖੇਤਰਾਂ ਦੀ ਜਾਣਕਾਰੀ ਦੇ ਰਹੇ ਸਨ। ਚਾਹ-ਪਾਣੀ, ਪਕੌੜੇ, ਤਾਜਾ ਜਲੇਬੀਆਂ, ਛੋਲੇ-ਭਟੂਰੇ ਅਤੇ ਫਰੂਟਾਂ ਆਦਿਕ ਦੇ ਲੰਗਰਾਂ ਦਾ ਖੁੱਲਾ ਪ੍ਰਬੰਧ ਸੀ। ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਵਿਰਾਸਤੀ ਖੇਡਾਂ ਤੋਂ ਇਲਾਵਾ ਬੱਚਿਆ ਦੇ ਕਰਵਾਏ ਗਏ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪਰਮਜੀਤ ਧਾਲੀਵਾਲ, ਊਦੈਦੀਪ ਸਿੰਘ ਸਿੱਧੂ, ਗੁਰਦੀਪ ਸ਼ੇਰਗਿੱਲ, ਬਸੰਤ ਧਾਲੀਵਾਲ, ਜਗਰੂਪ ਸਿੰਘ ਆਦਿਕ ਅਤੇ ਜੀ. ਐਚ. ਜੀ. ਅਕੈਡਮੀ ਦੀ ਸਮੁੱਚੀ ਟੀਮ ਅਤੇ ਸਮੂੰਹ ਪੰਜਾਬੀ ਭਾਈਚਾਰੇ ਦਾ ਭਰਪੂਰ ਸਹਿਯੋਗ ਰਿਹਾ। ਅੰਤ ਪੰਜਾਬੀ ਵਿਰਸੇ ਨੂੰ ਸਿੱਜਦਾ ਕਰਦਾ ਇਹ ਵਿਰਾਸਤੀ ਮੇਲਾ ਯਾਦਗਾਰੀ ਹੋ ਨਿਬੜਿਆ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਵਿਅਕਤੀ ਨੇ ਬੱਚੇ ਤੇ 2 ਔਰਤਾਂ ਸਮੇਤ 5 ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ

## ਘਰ ਦੇ ਵੇਹੜੇ ਵਿਚ ਗੋਲੀਆਂ ਚਲਾਉਣ ਤੋਂ ਰੋਕਣ 'ਤੇ ਵਾਪਰੀ ਘਟਨਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਟੈਕਸਾਸ ਰਾਜ ਵਿਚ ਕਲੈਵਲੈਂਡ ਵਿਖੇ ਇਕ ਵਿਅਕਤੀ ਵੱਲੋਂ ਮਾਮੂਲੀ ਗੱਲ ਨੂੰ ਲੈ ਕੇ ਗੋਲੀਆਂ ਮਾਰ ਕੇ ਇਕ 8 ਸਾਲ ਦੇ ਬੱਚੇ ਤੇ 2 ਔਰਤਾਂ ਸਮੇਤ 5 ਵਿਅਕਤੀਆਂ ਦੀ ਹੱਤਿਆ ਕਰ ਦੇਣ ਦੀ ਰਿਪੋਰਟ ਹੈ। ਸੈਨ ਜਸਿੰਟੋ ਕਾਊਂਟੀ ਸ਼ੈਰਿਫ ਗਰੇਗ ਕੈਪਰਜ ਅਨੁਸਾਰ ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਇਕ ਵਿਅਕਤੀ ਜੋ ਆਪਣੇ ਵੇਹੜੇ ਵਿਚ ਰਾਈਫ਼ਲ ਨਾਲ ਗੋਲੀਆਂ ਚਲਾ ਰਿਹਾ ਸੀ, ਨੂੰ ਗਵਾਂਢੀਆਂ ਨੇ ਕਿਹਾ ਕਿ ਉਹ ਅਜਿਹਾ ਨਾ ਕਰੇ ਕਿਉਂਕਿ ਇਕ ਬੱਚਾ ਸੌਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ 'ਤੇ ਉਹ ਸ਼ੱਕੀ ਵਿਅਕਤੀ ਭੜਕ ਉਠਿਆ ਤੇ ਉਸ ਨੇ ਗਵਾਂਢੀਆਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਘਟਨਾ ਸਥਾਨਕ ਸਮੇ ਅਨੁਸਾਰ ਬੀਤੀ ਰਾਤ 11.30 ਵਜੇ ਦੇ ਆਸ ਪਾਸ ਵਾਪਰੀ। ਮ੍ਰਿਤਕ ਇਕ ਹੀ ਪਰਵਾਰ ਦੇ ਮੈਂਬਰ ਦਸੇ ਜਾ ਰਹੇ ਹਨ। ਸ਼ੈਰਿਫ ਨੇ ਕਿਹਾ ਕਿ ਪੀੜਤ ਪਰਿਵਾਰ ਨੇ ਗਵਾਂਢੀ ਦੇ ਘਰ ਦੀ ਵਾੜ ਨੇੜੇ ਆ ਕੇ ਉਸ ਨੂੰ ਗੋਲੀਆਂ ਨਾ ਚਲਾਉਣ ਦੀ ਬੇਨਤੀ ਕੀਤੀ। ਇਸ 'ਤੇ ਸ਼ੱਕੀ ਵਿਅਕਤੀ ਜਿਸ ਨੇ ਸ਼ਰਾਬ ਪੀਤੀ ਹੋਈ ਸੀ, ਨੇ ਕਿਹਾ ਕਿ ਉਹ ਆਪਣੇ ਵੇਹੜੇ ਵਿਚ ਜੋ ਮਰਜੀ ਕਰੇ। ਕੈਪਰਜ ਅਨੁਸਾਰ ਦੋ ਔਰਤਾਂ ਆਪਣੇ ਬੈੱਡਰੂਮ ਵਿਚ ਆਪਣੇ ਛੋਟੇ ਬੱਚਿਆਂ ਨੂੰ ਬਚਾਉਂਦੀਆਂ ਹੋਈਆਂ ਮਾਰੀਆਂ ਗਈਆਂ। ਸ਼ਕੀ ਨੇ ਬਹੁਤ ਨੇੜੇ ਆ ਕੇ ਗਰਦਨ ਤੋਂ ਉਪਰ ਗੋਲੀਆਂ ਮਾਰੀਆਂ। ਸ਼ੱਕੀ ਜੋ ਫਰਾਰ ਹੈ, ਦੀ ਪੁਲਿਸ ਤੇਜੀ ਨਾਲ ਭਾਲ ਕਰ ਰਹੀ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆ.ਫਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆ.ਫਿਸ ਮੈਨੇਜਰ
Anthony Nwosu
Attorney at Law

# ਮਹਿੰਗਾਈ ਦੀ ਲਗਾਮ ਕਸਣ ਦੀ ਲੋੜ

ਗ਼ਰੀਬ ਅਤੇ ਮੱਧਵਰਗੀ ਪਰਿਵਾਰ ਇਸ ਵਧ ਰਹੀ ਮਹਿੰਗਾਈ ਵਿੱਚ ਪਿਸ ਰਹੇ ਹਨ। ਮਹਿੰਗਾਈ ਦੀ ਮਾਰ ਕਈ ਲੋਕਾਂ ’ਤੇ ਇਸ ਲਈ ਵੀ ਜ਼ਿਆਦਾ ਪੈ ਰਹੀ ਹੈ ਕਿਉਂਕਿ ਉਨ੍ਹਾਂ ਦੀ ਕਮਾਈ ਨਹੀਂ ਵਧ ਰਹੀ, ਉੱਪਰੋਂ ਹਰ ਦਿਨ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ’ਚ ਵਾਧਾ ਹੋ ਰਿਹਾ ਹੈ। ਰਸੋਈ ਗੈਸ ਅਤੇ ਕਈ ਵਾਹਨਾਂ ਵਿੱਚ ਇਸਤੇਮਾਲ ਹੋਣ ਵਾਲੀ ਗੈਸ ਭਾਵ ਸੀਐਨਜੀ ਦੀਆਂ ਕੀਮਤਾਂ ਵੀ ਥੋੜ੍ਹੇ ਥੋੜ੍ਹੇ ਅੰਤਰਾਲ ’ਤੇ ਵਧਦੀਆਂ ਜਾ ਰਹੀਆਂ ਹਨ। ਕਿਹਾ ਜਾ ਰਿਹਾ ਹੈ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਧਣ ਅਤੇ ਰੂਸ ਯੂਕਰੇਨ ਜੰਗ ਦੇ ਕਾਰਨ ਤੇਲ ਸਪਲਾਈ ਵਿੱਚ ਰੁਕਾਵਟ ਆਉਣ ਦੀ ਵਜ ?ਹਾ ਨਾਲ ਇਹ ਹਾਲਾਤ ਪੈਦਾ ਹੋਏ ਹਨ। ਤੇਲ ਦੀਆਂ ਕੀਮਤਾਂ ਵਧਣ ਨਾਲ ਸਿਰਫ਼ ਉਨ੍ਹਾਂ ਲੋਕਾਂ ਦੀ ਜੇਬ ’ਤੇ ਅਸਰ ਨਹੀਂ ਪੈਂਦਾ ਜੋ ਵੱਡੀਆਂ-ਵੱਡੀਆਂ ਗੱਡੀਆਂ ਵਿੱਚ ਚੱਲਦੇ ਹਨ, ਬਲਕਿ ਦੋ-ਪਹੀਆ, ਤਿੰਨ ਪਹੀਆ ਅਤੇ ਜਨਤਕ ਵਾਹਨਾਂ ਨਾਲ ਚੱਲਣ ਵਾਲਿਆਂ ’ਤੇ ਵੀ ਇਸ ਦਾ ਅਸਰ ਪੈਂਦਾ ਹੈ। ਮਾਲ ਦੀ ਢੋਆ-ਢੁਆਈ ਦਾ ਖਰਚ ਵਧਦਾ ਹੈ ਤਾਂ ਉਸ ਦੀ ਮਾਰ ਹਰ ਵਰਗ ’ਤੇ ਪੈਂਦੀ ਹੈ। ਖਪਤਕਾਰ ਵਸਤਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ।

ਮਨੁੱਖ ਦੀ ਮੁੱਖ ਲੋੜ ਰੋਟੀ, ਕੱਪੜਾ ਤੇ ਮਕਾਨ ਹੁੰਦੀ ਹੈ। ਅਰਥ ਸ਼ਾਸਤਰੀਆਂ ਦੇ ਅਨੁਸਾਰ ਦੇਸ਼ ਦੀ ਖ਼ੁਸ਼ਹਾਲੀ ਲਈ ਹਰ ਇੱਕ ਮਨੁੱਖ ਨੂੰ ਭੋਜਨ ਮਿਲਣਾ ਜ਼ਰੂਰੀ ਹੈ। ਭਾਰਤ ਦੇਸ਼ ਵਿੱਚ ਕੱਪੜਾ ਮਕਾਨ ਤਾਂ ਛੱਡੋ ਇੱਥੇ ਕਈ ਨਾਗਰਿਕ ਰਾਤ ਨੂੰ ਭੁੱਖੇ ਸੌਂਦੇ ਹਨ। ਮਹਿੰਗਾਈ ਦੀ ਸਮੱਸਿਆ ਨੇ ਸੰਸਾਰ ਭਰ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਚੀਜ਼ਾਂ ਦੀਆਂ ਕੀਮਤਾਂ ਵਿੱਚ ਇੰਨੇ ਵਾਧੇ ਹੋ ਰਹੇ ਹਨ ਕਿ ਗ਼ਰੀਬ ਆਦਮੀ ਲਈ ਰੋਟੀ ਖਾਣੀ ਵੀ ਮੁਸ਼ਕਿਲ ਹੋ ਗਈ ਹੈ, ਕੀਮਤਾਂ ਦੇ ਵਾਧੇ ਨੇ ਬੜਾ ਖ਼ੌਫ਼ਨਾਕ ਰੂਪ ਧਾਰਨ ਕਰ ਲਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਵਿੱਚ ਮਹਿੰਗਾਈ ਦੀ ਸਮੱਸਿਆ ਖਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਹੈ। ਪਹਿਲੀ ਪੰਜ ਸਾਲਾ ਯੋਜਨਾ ਵਿੱਚ ਇਸ ਵਿਰੁੱਧ ਕਈ ਕਦਮ ਚੁੱਕੇ ਗਏ, ਦੂਜੀ ਪੰਜ ਸਾਲਾ ਯੋਜਨਾ ਤੋਂ ਬਾਅਦ ਪਹਿਲਾਂ ਨਾਲੋਂ ਮਹਿੰਗਾਈ ਵਿੱਚ ਕਾਫ਼ੀ ਵਾਧਾ ਹੋਇਆ। ਤੀਜੀ ਪੰਜ ਸਾਲਾ ਯੋਜਨਾ ਵਿੱਚ ਵੀ ਇਸੇ ਤਰ੍ਹਾਂ ਹੀ ਰਿਹਾ। ਚੀਨ ਤੇ ਪਾਕਿਸਤਾਨ ਦੇ ਹਮਲਿਆਂ ਨੇ ਵੀ ਮਹਿੰਗਾਈ ਵਿੱਚ ਵਾਧਾ ਕੀਤਾ, ਹਰ ਯੋਜਨਾ ਤੋਂ ਬਾਅਦ ਕੀਮਤਾਂ ਵਿੱਚ ਵਾਧਾ ਹੁੰਦਾ ਰਿਹਾ, ਕੁਦਰਤੀ ਆਫ਼ਤਾਂ, ਜੰਗਾਂ ਤੇ ਭ੍ਰਿਸ਼ਟਾਚਾਰ ਨੇ ਇਸ ਨੂੰ ਭਿਆਨਕ ਰੂਪ ਦੇ ਦਿੱਤਾ। ਇਹੀ ਨਹੀਂ ਕਿ ਮਹਿੰਗਾਈ ਸਿਰਫ਼ ਭਾਰਤ ਵਿੱਚ ਹੀ ਵਧੀ ਹੈ, ਮਹਿੰਗਾਈ ਹਰ ਥਾਂ ਭਾਵ ਲਗਭਗ ਹਰ ਦੇਸ਼ ਵਿੱਚ ਵਧੀ ਹੈ। ਬਰਤਾਨੀਆ ਵਿੱਚ ਇਹ ਮੁੜ ਦੋਹਰੇ ਅੰਕਾਂ ਵਿੱਚ ਪੁੱਜ ਗਈ ਹੈ ਜੋ ਪਿਛਲੇ 40 ਸਾਲਾਂ ਦੌਰਾਨ ਸਭ ਤੋਂ ਵੱਧ ਹੈ। ਜਪਾਨ ਵਿੱਚ ਵੀ ਮਹਿੰਗਾਈ ਦਰ 8 ਸਾਲਾਂ ਦੇ ਸਿਖਰਲੇ ਪੱਧਰ ’ਤੇ ਹੈ। ਯੂਰਪ ਵਿੱਚ ਬਰੈੱਡ, ਰੋਟੀ ਦੀਆਂ ਕੀਮਤਾਂ ਕਰੀਬ 20 ਫ਼ੀਸਦ ਵਧ ਗਈਆਂ ਹਨ। ਦੁਨੀਆ ਭਰ ਵਿੱਚ ਮਹਿੰਗਾਈ ਨੂੰ ਕਾਬੂ ਕਰਨਾ ਇਸ ਵਕਤ ਸਰਕਾਰਾਂ ਅਤੇ ਕੇਂਦਰੀ ਬੈਂਕਾਂ ਦੀ ਤਰਜੀਹ ਬਣੀ ਹੋਈ ਹੈ। ਕੌਮਾਂਤਰੀ ਮੁਦਰਾ ਕੋਸ਼ ਆਈ (ਆਈਐੱਮਐੱਫ) ਹਾਲੀਆ ਸੰਸਾਰ ਆਰਥਿਕ ਦ੍ਰਿਸ਼ਟੀਕੋਣ ਵਿੱਚ ਕਿਹਾ ਗਿਆ ਹੈ ਕਿ “ਵਧਦੀਆਂ ਕੀਮਤਾਂ ਦਾ ਦਬਾਅ ਅਸਲ ਆਮਦਨ ਘਟਾਉਣ ਅਤੇ ਸਮੁੱਚੀ ਆਰਥਿਕ ਸਥਿਰਤਾ ਕਮਜ਼ੋਰ ਕਰਨ ਕਾਰਨ ਮੌਜੂਦਾ ਅਤੇ ਭਵਿੱਖੀ ਖ਼ੁਸ਼ਹਾਲੀ ਲਈ ਫੌਰੀ ਖ਼ਤਰਾ ਬਣਿਆ ਹੋਇਆ ਹੈ।” ਅਰਥ ਸ਼ਾਸਤਰੀ ਅਤੇ ਟਿੱਪਣੀਕਾਰ ਮੰਨਦੇ ਹਨ ਕਿ ਸਿਖਰਾਂ ਛੂੰਹਦੀ ਮਹਿੰਗਾਈ ਦੇ ਇਹ ਤਿੰਨ ਮੁੱਖ ਕਾਰਨ ਵੀ ਹਨ, ਪਹਿਲਾ ਹੈ ਕੋਵਿਡ ਦੌਰਾਨ ਸਰਕਾਰਾਂ ਵੱਲੋਂ ਲੋਕ ਭਲਾਈ ਉੱਤੇ ਕੀਤੇ ਵੱਡੇ-ਵੱਡੇ ਖ਼ਰਚੇ ਅਤੇ ਨਿਵੇਸ਼ ਨੂੰ ਹੱਲਾਸ਼ੇਰੀ ਦੇਣ ਲਈ ਕੇਂਦਰੀ ਬੈਂਕਾਂ ਦੀਆਂ ਨਰਮ ਮਾਇਕ ਨੀਤੀਆਂ, ਦੂਜਾ ਹੈ ਯੂਕਰੇਨ ਉੱਤੇ ਰੂਸ ਦਾ ਹਮਲਾ ਜਿਸ ਨੇ ਗੈਸ, ਕਣਕ ਅਤੇ ਖ਼ੁਰਾਕੀ ਤੇਲਾਂ ਦੀ ਸਪਲਾਈ ਵਿੱਚ ਅੜਿੱਕਾ ਪੈਦਾ ਕੀਤਾ ਹੈ। ਤੀਜਾ ਹੈ ਚੀਨ ਦੀ ‘ਜ਼ੀਰੋ ਕੋਵਿਡ’ ਨੀਤੀ, ਜਿਸ ਨੇ ਉੱਥੇ ਵੱਡੇ ਪੱਧਰ ’ਤੇ ਤਿਆਰ ਹੋਣ ਵਾਲੇ ਵੱਖੋ-ਵੱਖ ਤਰ੍ਹਾਂ ਦੇ ਸਾਮਾਨ ਦੀ ਸਪਲਾਈ ਵਿੱਚ ਵਿਘਨ ਪਾ ਦਿੱਤਾ। ਗੌਰਤਲਬ ਹੈ ਕਿ ਚੀਨ ਵਿੱਚ ਵੱਡੇ ਪੱਧਰ ’ਤੇ ਮਾਲ ਤਿਆਰ ਹੋ ਕੇ ਦੁਨੀਆ ਭਰ ਵਿੱਚ ਬਰਾਮਦ ਕੀਤੇ ਜਾਣ ਕਾਰਨ ਇਸ ਦੇਸ਼ ਨੂੰ ‘ਆਲਮੀ ਫੈਕਟਰੀ’ ਆਖਿਆ ਜਾਂਦਾ ਹੈ।

ਇਹ ਵੀ ਆਖਿਆ ਜਾਂਦਾ ਹੈ ਕਿ ਸਰਕਾਰਾਂ ਦੀਆਂ ਬਹੁਤੀਆਂ ਰਾਹਤ ਸਕੀਮਾਂ ਵੱਡੇ ਅਤੇ ਮੱਧਮ ਦਰਜੇ ਦੇ ਸਨਅਤਕਾਰਾਂ ਨੂੰ ਰਾਹਤ ਪਹੁੰਚਾਉਣ ਤੱਕ ਸੀਮਤ ਰਹੀਆਂ ਹਨ। ਆਰਥਿਕ ਮਾਹਿਰਾਂ ਅਨੁਸਾਰ ਇਨ੍ਹਾਂ ਸਕੀਮਾਂ ਨਾਲ ਸਨਅਤਕਾਰਾਂ ਨੂੰ ਫ਼ਾਇਦਾ ਹੋਇਆ ਹੈ, ਪਰ ਨਾਲ ਹੀ ਬਹੁਤ ਸਾਰਾ ਪੈਸਾ ਵਿੱਤੀ ਮੰਡੀਆਂ ਵਿੱਚ ਚਲਾ ਗਿਆ, ਜਿਸ ਕਾਰਨ ਸ਼ੇਅਰ ਬਾਜ਼ਾਰ ਤਾਂ ਵਧ ਰਿਹਾ ਹੈ, ਪਰ ਮਜ਼ਦੂਰਾਂ ਅਤੇ ਘੱਟ ਸਾਧਨਾਂ ਵਾਲੇ ਹੋਰ ਲੋਕਾਂ ਦੀ ਆਮਦਨ ਘਟ ਰਹੀ ਹੈ। ਜਿਸ ਕਾਰਨ ਮੰਡੀ ਵਿੱਚ ਮੰਗ ਨਹੀਂ ਵਧ ਰਹੀ। ਕਈ ਵਾਰ ਦਲੀਲ ਦਿੱਤੀ ਜਾਂਦੀ ਹੈ ਕਿ ਸੂਬਾ ਸਰਕਾਰਾਂ ਨੂੰ ਲੋਕਾਂ ਦੀ ਹੋਰ ਸਹਾਇਤਾ ਕਰਨੀ ਚਾਹੀਦੀ ਹੈ, ਪਰ ਬਹੁਤੀਆਂ ਸੂਬਾ ਸਰਕਾਰਾਂ ਕੋਲ ਵਿੱਤੀ ਸਾਧਨ ਬਹੁਤ ਘੱਟ ਹਨ ਅਤੇ ਸਿਹਤ ਤੇ ਸਿੱਖਿਆ ਖੇਤਰਾਂ ਦਾ ਜ਼ਿਆਦਾ ਖ਼ਰਚ ਸੂਬਾ ਸਰਕਾਰਾਂ ਕਰਦੀਆਂ ਹਨ। ਕੇਂਦਰ ਸਰਕਾਰ ਕੋਲ ਵਿੱਤੀ ਸੋਮੇ ਜ਼ਿਆਦਾ ਹਨ ਅਤੇ ਉਹ ਕਈ ਵਿੱਤੀ ਪਹਿਲਕਦਮੀਆਂ ਜਿਵੇਂ ਮਨਰੇਗਾ ਜਿਹੀਆਂ ਸਕੀਮਾਂ ਵਿੱਚ ਖਰਚ ਵਧਾ ਕੇ ਲੋੜਵੰਦ ਲੋਕਾਂ ਤੱਕ ਪੈਸਾ ਪਹੁੰਚਾ ਸਕਦੀ ਹੈ। ਸਰਕਾਰ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਪੋਰੇਟ ਅਦਾਰਿਆਂ ਦੇ ਹਿੱਤ ਵਿੱਚ ਜਾਂਦੀਆਂ ਹਨ ਅਤੇ ਇਸ ਸਬੰਧ ਵਿੱਚ ਭੋਜਨ ਵਿੱਚ ਵਰਤੇ ਜਾਣ ਵਾਲੇ ਤੇਲਾਂ ਦੀਆਂ ਵਧਦੀਆਂ ਕੀਮਤਾਂ ਦੀ ਉਦਾਹਰਨ ਦਿੱਤੀ ਜਾਂਦੀ ਹੈ ਜਿਸ ਦਾ ਫ਼ਾਇਦਾ ਵੱਡੇ ਕਾਰਪੋਰੇਟ ਅਦਾਰਿਆਂ ਨੂੰ ਹੋਇਆ ਹੈ। ਵਿਰੋਧੀ ਪਾਰਟੀਆਂ ਅਤੇ ਜਮਹੂਰੀ ਤਾਕਤਾਂ ਨੂੰ ਕੇਂਦਰ ਸਰਕਾਰ ’ਤੇ ਦਬਾਅ ਬਣਾਉਣ ਦੀ ਜ਼ਰੂਰਤ ਹੈ ਤਾਂ ਕਿ ਮਹਿੰਗਾਈ ਰੋਕਣ ਲਈ ਨੀਤੀਗਤ ਫ਼ੈਸਲੇ ਕੀਤੇ ਜਾਣ। ਵਧਦੀ ਹੋਈ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਇਸ ਨਾਲ ਦੇਸ਼ ਦੇ ਆਰਥਿਕ ਨਿਵੇਸ਼ ’ਤੇ ਵੀ ਅਸਰ ਪੈਂਦਾ ਹੈ। ਆਮਦਨ ਘੱਟ ਅਤੇ ਖਰਚੇ ਵਧੇਰੇ ਹੋਣ ਕਾਰਨ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਵੀ ਹੋਂਦ ਵਿੱਚ ਆ ਜਾਂਦੀਆਂ ਹਨ ਜਿਵੇਂ ਭ੍ਰਿਸ਼ਟਾਚਾਰ, ਕਾਲਾ ਧਨ, ਚੋਰ ਬਾਜ਼ਾਰੀ ਆਦਿ। ਮਹਿੰਗਾਈ ਇੱਕ ਵਿਸ਼ਵ ਵਿਆਪੀ ਸਮੱਸਿਆ ਹੈ, ਪਰ ਸਾਡੇ ਦੇਸ਼ ਵਿੱਚ ਤਾਂ ਇਸ ਨੇ ਇੱਕ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਹੋਰ ਤਾਂ ਹੋਰ ਸਾਡੀ ਰੋਟੀ, ਕੱਪੜੇ ਆਦਿ ਦੇ ਭਾਅ ਕਈ ਗੁਣਾਂ ਵਧ ਗਏ ਹਨ। ਹਰ ਵਿਅਕਤੀ ਦਾ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ। ਸਾਡੇ ਦੇਸ਼ ਵਿੱਚ ਤਾਂ ਇਹ ਵਾਧਾ ਹੱਦਾਂ ਬੰਨੇ ਟੱਪ ਰਿਹਾ ਹੈ। ਮਹਿੰਗਾਈ ’ਤੇ ਕਾਬੂ ਪਾ ਕੇ ਹੀ ਦੇਸ਼ ਦੀ ਤਰੱਕੀ ਤੇ ਖ਼ੁਸ਼ਹਾਲੀ ਹੋ ਸਕਦੀ ਹੈ। ਜੇਕਰ ਸਮੱਸਿਆਵਾਂ ਹਨ ਤਾਂ ਉਨ੍ਹਾਂ ਦੇ ਹੱਲ ਵੀ ਤਾਂ ਹਨ। ਅਜਿਹੀਆਂ ਸਥਿਤੀਆਂ ਵਿੱਚ ਸਰਕਾਰ ਨੂੰ ਬਹੁਤ ਸਾਰਥਕ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

ਜੇਕਰ ਮਹਿੰਗਾਈ ਦੇ ਰੋਕਣ ਦੇ ਉਪਾਅ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਵਧ ਰਹੀ ਆਬਾਦੀ ’ਤੇ ਰੋਕ ਲਾਉਣੀ ਚਾਹੀਦੀ ਹੈ। ਸਰਕਾਰ ਨੂੰ ਆਯਾਤ-ਨਿਰਯਾਤ ਵਿੱਚ ਸੁਧਾਰ ਲਿਆਉਣਾ, ਕਾਲੇ ਧਨ ਦਾ ਖ਼ਾਤਮਾ, ਮੁਦਰਾ ਦੇ ਫੈਲਾਅ ’ਤੇ ਰੋਕ, ਜਮ੍ਹਾਂਖੋਰਾਂ, ਚੋਰ ਬਾਜ਼ਾਰੀ, ਸਮੱਗਲਰਾਂ ਰਿਸ਼ਵਤਖੋਰਾਂ ਨਾਲ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਬਜਟ ਵਿੱਚ ਅਜਿਹੀ ਵਿਵਸਥਾ ਕੀਤੀ ਜਾਵੇ ਕਿ ਕੰਪਨੀਆਂ ਆਪਣੀ ਮਨ-ਮਰਜ਼ੀ ਅਨੁਸਾਰ ਕੀਮਤਾਂ ਨਾ ਵਧਾ ਸਕਣ, ਕੁਦਰਤੀ ਕਰੋਪੀਆਂ ਨਾਲ ਨਜਿੱਠਣ ਲਈ ਪਹਿਲਾਂ ਪ੍ਰਬੰਧ ਕੀਤੇ ਜਾਣ, ਸਰਕਾਰੀ ਖ਼ਰਚੇ ਘਟਾਏ ਜਾਣ। ਨਿੱਤ ਪ੍ਰਤੀ ਦੀਆਂ ਵਸਤਾਂ ਦੇ ਭਾਅ ਘੱਟ ਤੋਂ ਘੱਟ ਹੋਣ ਜਿਹੜੇ ਸਰਕਾਰ ਵੱਲੋਂ ਮਿਥੇ ਜਾਣ। ਅਜਿਹੇ ਕੁਝ ਠੋਸ ਕਦਮ ਚੁੱਕ ਕੇ ਉਪਰਾਲੇ ਕੀਤੇ ਜਾਣ ਤਾਂ ਹੋ ਸਕਦਾ ਹੈ ਕਿ ਮਹਿੰਗਾਈ ’ਤੇ ਕਾਬੂ ਪਾ ਲਿਆ ਜਾਵੇ। ਇਨ੍ਹਾਂ ਵਿੱਚ ਕੇਵਲ ਸਰਕਾਰੀ ਖਰਚੇ ਹੀ ਸੀਮਤ ਕਰ ਦਿੱਤੇ ਜਾਣ ਅਤੇ ਜਮ੍ਹਾਂਖੋਰਾਂ ਵਿਰੁੱਧ ਮੁਹਿੰਮ ਵਿੱਢੀ ਜਾਵੇ ਤਾਂ ਯਕੀਨਨ ਮਹਿੰਗਾਈ ’ਤੇ ਲਗਾਮ ਪਾਈ ਜਾ ਸਕਦੀ ਹੈ।

-ਹਰਮੀਤ ਸਿਵੀਆਂ

# ਹਰਿਆਣਾ ’ਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ

**-ਡਾ. ਸੁਦਰਸ਼ਨ ਗਾਸੋ**



ਭਾਸ਼ਾ ਸਾਡੇ ਗਿਆਨ, ਤਜਰਬਿਆਂ, ਅਹਿਸਾਸਾਂ ਨੂੰ ਜਿੱਥੇ ਭਾਸ਼ਾ ਸਦੀਆਂ ਤਕ ਸਾਂਭਦੀ-ਸੰਭਾਲਦੀ ਹੈ ਉੱਥੇ ਹੀ ਸਦੀਆਂ ਤੋਂ ਪਾਰ, ਸਮਿਆਂ ਤੋਂ ਪਾਰ, ਸਰਹੱਦਾਂ ਤੋਂ ਪਾਰ ਸਫ਼ਰ ’ਤੇ ਲੈ ਕੇ ਵੀ ਜਾਂਦੀ ਹੈ। ਭਾਵ ਭਾਸ਼ਾ ਦਾ ਸਾਡੇ ਜੀਵਨ ਤੇ ਇਸ ਸੰਸਾਰ ’ਚ ਮੁੱਲ ਤੇ ਮਹੱਤਵ ਅਮੁੱਲਾ ਤੇ ਲਾਸਾਨੀ ਹੈ। ਫਿਰ ਵੀ ਇਨਸਾਨ, ਸੰਸਾਰ ਤੇ ਸਮਾਜ ਤੇ ਸਰਕਾਰਾਂ ਕਈ ਵਾਰ ਇਸ ਦੇ ਇਸ ਅਹਿਮ ਪੱਖ ਤੋਂ ਇਨਕਾਰੀ ਹੁੰਦੀਆਂ ਦਿਖਾਈ ਦਿੰਦੀਆਂ ਹਨ।

ਭਾਸ਼ਾ ਦੇ ਨਾਂ ’ਤੇ ਸਿਆਸਤ ਖੇਡੀ ਜਾਂਦੀ ਹੈ, ਲੋਕਾਂ ਨੂੰ ਲੜਾਇਆ ਜਾਂਦਾ ਹੈ ਤੇ ਕਈ ਵਾਰ ਤਾਂ ਭਾਸ਼ਾ ਨੂੰ ਰਾਜਨੀਤੀ ਦੇ ਰਿੱਛ ਨਾਲ ਬੁਰੀ ਤਰ੍ਹਾਂ ਮੁਕਾਬਲਾ ਕਰਨਾ ਪੈਂਦਾ ਹੈ, ਲੜਨਾ ਪੈਂਦਾ ਹੈ। ਹਰਿਆਣਾ ਪ੍ਰਾਂਤ ਵਿਚ ਪੰਜਾਬੀ ਭਾਸ਼ਾ ਨੂੰ ਆਪਣੀ ਹੋਂਦ ਤੇ ਹਸਤੀ ਨੂੰ ਸਥਾਪਤ ਕਰਨ ਲਈ ਲੰਮਾ ਸਫ਼ਰ ਕਰਨਾ ਪਿਆ ਹੈ। ਇਸ ਸਫ਼ਰ ਵਿਚ ਅਨੇਕਾਂ ਸਹਿਯਾਤਰੀ ਆਉਂਦੇ ਗਏ ਤੇ ਜੁੜਦੇ ਗਏ। ਇਸ ਸਫ਼ਰ ਵਿਚ ਪੰਜਾਬੀਆਂ ਨੂੰ ਬਹੁਤ ਸਾਰੀ ਸਫਲਤਾ ਵੀ ਮਿਲਦੀ ਗਈ। ਇਹ ਉਪਰਾਲੇ ਸਮੂਹਿਕ ਹੱਲਾਸ਼ੇਰੀ ਤੇ ਹੰਭਲਿਆਂ ਕਰਕੇ ਹੀ ਸਫਲ ਹੋ ਸਕੇ। ਹਰਿਆਣਾ ਵਿਚ ਮਾਂ-ਬੋਲੀ ਨੂੰ ਹਮੇਸ਼ਾ ਇਕ ਲੱਤ ’ਤੇ ਖੜ੍ਹ ਕੇ ਤਪੱਸਿਆ ਕਰਨੀ ਪਈ ਹੈ। ਕਦੇ ਕਿਸੇ ਪਾਸਿਓਂ ਕਿਸੇ ਵਿਰੋਧ ਜਾਂ ਸਾਜਿਸ਼ ਦਾ ਧੱਕਾ ਲੱਗਣ ਕਾਰਨ ਇਹ ਲੜਖੜਾਉਣ ਲੱਗਦੀ ਹੈ ਤੇ ਫਿਰ ਸੰਭਲਣ ਲਈ ਵਿਉਂਤਬੰਦੀਆਂ ਕਰਨ ਲੱਗਦੀ ਹੈ। ਹੁਣ ਫਿਰ ਹਰਿਆਣਾ ਵਿਚ ਮਾਂ-ਬੋਲੀ ਨੂੰ ਅਜਿਹੀਆਂ ਹੀ ਵਿਉਂਤਬੰਦੀਆਂ, ਫ਼ਿਕਰਾਂ, ਸੰਸਿਆਂ ਤੇ ਹੰਭਲਿਆਂ ’ਚੋਂ ਗੁਜ਼ਰਨਾ ਪੈ ਰਿਹਾ ਹੈ। ਮੈਂ ਇਕ ਗੱਲ ਹਮੇਸ਼ਾ ਕਹਿੰਦਾ ਹਾਂ ਕਿ ਸਾਡੀ ਭਾਸ਼ਾ ਦੀ ਹਿਫ਼ਾਜ਼ਤ ਸਾਡੀ ਆਪਣੀ ਹਿਫ਼ਾਜ਼ਤ ਹੈ, ਸਾਡੀ ਹੋਂਦ ਦੀ ਹਿਫ਼ਾਜ਼ਤ ਹੈ, ਸਾਡੇ ਸੱਭਿਆਚਾਰ, ਸਾਡੇ ਸੁਪਨਿਆਂ ਤੇ ਸਾਡੀਆਂ ਸੱਧਰਾਂ ਦੀ ਹਿਫ਼ਾਜ਼ਤ ਹੈ। ਹਰਿਆਣਾ ਵਿਚ ਪੰਜਾਬੀ ਭਾਸ਼ਾ ਨੂੰ ਵਰਤਮਾਨ ਸਮੇਂ ਤਕ ਆਉਣ ਲਈ ਬਹੁਤ ਸੰਘਰਸ਼ ਕਰਨਾ ਪਿਆ ਹੈ। ਕੋਈ ਸਮਾਂ ਸੀ ਜਦੋਂ ਉਸ ਸਮੇਂ ਦੇ ਮੁੱਖ ਮੰਤਰੀ ਬੰਸੀ ਲਾਲ ਨੇ ਹਰਿਆਣਾ ਵਿਚ ਤੇਲਗੂ ਨੂੰ ਦੂਜੀ ਭਾਸ਼ਾ ਦਾ ਦਰਜਾ ਦੇ ਕੇ ਤੇਲਗੂ ਅਧਿਆਪਕ ਲਾਏ ਸਨ ਪਰ ਫਿਰ ਕਈ ਸਾਲਾਂ ਬਾਅਦ ਉਸ ਨੇ ਆਪਣੀ ਗ਼ਲਤੀ ਨੂੰ ਸੁਧਾਰਦਿਆਂ 23 ਅਕਤੂਬਰ 1996 ਨੂੰ ‘ਹਰਿਆਣਾ ਪੰਜਾਬੀ ਸਾਹਿਤ ਅਕਾਦਮੀ’ ਦੀ ਸਥਾਪਨਾ ਕੀਤੀ ਅਤੇ ਪੰਜ ਸੌ ਤੋਂ ਉੱਪਰ ਇੱਕੋ ਝਟਕੇ ਵਿਚ ਪੰਜਾਬੀ ਅਧਿਆਪਕ ਬਿਨਾਂ ਕਿਸੇ ਸਿਫ਼ਾਰਸ਼ ਦੇ ਲਾਏ। ਇਸ ਤਰ੍ਹਾਂ ਉਸ ਨੇ ਆਪਣੇ ਕੀਤੇ ਪਾਪ ਨੂੰ ਧੋ ਦਿੱਤਾ। ਸੰਨ 1979 ’ਚ ਚੌਧਰੀ ਦੇਵੀ ਲਾਲ ਦੀ ਸਰਕਾਰ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਪੰਜਾਬੀ ਵਿਭਾਗ ਦੀ ਸਥਾਪਨਾ ਕੀਤੀ ਤੇ ਉਸ ਤੋਂ ਬਾਅਦ 2004 ’ਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਵਿਧਾਨ ਸਭਾ ਵਿਚ ਦੂਸਰੀ ਭਾਸ਼ਾ ਦਾ ਦਰਜਾ ਦੇਣ ਵਾਲਾ ਬਿੱਲ ਪਾਸ ਕੀਤਾ ਪਰ ਚੋਣਾਂ ਆਉਣ ਕਰਕੇ ਇਸ ਬਿੱਲ ਦਾ ਨੋਟੀਫਿਕੇਸ਼ਨ ਨਹੀਂ ਸੀ ਹੋ ਸਕਿਆ।

ਉਸ ਨੂੰ ਮਗਰੋਂ 28 ਜਨਵਰੀ 2010 ਨੂੰ ਚੌਧਰੀ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਜਾਰੀ ਕੀਤਾ ਤੇ ਪੰਜਾਬੀ ਸਾਹਿਤ ਅਕਾਦਮੀ ਦਾ ਮੂੰਹ-ਮੱਥਾ ਸੰਵਾਰਨ ਵਿਚ ਵੀ ਯੋਗਦਾਨ ਪਾਇਆ ਤੇ ਸਾਰੀਆਂ ਅਕਾਦਮੀਆਂ ਦੇ ਸਾਂਝੇ ਭਵਨ ਦੀ ਉਸਾਰੀ ਵੀ ਪੰਚਕੂਲੇ ਵਿਚ ਕਰਵਾਈ। ਹਰਿਆਣਾ ਵਿਚ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਕਰਵਾਉਣ ਲਈ ਪੰਜਾਬੀਆਂ ਨੂੰ ਲੰਬਾ ਸੰਘਰਸ਼ ਕਰਨਾ ਪਿਆ। ਹਰਿਆਣਾ ਵਿਚ ਕੋਈ ਚਾਲੀ ਪ੍ਰਤੀਸ਼ਤ ਲੋਕ ਪੰਜਾਬੀ ਬੋਲਦੇ ਹਨ। ਇੰਨੇ ਵੱਡੇ ਤਬਕੇ ਨੂੰ ਧਿਆਨ ਵਿਚ ਰੱਖ ਕੇ ਅਕਾਦਮੀ ਦਾ ਗਠਨ ਕੀਤਾ ਗਿਆ ਸੀ ਤਾਂ ਕਿ ਹਰਿਆਣਾ ਪ੍ਰਾਂਤ ਵਿਚ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਤੇ ਉੱਚ ਇਨਸਾਨੀ ਕਦਰਾਂ-ਕੀਮਤਾਂ ਦਾ ਪ੍ਰਚਾਰ-ਪ੍ਰਸਾਰ ਹੋ ਸਕੇ ਪਰ ਮੌਜੂਦਾ ਸਰਕਾਰ ਨੇ ਇਸ ਅਕਾਦਮੀ ਨੂੰ ਛਾਂਗਣਾ ਸ਼ੁਰੂ ਕਰ ਦਿੱਤਾ ਹੈ। ਪਤਾ ਲੱਗਿਆ ਹੈ ਕਿ ਹਰਿਆਣਾ ’ਚ ਅਕਾਦਮੀਆਂ ਦਾ ਹਿੰਦੀ ਤੇ ਸੰਸਕ੍ਰਿਤ ਅਕਾਦਮੀ ਦੇ ਨਾਂ ਹੇਠ ਰਲੇਵਾਂ ਕੀਤਾ ਗਿਆ ਹੈ ਤੇ ਇਸ ਅਕਾਦਮੀ ਦੇ ਅਧੀਨ ਹੀ ਪੰਜਾਬੀ, ਉਰਦੂ ਆਦਿ ਅਕਾਦਮੀਆਂ ਕੰਮ ਕਰਨਗੀਆਂ। ਪਿਛਲੀ ਸਰਕਾਰ ਵੇਲੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਅਤੇ ਹੋਰ ਭਾਸ਼ਾਵਾਂ ਦੀਆਂ ਅਕਾਦਮੀਆਂ ਨੂੰ ਵਧੇਰੇ ਸੁਚਾਰੂ ਤੇ ਸੁਚੱਜੇ ਢੰਗ ਨਾਲ ਚਲਾਉਣ ਵਾਸਤੇ ਇਕ ਡਾਇਰੈਕਟਰ ਦੇ ਨਾਲ-ਨਾਲ ਇਕ ਉਪ ਚੇਅਰਮੈਨ ਵੀ ਲਾਇਆ ਗਿਆ ਤਾਂ ਜੋ ਭਾਸ਼ਾ ਅਤੇ ਸਾਹਿਤ ਦੀ ਤਰੱਕੀ ਤੀਬਰ ਗਤੀ ਨਾਲ ਹੋ ਸਕੇ। ਹੁਣ ਇਨ੍ਹਾਂ ਮਹੱਤਵਪੂਰਨ ਅਹੁਦਿਆਂ ’ਤੇ ਉਹ ਆਦਮੀ ਲਾ ਦਿੱਤੇ ਗਏ ਹਨ ਜਿਨ੍ਹਾਂ ਨੂੰ ਪੰਜਾਬੀ ਸਾਹਿਤ ’ਚ ਕੋਈ ਦਿਲਚਸਪੀ ਨਹੀਂ ਸੀ ਤੇ ਨਾ ਹੀ ਉਹ ਉਸ ਭਾਸ਼ਾ ਦੇ ਵਿਦਵਾਨ ਤੇ ਮਾਹਿਰ ਹੀ ਸਨ।

ਅਜਿਹੇ ਹਾਲਾਤ ’ਚ ਪੰਜਾਬੀ ਦੀ ਕੀ ਸਥਿਤੀ ਹੋ ਸਕਦੀ ਹੈ। ਇਸ ਗੱਲ ਦਾ ਅੰਦਾਜ਼ਾ ਤਾਂ ਤੁਸੀਂ ਖ਼ੁਦ ਹੀ ਲਾ ਸਕਦੇ ਹੋ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਕਈ ਯੋਜਨਾਵਾਂ ਉਲੀਕੀਆਂ ਹੋਈਆਂ ਹਨ। ਇਨ੍ਹਾਂ ਯੋਜਨਾਵਾਂ ’ਤੇ ਅਮਲ ਵੀ ਹੁੰਦਾ ਆਇਆ ਹੈ ਪ੍ਰੰਤੂ ਪਿਛਲੇ ਛੇ ਸਾਲਾਂ ਤੋਂ ਇਨ੍ਹਾਂ ਯੋਜਨਾਵਾਂ ’ਤੇ ਕੋਈ ਅਮਲ ਨਹੀਂ ਹੋਇਆ। ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਤੇ ਜੀਵਨ ਭਰ ਦੀਆਂ ਸੇਵਾਵਾਂ ਲਈ ਦਿੱਤੇ ਜਾਂਦੇ ਇਨਾਮਾਂ, ਪੁਰਸਕਾਰਾਂ ਦਾ ਐਲਾਨ 20 ਜਨਵਰੀ 2018 ਨੂੰ ਪ੍ਰਾਂਤ ਦੇ ਅਨੇਕਾਂ ਅਖ਼ਬਾਰਾਂ ’ਚ ਕੀਤਾ ਗਿਆ ਸੀ ਪਰ ਇਸ ਤੋਂ ਬਾਅਦ ਕੋਈ ਐਲਾਨ ਨਹੀਂ ਹੋਇਆ ਤੇ ਵੱਡਾ ਹਨ੍ਹੇਰਾ ਛਾਇਆ ਰਿਹਾ। ਹੁਣ ਅਕਾਦਮੀਆਂ ਦਾ ਰਲੇਵਾਂ ਕਰਕੇ ਲੱਗਦਾ ਹੈ ਸਰਕਾਰ ਨੇ ਇਸ ਹਨ੍ਹੇਰੇ ਨੂੰ ਹੋਰ ਸੰਘਣਾ ਕਰ ਦਿੱਤਾ ਹੈ। ਜਿੰਨਾ ਚਿਰ ਅਕਾਦਮੀਆਂ ਦੇ ਡਾਇਰੈਕਟਰ ਤੇ ਡਿਪਟੀ ਚੇਅਰਮੈਨ ਵਾਸਤੇ ਘੱਟੋ-ਘੱਟ ਯੋਗਤਾ ਤੇ ਮਿਆਰ ਨਿਰਧਾਰਤ ਨਹੀਂ ਕੀਤੇ ਜਾਂਦੇ, ਉਦੋਂ ਤਕ ਹਨ੍ਹੇਰਾ ਦੂਰ ਨਹੀਂ ਹੋ ਸਕਦਾ। ਵੱਡੀ ਗੱਲ ਇਹ ਹੈ ਕਿ ਇਹ ਅਕਾਦਮੀ ਲੱਖਾਂ ਪੰਜਾਬੀਆਂ ਦੀ ਸਾਲਾਂ ਦੀ ਲੜਾਈ ਤੇ ਸੰਘਰਸ਼ ਪਿੱਛੋਂ ਹੋਂਦ ਵਿਚ ਆਈ ਸੀ ਪਰ ਇਸ ਦਾ ਰਲੇਵਾਂ ਕਰਨ ਲੱਗਿਆਂ ਕਿਸੇ ਵੀ ਵਿਦਵਾਨ, ਪੰਜਾਬੀ ਲੇਖਕ ਤੇ ਪੱਤਰਕਾਰ ਤਕ ਨੂੰ ਪੁੱਛਿਆ ਵੀ ਨਹੀਂ ਗਿਆ।

ਸੂਬੇ ’ਚ ਪੰਜਾਬੀ ਦੀ ਪੜ੍ਹਾਈ- ਲਿਖਾਈ ਦੀ ਸਥਿਤੀ ਵੀ ਤਸੱਲੀਬਖ਼ਸ਼ ਨਹੀਂ ਹੈ। ਹਰਿਆਣਾ ਦੇ ਸਰਕਾਰੀ ਸਕੂਲਾਂ ’ਚ ਸੈਂਕੜੇ ਅਸਾਮੀਆਂ ਖ਼ਾਲੀ ਪਈਆਂ ਹਨ, ਭਾਵ ਭਰੀਆਂ ਜਾਣੀਆਂ ਹਨ। ਪਰ ਇਸ ਦਿਸ਼ਾ ਵਿਚ ਕੋਈ ਕੰਮ ਨਹੀਂ ਹੋ ਰਿਹਾ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਪਿਛਲੇ ਸਾਲ ਕਰਨਾਲ ਵਿਖੇ ਚਾਰ ਸੌ ਤੋਂ ਉੱਪਰ ਸਕੂਲ ਅਧਿਆਪਕ ਭਰਤੀ ਕਰਨ ਦਾ ਐਲਾਨ ਕੀਤਾ ਸੀ ਪਰ ਇਹ ਵਾਅਦਾ ਵੀ ਅਜੇ ਤਕ ਵਫ਼ਾ ਨਹੀਂ ਹੋਇਆ। ਹਰਿਆਣਾ ਦੇ ਸਰਕਾਰੀ ਸਕੂਲਾਂ ਵਿਚ ਪੋਸਟਾਂ ਨੂੰ ਬਚਾਉਣ ਤੇ ਨਵੀਆਂ ਪੋਸਟਾਂ ਲੈ ਕੇ ਆਉਣ ਲਈ ਪੰਜਾਬੀ ਅਧਿਆਪਕ ਅਤੇ ਭਾਸ਼ਾ ਕਲਿਆਣ ਸੁਸਾਇਟੀ ਸੰਘਰਸ਼ ਕਰ ਰਹੀ ਹੈ। ਹਰਿਆਣਾ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਕਾਲਜਾਂ ਵਿਚ ਪੰਜਾਬੀ ਪ੍ਰੋਫੈਸਰਾਂ ਦੀਆਂ ਪੋਸਟਾਂ ਦੀ ਸਥਿਤੀ ਠੀਕ ਨਹੀਂ ਹੈ। ਇਕੱਲੇ ਸਰਕਾਰੀ ਕਾਲਜਾਂ ਵਿਚ ਘੱਟੋ-ਘੱਟ ਪੰਜਾਬੀ ਦੇ ਪੰਜਾਹ ਪ੍ਰੋਫੈਸਰ ਫੌਰੀ ਤੌਰ ’ਤੇ ਭਰਤੀ ਕੀਤੇ ਜਾਣ ਦੀ ਜ਼ਰੂਰਤ ਹੈ। ਉਦਾਹਰਨ ਲਈ ਸਰਕਾਰੀ ਕਾਲਜ, ਅੰਬਾਲਾ ਕੈਂਟ ’ਚ ਐੱਮਏ ਪੰਜਾਬੀ ਦੀ ਪੜ੍ਹਾਈ ’ਤੇ ਤਲਵਾਰ ਲਟਕ ਰਹੀ ਹੈ। ਇਕੱਲੇ ਇਸੇ ਕਾਲਜ ’ਚ ਸੱਤ ਪੋਸਟਾਂ ਭਰੀਆਂ ਜਾਣ ਵਾਲੀਆਂ ਹਨ। ਇਹੀ ਹਾਲ ਪ੍ਰਾਈਵੇਟ ਕਾਲਜਾਂ ਵਿਚ ਪੰਜਾਬੀ ਪ੍ਰੋਫੈਸਰਾਂ ਦੀਆਂ ਪੋਸਟਾਂ ਦਾ ਹੈ। ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਵਿਚਲਾ ਪੰਜਾਬੀ ਵਿਭਾਗ ਵੀ ਰੈਗੂਲਰ ਪੋਸਟਾਂ ਦੀ ਉਡੀਕ ਲਾਈ ਬੈਠਾ ਹੈ। ਹਰਿਆਣਾ ਪ੍ਰਾਂਤ ’ਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਤਾਂ ਕਾਗਜ਼ਾਂ ’ਚ ਬੇਸ਼ੱਕ 2004 ’ਚ ਦੇ ਦਿੱਤਾ ਗਿਆ ਸੀ ਪਰ ਅਮਲੀ ਤੌਰ ’ਤੇ ਅਜੇ ਇਸ ਦਿਸ਼ਾ ’ਚ ਸਰਕਾਰਾਂ ਵੱਲੋਂ ਕੰਮ ਕੀਤਾ ਜਾਣਾ ਬਾਕੀ ਹੈ। ਪਿਛਲੀਆਂ ਸਰਕਾਰਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀ-ਕੀ ਕੰਮ ਕੀਤਾ ਹੈ, ਇਹ ਤਾਂ ਇਤਿਹਾਸ ਦੇ ਪੰਨਿਆਂ ਵਿਚ ਦਰਜ ਹੋ ਜਾਂਦਾ ਹੈ।

ਸੋ ਮੌਜੂਦਾ ਸਰਕਾਰ ਨੂੰ ਸੁਚੇਤ ਹੋ ਕੇ ਪਹਿਲ ਦੇ ਆਧਾਰ ’ਤੇ ਪੰਜਾਬੀ ਭਾਸ਼ਾ ਲਈ ਵੱਡੇ ਇਤਿਹਾਸਕ ਫ਼ੈਸਲੇ ਲੈਣੇ ਚਾਹੀਦੇ ਹਨ। ਭਜਨ ਲਾਲ ਦੀ ਸਰਕਾਰ ਦਾ ਸਮਾਂ ਇਕ ਅਜਿਹਾ ਸਮਾਂ ਸੀ ਜਦੋਂ ਪੰਜਾਬੀ ਦੇ ਵਿਕਾਸ ਦੇ ਨਾਂ ’ਤੇ ਕੁਝ ਨਹੀਂ ਕੀਤਾ ਗਿਆ ਸੀ। ਹੁਣੇ ਸੁਣਨ ’ਚ ਆਇਆ ਹੈ ਕਿ ਹਰਿਆਣਾ ਦੇ ਸਕੂਲਾਂ ’ਚ ਜਿਹੜੀਆਂ ਪੋਸਟਾਂ ਨਿਕਲੀਆਂ ਹਨ, ਉਨ੍ਹਾਂ ’ਚ ਪੰਜਾਬੀ ਦੀ ਕੋਈ ਪੋਸਟ ਨਹੀਂ ਹੈ। ਅਜਿਹੀਆਂ ਸਥਿਤੀਆਂ ਨੂੰ ਲੈ ਕੇ ਹਰਿਆਣਾ ਦੇ ਸਮੂਹ ਪੰਜਾਬੀਆਂ ਦੇ ਮਨਾਂ ’ਚ ਡਰ, ਤੌਖਲਾ ਤੇ ਸੰਸਾ ਘਰ ਕਰੀ ਜਾ ਰਿਹਾ ਹੈ ਕਿ ਕਿਤੇ ਸਰਕਾਰ ਸਾਡੇ ਗੁਰੂਆਂ ਦੀ ਪਿਆਰੀ ਤੇ ਮਿਆਰੀ ਮਾਂ-ਬੋਲੀ ਦੀਆਂ ਜੜ੍ਹਾਂ ’ਚ ਦਾਤੀ ਤਾਂ ਨਹੀਂ ਫੇਰ ਦੇਵੇਗੀ। ਹੁਣ ਜਦੋਂ ਕੇਂਦਰ ਸਰਕਾਰ ਵੱਲੋਂ ਖੇਤਰੀ ਭਾਸ਼ਾਵਾਂ ਨੂੰ ਉਤਸ਼ਾਹਤ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ, ਉਸ ਸਮੇਂ ਹਰਿਆਣਾ ਸਰਕਾਰ ਨੂੰ ਵੀ ਪੰਜਾਬੀ ਦੀ ਬਾਂਹ ਫੜਨੀ ਚਾਹੀਦੀ ਹੈ। ਹਰਿਆਣਾ ਵਾਸੀਆਂ, ਬੁੱਧੀਜੀਵੀਆਂ, ਸਾਹਿਤਕਾਰਾਂ ਦੀ ਵੱਡੀ ਕਮੇਟੀ ਬਣਾ ਕੇ ਇਹ ਤੈਅ ਕਰ ਲੈਣਾ ਚਾਹੀਦਾ ਹੈ ਕਿ ਪੰਜਾਬੀ ਦੇ ਵਿਕਾਸ-ਵਿਸਥਾਰ ਲਈ ਕੀ ਕੁਝ ਕੀਤਾ ਜਾਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਸਾਨੂੰ ਇਹ ਕਹਿ ਕੇ ਪਛਤਾਵਾ ਕਰਨਾ ਪਵੇ ਤੇ ਹੱਥ ਮਲਣੇ ਪੈਣ ਕਿ ‘ਬੀਤ ਗਏ ਦਿਨ ਭਜਨ ਬਿਨਾਂ।’ ਰੱਬ ਖ਼ੈਰ ਕਰੇ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਪਰੌਸਟੇਟ ਨਾਲ ਸੰਬੰਧਿਤ ਬਿਮਾਰੀਆਂ**

ਪਿਛਲੇ ਲੈਕਚਰਾਂ ਵਿੱਚ ਅਸਾ ਪਰੌਸਟੇਟ ਬਾਰੇ ਇਹਦੀ ਬਣਤਰ ਤੇ ਕਾਰਕਰਦਗੀ ਬਾਰੇ ਜਾਣਕਾਰੀ ਹਾਸਲ ਕੀਤੀ ਸੀ। ਕੈਂਸਰ ਬਾਰੇ ਆਮ ਜਾਣਕਾਰੀ ਤੇ ਸਰੀਰ ਦੇ ਸੈਲਾਂ ਵਿੱਚ ਹੋਣ ਵਾਲੀਆਂ ਮੁਢਲੀਆਂ ਤਬਦੀਲੀਆਂ ਬਾਰੇ ਗੱਲ ਕੀਤੀ ਸੀ। ਅੱਜ ਵਿਚਾਰਾਂਗੇ ਪਰੌਸਟੇਟ ਦੀਆਂ ਹੋਰ ਬਿਮਾਰੀਆਂ ਬਾਰੇ।

ਇਹ ਇਕ ਸਧਾਰਨ ਫਿਜਿਆਲੋਜੀਕਲ ਕਿਰਿਆ ਵੀ ਹੈ ਜਿਸ ਕਿਰਿਆ ਅਧੀਨ ਹਾਰਮੋਨਲ ਵੇਗ ਦੇ ਤਹਿਤ ਪਰੌਸਟੇਟ ਫੈਲਦਾ ਸੁਕੜਦਾ ਰਹਿੰਦਾ ਹੈ ਜਿਵੇਂ ਸੈਕਸ ਦੀ ਉਤੇਜਨਾ ਸਮੇਂ ਪਰ ਡਿਸਚਾਰਜ ਹੋਣ ਤੋਂ ਪਹਿਲਾ ਇਸ ਦਾ ਅਕਾਰ ਵੱਧ ਜਾਂਦਾ ਹੈ। ਡਿਸਚਾਰਜ ਹੋਣ ਬਾਅਦ ਅਕਾਰ ਫਿਰ ਆਪਣੀ ਸਹੀ ਹਾਲਤ ਵਿੱਚ ਆ ਜਾਂਦਾ ਹੈ। ਕੁਝ ਪੇਸ਼ਾਪ ਦੀ ਨਲੀ ਦੇ ਜਾ ਪੇਸ਼ਾਪ ਦੇ ਰੋਗਾਂ ਵਿੱਚ ਜਿਵੇਂ ਪੱਥਰੀ ਦੇ ਨਿਕਾਸ ਸਮੇਂ ਵੀ ਪ੍ਰੌਸਟੇਟ ਵਕਤੀ ਤੌਰ 'ਤੇ ਸੁੱਜ ਜਾਂਦਾ ਹੈ। ਪਰ ਕੁਝ ਹਾਲਤਾਂ ਵਿੱਚ ਖ਼ਾਸ ਕਰ ਉਮਰ ਦੇ ਵਧਣ ਨਾਲ ਜਾ ਲਗਾਤਾਰ ਲੰਬੀ ਉਮਰ ਤੱਕ ਜਾ ਕਾਮ ਉਕਸਾਊ ਦਵਾਈਆਂ ਦੇ ਅਸਰ ਹੇਠ ਲੰਮੀ ਉਮਰ ਤੇ ਲੰਮੇ ਸਮੇਂ ਤੱਕ ਸੈਕਸ ਕਰਦੇ ਰਹਿਣ ਕਰਕੇ ਵੀ ਪਰੌਸਟੇਟ ਦਾ ਸਾਈਜ਼ ਵੱਧ ਜਾਂਦਾ ਹੈ। ਜਿਹਨਾਂ ਹਾਲਤਾਂ ਵਿੱਚ ਪ੍ਰੌਸਟੇਟ ਲਗਾਤਾਰ ਵਧਿਆ ਹੀ ਰਹਿ ਜਾਂਦਾ ਹੈ ਬਿਨਾ ਸੈਕਸ ਦੀ ਉਤੇਜਨਾ ਦੇ ਉਸਨੂੰ ਬੇਨਾਈਨ ਪ੍ਰੌਸਟੇਟਿਕ ਐਨਲਾਰਜਮੈਟ ਕਹਿੰਦੇ ਹਨ। ਪੰਜਾਬੀ ਵਿੱਚ ਗ਼ਦੂਦਾਂ ਦਾ ਵੱਧ ਜਾਣਾ ਵੀ ਕਹਿ ਸਕਦੇ ਹੋ।

ਜਿਹੜੀ ਕਿ ਵਧਦੀ ਉਮਰ ਬਜ਼ੁਰਗਾਂ ਵਿੱਚ ਆਮ ਹੀ ਹੋ ਜਾਣ ਵਾਲੀ ਬਿਮਾਰੀ ਹੈ ਤੇ ਪਹਿਲੀ ਉਮਰੇ ਇਹੀ ਲੱਛਣ ਜਿਨ੍ਹਾਂ ਕਾਰਨਾਂ ਕਰਕੇ ਪੈਦਾ ਹੁੰਦੇ ਹਨ। ਉਨ੍ਹਾਂ ਕਾਰਨਾਂ ਵੱਲ ਧਿਆਨ ਦੇਣ ਤੇ ਠੀਕ ਹੋ ਜਾਣ ਨਾਲ ਇਹ ਪਰੌਸਟੇਟ ਦਾ ਵਧਣਾ ਵੀ ਰੁਕ ਕੇ ਠੀਕ ਹੋ ਜਾਂਦਾ ਹੈ।

ਆਮ ਤੌਰ 'ਤੇ ਪਹਿਲੀਆਂ ਨਿਸ਼ਾਨੀਆਂ ਦੇ ਤੌਰ 'ਤੇ ਪੇਸ਼ਾਪ ਦੀ ਧਾਰ ਦਾ ਪਤਲਾ ਹੋਣਾ ਕਮਜ਼ੋਰ ਯਾਨੀ ਬਿਨਾ ਪ੍ਰੈਸ਼ਰ ਤੋਂ ਪੇਸ਼ਾਪ ਦੀ ਧਾਰਦਾ ਹੋਣਾ। ਪੇਸ਼ਾਬ ਦਾ ਰੁਕਣਾ ਤੇ ਪੇਸ਼ਾਪ ਕਰਨ ਸਮੇਂ ਜ਼ੋਰ ਲਗਾਣਾ ਪਵੇ ਤਾਂ ਸਮਝੋ ਪਰੌਸਟੇਟ ਸਾਨੀ ਗ਼ਦੂਦਾਂ ਵਿੱਚ ਕੋਈ ਨੁਕਸ ਹੈ।

ਪੇਸ਼ਾਪ ਤੋਂ ਪਹਿਲਾ ਤੇ ਬਾਅਦ ਵਿੱਚ ਬੂੰਦ ਬੂੰਦ ਪੇਸ਼ਾਪ ਦਾ ਡਿਗਦੇ ਰਹਿਣਾ ਜਿਸਨੂੰ ਇਨਕੋਨਟੀਨੈਨਸ ਆਫ ਯੂਰਿਨ ਕਹਿੰਦੇ ਹਨ ਦਾ ਆਮ ਹੀ ਇਸ ਹਾਲਾਤ ਵਿੱਚ ਹੋਣਾ।

ਵਾਰ ਵਾਰ ਪੇਸ਼ਾਪ ਦੀ ਹਾਜਤ ਹੋਣਾ ਖ਼ਾਸ ਕਰ ਰਾਤ ਸਮੇਂ। ਪੇਸ਼ਾਪ ਵਿੱਚ ਜਲਣ ਹੋਣਾ ਤੇ ਇੰਜ ਲੱਗਣਾ ਕਿ ਅਜੇ ਹਾਜਤ ਖਤਮ ਨਹੀਂ ਹੋਈ ਤਾ ਸਮਝੋ ਪੇਸ਼ਾਪ ਨਲੀ ਜਾ ਗ਼ਦੂਦਾਂ ਵਿੱਚ ਕੋਈ ਖ਼ਰਾਬੀ ਆ ਗਈ ਹੈ।

ਕੁਝ ਹੋਰ ਸਹਾਇਕ ਨਿਸ਼ਾਨੀਆਂ ਵਿੱਚ ਪੇਟ ਦੇ ਹੇਠਲੇ ਹਿੱਸੇ ਵਿੱਚ ਜਿਥੇ ਸਾਡੀ ਬੈਲਟ ਦਾ ਬਕਲ ਆਉਦਾ ਹੈ ਸੈਂਟਰ ਵਿੱਚ ਉੱਥੇ ਪ੍ਰੈਸ਼ਰ ਦਾ ਬਣਿਆ ਰਹਿਣਾ।

ਪੇਸ਼ਾਪ ਤੇ ਜ਼ਿਆਦਾ ਜ਼ੋਰ ਲਗਾਉਣ ਨਾਲ ਪੇਸ਼ਾਪ ਦੀ ਧਾਰ ਸੂਰੂ ਹੋਣ ਕੋ ਪਹਿਲਾ ਤੇ ਪਿੱਛੋਂ ਚਿੱਟੇ ਰੰਗ ਦੇ ਲੇਸਲੇ ਪਦਾਰਥ ਦਾ ਯਾਨੀਪਰੋਸਟੇਟਿਕ ਰਸ ਦਾ ਰਿਸਣਾ ਵੀ ਹੋ ਸਕਦਾ ਹੈ। ਜਵਾਨ ਉਮਰ ਵਿੱਚ ਇਸਨੂੰ ਗਰਮੀ ਦੀ ਬਿਮਾਰੀ ਜਾ ਧਾਤ ਕਹਿੰਦੇ ਹਨ।

ਵਧੇ ਹੋਏ ਪਰੌਸਟੇਟ ਦੇ ਕਰਕੇ ਪਿੰਛਲੇ ਪਾਸੇ ਟੱਟੀ ਵਾਲੇ ਰਸਤੇ ਤੇ ਇਹਦਾ ਭਾਰ ਪੈਣ ਕਰਕੇ ਟੱਟੀ ਦੀ ਰੁਕਾਵਟ ਹੋਣਾ ਤੇ ਬੱਕਰੀ ਦੀਆਂ ਮੇਗਣਾ ਵਾਂਗ ਟੱਟੀ ਟੁੱਟ ਕੇ ਜ਼ੋਰ ਲਗਾ ਕੇ ਮੱਲ ਤਿਆਗ ਕਰਨਾ ਪੈਦਾ ਹੈ ।

ਪੇਸਾਪ ਨਲੀ ਦੇ ਇੰਫੈਕਸ਼ਨ ਜੋ ਕਦੀ ਵੀ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ ਤੋ ਇਲਾਵਾ ਪੰਜਾਹ ਸਾਲ ਦੀ ਉਮਰ ਤੋ ਬਾਅਦ ਕਿਸੇ ਵੇਲੇ ਵੀ ਇਹ ਤਕਲੀਫ ਹੋ ਸਕਦੀ।

ਜਿਵੇਂ ਜਿਵੇਂ ਉਮਰ ਵਧਦੀ ਹੈ ਉਸੇ ਹਿਸਾਬ ਇਸ ਤਕਲੀਫ ਦੇ ਮਰੀਜ਼ਾਂ ਦੀ ਗਿਣਤੀ ਵੀ ਵਧਦੀ ਜਾਦੀ ਹੈ। ਸੱਠ ਸਾਲ ਦੀ ਉਮਰ ਤੋਂ ਬਾਅਦ ਪੱਕੇ ਤਰ੍ਹਾਂ ਰਹਿਣ ਵਾਲੀ ਇਸ ਮੁਸ਼ਕਲ ਦੇ ਮਰੀਜ਼ਾਂ ਦੀ ਗਿਣਤੀ ਪਹਿਲਾ ਨਾਲੋ ਵੱਧ ਜਾਦੀ ਹੈ ਜਿਸਨੂੰ BHP ਯਾਨੀ ਕੈਂਸਰ ਤੋਇਲਾਵਾ ਭਾਵ ਕੈਂਸਰ ਨਾ ਹੋਕੇ ਪ੍ਰੌਸਟੇਟ ਦਾ ਅਕਾਰ ਵੱਧਿਆ ਰਹਿੰਦਾ ਹੈ ਜਿਸ ਨਾਲ ਇਸਦੇ ਅੰਦਰ ਵੀ ਤੇ ਬਾਹਰ ਵੀ ਸਾਈਜ਼ ਦਾ ਵਾਧਾ ਪੇਸ਼ਾਪ ਦੀਆਂ ਮੁਸ਼ਕਲਾਂ ਪੈਦਾ ਕਰਦਾ ਹੈ। ਪਰ ਖੁਸਕਿਸਮਤੀ ਹੈ ਕਿ ਇੰਜ ਦੇ ਸਾਰੇ ਕੇਸਾਂ ਵਿੱਚ ਕੈਂਸਰ ਨਹੀਂ ਹੁੰਦਾ।

ਮੁਢਲੀਆਂ ਨਿਸ਼ਾਨੀਆਂ ਵਿੱਚ ਪੇਸ਼ਾਪ ਕਰਨ ਸਮੇਂ ਤੇ ਵੀਰਜ ਦੇ ਨਿਕਾਸ ਸਮੇਂ ਦਰਦ ਅਤੇ ਦੋਹਾ ਹੀ ਹਾਲਤਾਂ ਵਿੱਚ ਖ਼ੂਨ ਦਾ ਮਿਲਿਆ ਹੋਣਾ ਵੀ ਹੋ ਸਕਦਾ ਹੈ। ਸੈਕਸ ਕਰਦਿਆਂ ਦਰਦ ਦਾ ਹੋਣਾ ਤੇ ਇਹ ਦਰਦ ਪੇਟ ਦੇ ਸਾਹਮਣੇ ਤੇ ਪਿਛਲੇ ਹੀਸੇ ਵਿੱਚ ਹੀ ਨਹੀਂ ਬਲਕਿ ਸਾਡੇ ਪੈਲਵਿਕ ਏਰੀਏ ਦੇ ਸਾਰੇ ਹਿੱਸੇ ਵਿਚ ਹੀ ਮਹਿਸੂਸ ਹੁੰਦਾ ਹੈ।

ਜਵਾਨ ਉਮਰ ਵਿੱਚ ਲੰਬੇ ਸਮੇਂ ਤੱਕ ਡਿਸਚਾਰਜ ਨਾ ਹੋਣ ਦੀ ਸੂਰਤ ਵਿੱਚ ਵੀ ਪਰੌਸਟੇਟ ਵੱਧ ਸਕਦਾ ਹੈ ਤੇ ਦਰਦ ਇਸ ਵਿੱਚ ਇਸ ਰਾਹੀਂ ਹੋਣ ਵਾਲੀ ਕਿਸੇ ਵੀ ਕਿਰਿਆ ਵਿੱਚ ਹੋ ਸਕਦੀ ਹੈ। ਭਾਵ ਪੇਸ਼ਾਪ ਦੀ ਹਾਜਤ ਸਮੇਂ ਵੀ ਤੇ ਸੈਕਸ ਦੀ ਉਤੇਜਨਾ ਸਮੇਂ ਵੀ ਦਰਦ ਹੋ ਸਕਦੀ ਹੈ।

ਇਸ ਲਈ ਹਾਰਮੋਨਜ ਦੇ ਕੁਦਰਤੀ ਵੇਗ ਨੂੰ ਦਬਾਉਣਾ ਯਾਨੀ ਲੰਬੇ ਸਮੇਂ ਤੱਕ ਸੈਕਸ ਨਾ ਕਰਨ ਦੀ ਹਾਲਤ ਵੀ ਕਈ ਵੇਰ ਪ੍ਰੌਸਟੇਟ ਦੇ ਵਾਧੇ ਹੋਣ ਦੀਆ ਬਿਮਾਰੀਆਂ ਦਾ ਕਾਰਨ ਬਣਦਾ ਹੈ। ਖ਼ਾਸ ਕਰ ਜਦ ਮਨ ਕਰਕੇ ਸੈਕਸ ਭਾਵਨਾਵਾਂ ਦਬਾਉਣ ਵਿੱਚ ਤੁਸੀਂ ਨਾਕਾਮਯਾਬ ਹੋ ਪਰ ਸਰੀਰ ਕਰਕੇ ਤੂਲੀ ਬ੍ਰਹਮਚਾਰੀ ਹੋਣ ਦਾ ਢੌਂਗ ਰਚ ਰਹੇ ਹੋ ਤਾਂ ਗ਼ਦੂਦਾਂ ਦੀਆ ਮੁਸ਼ਕਲਾਂ ਆ ਸਕਦੀਆਂ ਹਨ।

ਕਈ ਹਾਲਤਾਂ ਵਿੱਚ ਪਾਣੀ ਲੋੜ ਕੋ ਘੱਟ ਪੀਣ ਨਾਲ ਵੀ ਸਧਾਰਨ ਇੰਫੈਕਸ਼ਨ ਹੋ ਜਾਂਦੇ ਹਨ ਵੱਧ ਪਾਣੀ ਪੀਣ ਨਾਲ ਠੀਕ ਵੀ ਹੋ ਜਾਂਦੇ ਹਨ ਤੇ ਲੰਬੇ ਸਮੇਂ ਤੱਕ ਇੰਜ ਧਿਆਨ ਤੇ ਉਪਚਾਰ ਕਰਨ ਨਾਲ ਪ੍ਰੌਸਟੇਟ ਵੀ ਚਾਰ ਪੰਜ ਮਹੀਨਿਆਂ ਵਿੱਚ ਸੁੰਗੜ ਜਾਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸਰੀਰ ਦਾ ਅਮਿਊਨ ਸਿਸਟਮ ਠੀਕ ਕਰਨ ਲਈ ਖਾਧ ਖ਼ੁਰਾਕ ਵੱਲ ਪੂਰਾ ਧਿਆਨ ਦਿਤਾ ਜਾਵੇ ਅਤੇ ਸਰੀਰ ਵਿੱਚ ਲੋੜੀਦੀ ਪਾਣੀ ਦੀ ਮਾਤਰਾ ਨੂੰ ਘਟਣ ਨਾ ਦਿਤਾ ਜਾਵੇ। ਉਤੇਜਕ ਮਿਰਚ ਮਸਾਲੇ ਵਾਲੀਆਂ ਖੁਰਾਕਾਂ ਦਾ ਪਰਹੇਜ਼। ਜ਼ਿਆਦਾ ਪਾਣੀ ਜੂਸਵਾਲੇ ਫਲਾ ਦਾ ਸੇਵਣ ਰਾਹਤ ਪਹੁੰਚਾਉਂਦਾ ਹੈ।

ਪਰਹੇਜਗਾਰੀ ਦੇ ਤੌਰ 'ਤੇ ਉਹ ਸਭ ਪੀਣ ਵਾਲੀਆਂ ਚੀਜ਼ਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਸਰੀਰ ਵਿਚੋਂ ਪਾਣੀ ਦੀ ਜ਼ਿਆਦਾ ਨਿਕਾਸੀ ਹੋਣ ਕਰਕੇ ਪਾਣੀ ਦੀ ਕਮੀ ਪੈਦਾ ਹੋ ਸਕਦੀ ਹੈ ਜਿਵੇਂ ਚਾਹ ਕੌਫੀ ਸਰਾਬ ਵਗੈਰਾ। ਯਾਦ ਰਹੇ ਸਰੀਰ ਵਿੱਚ ਪਾਣੀ ਪਹੁੰਚਾਉਣ ਵਾਲੇ ਜੂਸ ਵਾਲੇ ਫਲਾ ਦੀ ਰੋਕ ਨਹੀਂ ਹੈ। ਜਿਸ ਤਰ੍ਹਾਂ ਤਰਬੂਜ਼ ਸਾਨੀ ਹਦਵਾਣਾ ਇਸ ਹਾਲਤ ਵੀ ਪ੍ਰਬੰਧਕ ਸਹਾਇਕ ਫਲਹੈ।

ਪਰੌਸਟੇਟ ਦੀ ਤਸ਼ਖ਼ੀਸ ਸ਼ਨਾਖ਼ਤੀ ਕਾਰਵਾਈ ਅਤੇ ਟੈਸਟ।

(ਚੱਲਦਾ)


HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA



CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524




# PUNJABI AMERICAN ASSOCIATION MANTECA

Proudly presents

# ਗਿਆਰਵਾਂ ਵਿਸਾਖੀ ਖੇਡ ਮੇਲਾ

## Saturday may 6th, 2023 from 9am to 7pm

**At Woodward Park, lower basin 710 E, Woodward Ave, Manteca, CA 95337**

**Vaisaki bumper Raffle** (70th flat screen TV, laptops, game console, BBQ home audio system, bicycle and many more items....)

**Traditional fun games for kids**

**Tug of war**

**Games and sports for all age groups**

**Folk dance bhangra & gidha**

**Free admission**



**For more information call Tony Dhailwal @ (209)482-2948 Birinder singh @ (510)750-4135**

**E-mail: Paam.ca2010@gmail.com**

**On site police officers will be present.** Strictly NO DRUGS OR ALCOHOL allowed on mela Grounds.



Host
Mandeep bhullar
Cultural events



Host
Navina mann
Cultural events



Host
Harminder S.samana
Sports event
Law office of Anthony Nwosu

# ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ, ਚੀਨ ਸਮੇਤ ਹੋਰ ਦੇਸ਼ਾਂ ਤੋਂ ਗਿਣਤੀ ਘਟੀ

ਵਾਸ਼ਿੰਗਟਨ : ਪੜ੍ਹਾਈ ਦੇ ਮਾਮਲੇ ਵਿਚ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਹੈ। ਇੱਕ ਨਵੀਂ ਰਿਪੋਰਟ ਦੇ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ 2022 ਵਿੱਚ ਭਾਰਤ ਤੋਂ ਵੱਧ ਵਿਦਿਆਰਥੀ ਸੰਯੁਕਤ ਰਾਜ ਅਮਰੀਕਾ ਆਏ ਜਦੋਂ ਕਿ ਚੀਨ ਤੋਂ ਆਉਣ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਈ। ਯੂ.ਐੱਸ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਕਿ ਚੀਨ ਅਤੇ ਭਾਰਤ ਦੇ ਵਿਦਿਆਰਥੀਆਂ ਦੀ ਗਿਣਤੀ ਨੇ ਏਸ਼ੀਆ ਨੂੰ ਸਭ ਤੋਂ ਪ੍ਰਸਿੱਧ ਮਹਾਂਦੀਪ ਬਣਾਇਆ ਹੈ। ਕੈਲੰਡਰ ਸਾਲ 2020 ਤੋਂ 2021 ਵਿੱਚ ਚੀਨ ਨੇ 2021 (-24,796) ਦੇ ਮੁਕਾਬਲੇ 2022 ਵਿੱਚ ਘੱਟ ਵਿਦਿਆਰਥੀ ਭੇਜੇ, ਜਦੋਂ ਕਿ ਭਾਰਤ ਨੇ ਲਗਭਗ (+64,300) ਵੱਧ ਵਿਦਿਆਰਥੀ ਭੇਜੇ।

ਸਟੂਡੈਂਟ ਐਂਡ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ ਦੇ ਅਨੁਸਾਰ 12ਵੀਂ ਜਮਾਤ ਤੱਕ ਕਿੰਡਰਗਾਰਟਨ ਵਿੱਚ ਦਾਖਲ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 2021 ਤੋਂ 2022 (+3,887) ਤੱਕ 7.8 ਪ੍ਰਤੀਸ਼ਤ ਵਧੀ। ਰਿਪੋਰਟ ਵਿੱਚ ਕਿਹਾ ਗਿਆ ਕਿ ਕਿਸੇ ਵੀ K-12 ਸਕੂਲ ਨੇ ਕੈਲੰਡਰ ਸਾਲ 2022 ਵਿੱਚ 700 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਨਹੀਂ ਕੀਤੀ, ਇਹ ਗਿਣਤੀ ਕੈਲੰਡਰ ਸਾਲ 2021 ਦੇ ਬਰਾਬਰ ਹੈ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਕਿ ਸੰਯੁਕਤ ਰਾਜ ਦੇ ਸਾਰੇ ਚਾਰ ਖੇਤਰਾਂ ਵਿੱਚ 2021 ਤੋਂ 2022 ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਰਿਕਾਰਡ ਵਾਧਾ ਹੋਇਆ, ਜਿਸ ਵਿਚ ਸਬੰਧਤ ਵਾਧਾ 8 ਤੋਂ 11 ਪ੍ਰਤੀਸ਼ਤ ਤੱਕ ਸੀ।



# ਲੋਕ ਗਾਇਕਾ ਸੁੱਖੀ ਬਰਾੜ ਦੀ ਜ਼ਿੰਦਗੀ 'ਤੇ ਲਿਖੀ ਪੁਸਤਕ 'ਵਿਰਾਸਤ-ਏ-ਪੰਜਾਬ' ਲੋਕ ਅਰਪਣ

## *ਦੇਸ਼-ਵਿਦੇਸ਼ ਤੋਂ ਮਿਲ ਰਹੇ ਨੇ ਵਧਾਈ ਸੁਨੇਹੇ*





ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਊੱਭੀ ਧਾਲੀਆਂ): ਪੰਜਾਬੀ ਸੱਭਿਆਚਾਰਕ ਗਾਇਕੀ ਦਾ ਪਿੜ ਬਹੁਤ ਅਮੀਰ ਅਤੇ ਵੱਡਾ ਹੈ। ਇਸੇ ਪੰਜਾਬੀ ਸੱਭਿਆਚਾਰ ਦੀ ਵਿਰਾਸਤ ਨੂੰ ਹੋਰ ਵਿਸ਼ਾਲ ਕਰਨ ਲਈ ਬਹੁਤ ਸਾਰੇ ਪੰਜਾਬੀਆਂ ਦੇ ਨਾਂ ਸਾਮਲ ਹਨ। ਜਿੰਨਾਂ ਵਿੱਚੋਂ ਇੱਕ ਨਾਂ ਪੰਜਾਬੀ ਲੋਕ ਗਾਇਕਾ ਸੁੱਖੀ ਬਰਾੜ ਦਾ ਆਉਂਦਾ ਹੈ। ਜਿਸ ਨੇ ਜਿੰਨਾਂ ਵੀ ਗਾਇਆ, ਬਹੁਤ ਸਾਫ-ਸੁਥਰਾ ਅਤੇ ਸੱਭਿਆਚਾਰਕ ਗਾਇਆ। ਜਿਸ ਨੂੰ ਦੁਨੀਆਂ ਵਿੱਚ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਖਿੜੇ ਮੱਥੇ ਪ੍ਰਵਾਨ ਕਰਦੇ ਹੋਏ ਸਨਮਾਨ ਵੀ ਦਿੱਤਾ। ਜਿਸ ਤਰਾਂ ਕਹਿੰਦੇ ਹਨ ਕਿ "ਦੋ ਕਦਮ ਘੱਟ ਤੁਰਨਾ, ਪਰ ਤੁਰਨਾ ਮਟਕ ਦੇ ਨਾਲ"ਵਾਂਗ ਅੱਜ ਵੀ ਉਹ ਮਾਣ ਸਨਮਾਨ ਹੋਰ ਵੱਧ ਗਿਆ, ਜਦ ਇਸੇ ਲੋਕ ਗਾਇਕਾ ਸੁੱਖੀ ਬਰਾੜ ਦੀ ਜ਼ਿੰਦਗੀ 'ਤੇ ਅਧਾਰਿਤ ਲਿਖੀ ਪੁਸਤਕ "ਵਿਰਾਸਤ-ਏ-ਪੰਜਾਬ"ਨੂੰ ਖਾਸ ਤੌਰ 'ਤੇ ਨਾਂਮਵਰ ਸਖਸੀਅਤਾਂ ਦੀ ਹਾਜ਼ਰੀ ਵਿੱਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਨੇ ਲੋਕ ਅਰਪਣ ਕੀਤਾ। ਇਸ ਰਿਲੀਜ਼ ਸਮਾਰੋਹ ਦੌਰਾਨ ਹਰ ਕਿਸੇ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਵਿਰਸੇ ਪ੍ਰਤੀ ਗਾਇਕਾ ਸੁੱਖੀ ਬਰਾੜ ਦੇ ਅਣਥੱਕ ਯਤਨਾਂ ਅਤੇ ਸਮਰਪਣ ਦੀ ਸ਼ਲਾਘਾ ਵੀ ਕੀਤੀ। ਇਸ ਪੁਸਤਕ ਨੂੰ ਸ਼ੁਰੂ ਕਰਨ ਤੋਂ ਲੈ ਕੇ ਸਪੂੰਰਨ ਕਰਨ ਵਿੱਚ ਕਈ ਪ੍ਰਮੁੱਖ ਲੇਖਕਾਂ ਅਤੇ ਸਾਹਿੱਤਕਾਰਾ ਦਾ ਖਾਸ਼ ਯੋਗਦਾਨ ਰਿਹਾ ਹੈ। ਜਿੰਨਾ 'ਚ ਮੁੱਖ ਭੂਮਿਕਾ ਪ੍ਰਭਜੋਤ ਕੌਰ ਜੋਤ ਦੀ ਰਹੀ ਹੈ। ਜਦ ਕਿ ਇਸ ਨੂੰ ਪ੍ਰਕਾਸ਼ਿਤ ਕਰਨ ਵਿੱਚ 'ਪ੍ਰੀਤ ਪਬਲੀਕੇਸ਼ਨਜ਼ ਨਾਭਾ' ਦੇ ਸੁਰਿੰਦਰਜੀਤ ਸਿੰਘ ਚੌਹਾਨ ਦੀ ਅਹਿਮ ਭੂਮਿਕਾ ਰਹੀ ਹੈ। ਇਸ ਤਰਾਂ ਇਸ ਪੁਸਤਕ ਨੂੰ ਲੋਕ-ਅਰਪਣ ਇੱਕ ਵਿਸ਼ੇਸ਼ ਸਮਾਗਮ ਰਾਹੀ 'ਪੰਜਾਬ ਗਵਰਨਰ ਹਾਊਸ' ਵਿੱਚ ਕੀਤਾ ਗਿਆ। ਜਿੱਥੇ ਅਦਾਕਾਰਾ ਪ੍ਰੀਤੀ ਸਪਰੂ, ਗਾਇਕ ਪੰਮੀ ਬਾਈ, ਮਹੰਤ ਹਰਪਾਲ ਦਾਸ, ਨਵੀਨ, ਸੁਦੇਸ਼ ਸ਼ਰਮਾ, ਦੀਪਕ ਮਖੀਜਾ ਅਤੇ ਹੋਰ ਬਹੁਤ ਸਖਸੀਅਤਾਂ ਨੇ ਪਹੁੰਚ ਕੇ ਮਾਣ ਬਖਸਿਆ। ਸਮੁੱਚੇ ਅਮੈਰੀਕਨ ਪੰਜਾਬੀ ਭਾਈਚਾਰੇ ਦੇ ਨਾਲ ਸਾਡੇ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਪੰਜਾਬੀਅਤ ਦੇ ਮਾਣ ਲੋਕ ਗਾਇਕਾ ਸੁੱਖੀ ਬਰਾੜ ਨੂੰ ਬਹੁਤ-ਬਹੁਤ ਮੁਬਾਰਕਾਂ।

# ਅਮਰੀਕੀ ਯੂਨੀਵਰਸਿਟੀ ਦੇ ਵਿਦਿਆਰਥੀ 'ਤੇ ਹਮਲਾ ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ 'ਚ 4 ਗ੍ਰਿਫਤਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਸਥਿਤ ਲੀਹਾਈ ਯੂਨੀਵਰਸਿਟੀ ਦੇ ਇਕ ਕਾਲੇ ਵਿਦਿਆਰਥੀ 'ਤੇ ਕਥਿੱਤ ਤੌਰ 'ਤੇ ਹਮਲਾ ਕਰਨ ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਰਿਪੋਰਟ ਹੈ। ਨਾਰਥੈਂਪਟਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਗ੍ਰਿਫਤਾਰ ਵਿਅਕਤੀਆਂ ਵਿਚ ਬਰੈਡਨ ਜੌਹਨ (22), ਮਿਸ਼ੈਲ ਰੋਸਟਾ (21), ਨਾਬਿਲ ਜਮੀਲ (22) ਤੇ ਕੈਮਰਨ ਗਰਾਫ (22) ਸ਼ਾਮਿਲ ਹਨ। ਇਨਾਂ ਵਿਰੁੱਧ ਵੱਖ ਵੱਖ ਦੋਸ਼ ਆਇਦ ਕੀਤੇ ਗਏ ਹਨ ਜਿਨਾਂ ਵਿਚ ਹਮਲਾ ਕਰਨ, ਲੁੱਟਮਾਰ ਤੇ ਪ੍ਰੇਸ਼ਾਨ ਕਰਨ ਵਰਗੇ ਦੋਸ਼ ਸ਼ਾਮਿਲ ਹਨ। ਡਿਸਟ੍ਰਿਕਟ ਅਟਾਰਨੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਨਾਂ ਚਾਰਾਂ ਦਾ ਯੂਨੀਵਰਸਿਟੀ ਨਾਲ ਕੋਈ ਸਬੰਧ ਨਹੀਂ ਹੈ। ਡਿਸਟ੍ਰਿਕਟ ਅਟਾਰਨੀ ਟੈਰੀ ਹੌਕ ਨੇ ਕਿਹਾ ਹੈ ਕਿ ਨਾਰਥੈਂਪਟਨ ਕਾਊਂਟੀ ਵਿਚ ਇਸ ਕਿਸਮ ਦੇ ਭੱਦੇ ਵਿਵਹਾਰ ਲਈ ਕੋਈ ਜਗਾ ਨਹੀਂ ਹੈ ਤੇ ਅਜਿਹੇ ਮਾਮਲਿਆਂ ਵਿਚ ਸ਼ਾਮਿਲ ਵਿਅਕਤੀਆਂ ਨੂੰ ਸਿੱਟੇ ਭੁਗਤਣੇ ਪੈਣਗੇ। ਉਨਾਂ ਕਿਹਾ ਕਿ ਯੂਨੀਵਰਸਿਟੀ ਕੈਂਪਸ ਵਿਚ ਵਿਦਿਆਰਥੀਆਂ ਨੂੰ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੈ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**ਮਾਰਚ, 1915**

ਚੀਫ਼ ਖਾਲਸਾ ਦੀਵਾਨ ਵਲੋਂ 1915 ਵਿਚ ਪ੍ਰਕਾਸ਼ਿਤ ਗੁਰਮਤਿ ਪ੍ਰਕਾਸ਼- ਭਾਗ ਸੰਸਕਾਰ ਨਾਮ ਦੀ ਪੁਸਤਕ ਛਾਪੀ ਗਈ। ਇਸ ਦੀ ਭੂਮਿਕਾ ਵਿਚ ਹੀ ਇਸ ਦਾ ਮਕਸਦ ਅਤੇ ਸੰਖੇਪ ਇਤਿਹਾਸ ਵਰਣਨ ਕੀਤਾ ਗਿਆ ਹੈ। ਇਸ ਮੁਤਾਬਕ ਸਾਰੇ ਪੰਥ ਲਈ ਇਕ ਰਹਿਤ ਮਰਯਾਦਾ ਦੀ ਲੋੜ ਅਤੇ ਉਪਰਾਲੇ ਬਾਰੇ ਪਤਾ ਲੱਗਦਾ ਹੈ ਜੋ ਕਿ ਇਸ ਪੁਸਤਕ ਦੀ ਭੂਮਿਕਾ ਵਿਚ ਇਸ ਤਰ੍ਹਾਂ ਅੰਕਤ ਕੀਤਾ ਗਿਆ ਹੈ,

**ੴ ਸਤਿਗੁਰ ਪ੍ਰਸਾਦਿ**

**ਭੂਮਿਕਾ**

ਪੰਥ ਲਈ ਸੰਸਕਾਰਾਂ ਦੇ ਕਰਨ ਲਈ ਇਕ ਐਸੀ ਸੰਸਕਾਰਾਂ ਕਰਨ ਦੇ ਪ੍ਰਤੀਕ੍ਰਿਆਂ ਦੀ-ਪੋਥੀ ਦੀ ਲੋੜ ਸੀ ਜੋ ਪੰਥ ਪ੍ਰਮਾਣਿਕ ਹੋ ਕੇ ਪ੍ਰਕਾਸ਼ ਹੋਵੇ। ਇਸ ਅਰਥ ਚੀਫ਼ ਖਾਲਸਾ ਦੀਵਾਨ ਦੇਰ ਤੋਂ ਪ੍ਰਬੰਧ ਵਿਚ ਸੀ। ਅੰਤ 30 ਅਕਤੂਬਰ 1910 ਨੂੰ ਦੀਵਾਨ ਨੇ ਇਸ ਕਮੇਟੀ ਨੀਯਤ ਕੀਤੀ, ਜਿਸ ਕਮੇਟੀ ਨੇ ਆਪਣੀ 17 ਜਨਵਰੀ 1911 ਦੀ ਇਕੱਤਰਤਾ ਵਿਚ ਇਹ ਸੇਵਾ ਆਪਣੇ ਇਕ ਕਮੇਟੀ ਮੈਂਬਰ ਦੇ ਸਪੁਰਦ ਕੀਤੀ। ਉਨ੍ਹਾਂ ਦੇ ਖਰੜਾ ਤਯਾਰ ਕਰ ਲੈਣਾ ਪੁਰ ਉਹ ਖਰੜਾ ਕਮੇਟੀ ਦੇ ਮੈਂਬਰਾਂ ਪਾਸ ਵਿਚਾਰ ਲਈ ਗਿਆ, 3-4-5 ਜੂਨ 1912 ਨੂੰ ਕਮੇਟੀ ਜੁੜੀ ਤੇ ਯੋਗ ਅਦਲਾ ਬਦਲੀਆਂ ਕਰਕੇ ਖਰੜਾ ਪਾਸ ਹੋ ਕੇ ਛਾਪਿਆ ਗਿਆ ਤੇ ਫੇਰ ਸਾਰੇ ਪੰਥ ਵਿਚ ਰਾਵਾਂ ਵਾਸਤੇ ਘਲਿਆ ਗਿਆ। (ਦੇਖੋ ਅੰਤਕਾ 1) ਫੇਰ 6 ਅਪ੍ਰੈਲ 1913 ਨੂੰ ਸਮਾਗਮ ਹੋਇਆ। 27 ਜਥਿਆਂ ਤੇ 105 ਸੱਜਣਾਂ ਦੀਆਂ ਰਾਵਾਂ ਪੇਸ਼ ਹੋਈਆਂ। ਫੇਰ ਸਭ ਰਾਵਾਂ ਪਰ ਵਿਚਾਰ ਛਿੜੀ, ਸਰਬ ਸੰਮਤੀ ਨਾਲ ਕਈ ਇਕ ਦਰੁਸਤੀਆਂ ਤੇ ਬਦਲੀਆਂ ਹੋਈਆਂ ਤੇ ਖਰੜਾ ਮੁੜ (ਦੇਖੋ ਅੰਤਕਾ 2) ਛਾਪਿਆ ਗਿਆ ਤੇ ਪੰਥਕ ਅਖ਼ਬਾਰਾਂ ਵਿਚ ਵੀ ਛਾਪਿਆ ਗਿਆ ਤੇ ਪਹਿਲੇ ਸੰਮਤੀ ਦਾਤਿਆਂ ਜੋਗ ਘੱਲਿਆ ਗਿਆ। ਇਸ ਤੋਂ ਮਗਰੋਂ ਸਮਾਗਮ 27 ਤੇ 29 ਮਾਰਚ 1914 ਨੂੰ ਹੋਇਆ, ਇਸ ਸਮਾਗਮ ਵਿਚ 26 ਜਥਿਆਂ ਤੇ 80 ਸੱਜਣਾਂ ਵਲੋਂ ਰਾਵਾਂ ਆਈਆਂ। ਇਕੱਤ੍ਰਤਾ ਵਿਚ ਮੈਂਬਰਾਂ ਤੋਂ ਛੁੱਟ ਇਕ ਦਿਨ 7 ਤੇ ਦੂਏ ਦਿਨ 23 ਹੋ ਸੱਜਣਾਂ ਨੇ ਦਰਸ਼ਨ ਦਿੱਤੇ। (ਦੇਖੋ ਅੰਤਕਾ 3) ਦੋ ਦਿਨ ਰਾਤ ਚਿਰ ਤੱਕ ਬੈਠ ਕੇ ਸਮਾਗਮ ਨੇ ਰਾਵਾਂ ਦੀ ਵੀਚਾਰ ਤੇ ਖਰੜੇ ਦੀ ਪੰਥ ਵਲੋਂ ਆਈ ਸੰਮਤੀ ਦੇ ਤੱਦ ਮੰਥਨ ਕਰਕੇ ਆਖਰੀ ਦਰੁਸਤੀ ਕੀਤੀ ਤੇ ਮੁਕੰਮਲ ਕਰਦੇ ਦੀਵਾਨ ਦੀ ਸੇਵਾ ਵਿਚ ਘੱਲ ਦਿੱਤਾ।

24 ਮਈ 1914 ਨੂੰ ਇਹ ਕਮੇਟੀ ਦਾ ਪ੍ਰਵਾਣਿਤ ਖਰੜਾ ਚੀਫ਼ ਖਾਲਸਾ ਦੀਵਾਨ ਦੀ ਐਗਜ਼ੈਕਟਿਵ ਕਮੇਟੀ ਵਿਚ ਵਿਚਾਰ ਲਈ ਪੇਸ਼ ਹੋਇਆ। ਐਗਜ਼ੈਕਟਿਵ ਕਮੇਟੀ ਦੀ ਵਿਚਾਰ ਮਗਰੋਂ ਪਰਵਾਣ ਹੋ ਕੇ ਇਸ ਨੂੰ ਦੀਵਾਨ ਦੀ ਜਨਰਲ ਕਮੇਟੀ ਵਿਚ ਘਲਿਆ ਗਿਆ। ਜਨਰਲ ਕਮੇਟੀ ਦੇ 18-10-1914 ਦੇ ਸਮਾਗਮ ਵਿਚ ਪੇਸ਼ ਹੋ ਕੇ ਪਰਵਾਨ ਹੋਇਆ। ਇਉਂ ਇਹ ਪੰਥ ਦੀ ਅਤਿ ਲੋੜੀਂਦੀ ਵਸਤ ਗੁਰਮਤਿ ਪ੍ਰਕਾਸ਼ (ਸੰਸਕਾਰ ਭਾਗ) ਸਮੂਹ ਪੰਥ ਦੀਆਂ ਵਿਚਾਰਾਂ ਸੋਚਾਂ ਤੇ ਮਿਹਨਤਾਂ ਨਾਲ ਤਯਾਰ ਤੇ ਮੁਕੰਮਲ ਹੋ ਕੇ ਪੰਥ ਵਿਚ ਪ੍ਰਵਿਰਤ ਕੀਤੇ ਜਾਣ ਨਮਿੱਤ ਛਾਪ ਕੇ ਪ੍ਰਕਾਸ਼ਤ ਕੀਤਾ ਜਾਂਦਾ ਹੈ।


ਸਿੱਖਾਂ ਲਈ ਸਾਰੇ ਪੰਥ ਵਿਚ ਇਹ ਸੰਸਕਾਰਾਂ ਦੀ ਮਰਯਾਦਾ ਦਾ ਪੁਸਤਕ ਉਪਰ ਲਿਖੇ ਤਰੀਕੇ ਨਾਲ "ਪੰਥ ਪ੍ਰਵਾਣ" ਹੋ ਕੇ ਹੁਣ ਸਾਰਿਆਂ ਲਈ ਮੰਨਣਯੋਗ ਪੁਸਤਕ ਹੈ, ਅਰ ਸਾਰੇ ਸੰਸਕਾਰ ਇਸ ਅਨੁਸਾਰ ਹੋਣੇ ਉਚਿਤ ਹਨ।

**ਸ੍ਰੀ ਅੰਮ੍ਰਿਤਸਰ**

**ਮਾਰਚ 1915**

**ਪ੍ਰਾਰਥਕ ਦਾਸ**

**ਸਕੱਤਰ, ਚੀਫ਼ ਖਾਲਸਾ ਦੀਵਾਨ**




**16 ਨਵੰਬਰ 1920**

ਜਥੇਦਾਰ ਤੇਜਾ ਸਿੰਘ ਜੀ ਭੁੱਚਰ ਨੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪੰਥ ਦੇ ਮੁਖੀਆਂ ਦੇ ਨਾਮ ਇਕੱਠ ਲਈ ਹੁਕਮਨਾਮਾ ਜਾਰੀ ਕੀਤਾ। ਇਸ ਆਵਾਜ਼ 'ਤੇ 15 ਨਵੰਬਰ, 1920 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਪੰਥ ਦਾ ਪ੍ਰਤੀਨਿਧ ਇਕੱਠ ਹੋਇਆ। ਇਸ ਵਿਚ ਪੰਜਾਂ ਤਖਤਾਂ, ਗੁਰਦੁਆਰਿਆਂ, ਸਿੰਘ ਸਭਾਵਾਂ, ਸਿੱਖ ਸੁਸਾਇਟੀਆਂ, ਖਾਲਸਾ ਕਾਲਜਾਂ, ਖਾਲਸਾ ਹਾਈ ਸਕੂਲਾਂ ਤੇ ਪ੍ਰਾਇਮਰੀ ਸਕੂਲਾਂ, ਰਿਆਸਤ, ਫੌਜਾਂ, ਨਿਹੰਗ ਸਿੰਘਾਂ ਤੇ ਸਿੱਖ ਸੰਪ੍ਰਦਾਵਾਂ ਆਦਿ ਵਲੋਂ ਮੁਨਾਸਬ ਵੰਡ ਅਨੁਸਾਰ ਪ੍ਰਤੀਨਿਧ ਸੱਦੇ ਗਏ। ਇਸ ਵਿਚ ਸ਼ਾਮਲ ਹੋਣ ਵਾਲੇ ਪ੍ਰਤੀਨਿਧਾਂ ਲਈ ਸ਼ਰਤਾਂ ਇਹ ਸਨ :

1. ਅੰਮ੍ਰਿਤਧਾਰੀ ਹੋਵੇ।
2. ਪੰਜਾਂ ਕਕਾਰਾਂ ਦਾ ਧਾਰਨੀ ਹੋਵੇ
3. ਨਿੱਤਨੇਮ ਦੀਆਂ ਬਾਣੀਆਂ ਦਾ ਨਿੱਤ ਪਾਠ ਕਰਦਾ ਹੋਵੇ।
4. ਅੰਮ੍ਰਿਤ ਵੇਲੇ ਜਾਗਣ ਦਾ ਨੇਮੀ ਹੋਵੇ।
5. ਆਪਣੀ ਕਮਾਈ ਦਾ ਦਸਵੰਧ ਦੇਣ ਵਾਲਾ ਹੋਵੇ।

ਇਸ ਮੀਟਿੰਗ ਵਿਚ 175 ਮੈਂਬਰਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ ਜਿਸ ਵਿਚ ਸਰਕਾਰ ਵਲੋਂ ਮੁਕੱਰਰ ਕੀਤੇ 36 ਮੈਂਬਰ ਵੀ ਸ਼ਾਮਲ ਕਰ ਲਏ ਗਏ। ਉਪਰੰਤ ਆਰਜ਼ੀ ਤੌਰ 'ਤੇ ਸ੍ਰ. ਹਰਬੰਸ ਸਿੰਘ ਅਟਾਰੀ ਪ੍ਰਧਾਨ ਨਾਮਜ਼ਦ ਕੀਤੇ ਗਏ ਅਤੇ ਨਿਰਣਾਕੀਤਾ ਗਿਆ ਕਿ ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਦੀ ਹੈਸੀਅਤ ਵਿਚ ਕੰਮ ਚਲਾਂਦੇ ਰਹਿਣਗੇ।

ਉਸ ਸਮੇਂ ਸਾਡੇ ਬਜ਼ੁਰਗਾਂ ਦਾ ਗੁਰਸਿੱਖੀ ਅਤੇ ਚੇਤੰਨਤਾ ਦਾ ਪੱਧਰ ਕਿਤਨਾ ਉਚਾ ਸੀ ਕਿ ਉਨ੍ਹਾਂ ਨੇ ਇਹ ਨਹੀਂ ਲਿਖਿਆ ਕਿ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦਾ ਹੋਵੇ। ਬਲਕਿ ਇਹ ਲਿਖਿਆ ਕਿ ਨਿੱਤਨੇਮ ਦੀਆਂ ਬਾਣੀਆਂ ਦਾ ਨਿੱਤ ਪਾਠ ਕਰਦਾ ਹੋਵੇ।

**12 ਦਸੰਬਰ 1920**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉਪਰੋਕਤ 175 ਮੈਂਬਰਾਂ ਦੀ ਪਲੇਠੀ ਇਕੱਤਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ। ਇਸ ਵਿਚ ਹਰ ਮੈਂਬਰ ਪਹਿਲਾਂ ਪੰਜਾਂ ਪਿਆਰਿਆਂ ਪਾਸੋਂ ਸੁਧਾਈ ਕਰਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਪਰਲੀ ਛੱਤ 'ਤੇ ਜਾਂਦਾ ਸੀ। ਇਸ ਮੀਟਿੰਗ ਵਿਚ ਅਹੁਦੇਦਾਰ ਚੁਣੇ ਗਏ : ਸ੍ਰ. ਸੁੰਦਰ ਸਿੰਘ ਮਜੀਠਾ ਪ੍ਰਧਾਨ, ਸ੍ਰ. ਹਰਬੰਸ ਸਿੰਘ ਅਟਾਰੀ, ਮੀਤ ਪ੍ਰਧਾਨ ਅਤੇ ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ।

ਕੀ ਹੁਣ ਇਸ ਸੁਧਾਈ ਦੀ ਲੋੜ ਨਹੀਂ ਰਹੀ। ਜਾਂ ਕੀ ਪੰਥ ਇਸ ਪ੍ਰੰਪਰਾ ਨੂੰ ਮੁੜ ਸੁਰਜੀਤ ਨਹੀਂ ਕਰ ਸਕਦਾ।

(ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰਨਾ ੩੫੩)

**(ਚਲਦਾ)**

# ਬੱਚਿਆਂ ਦੀ ਸੰਥਿਆ ਸੰਪੂਰਨ ਹੋਣ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਵਿਸ਼ੇਸ਼ ਦੀਵਾਨ 7 ਮਈ ਨੂੰ

ਗੁਰਦੁਆਰਾ ਪੀਚ ਐਵਨਿਊ ਲਵਿੰਗਸਟਨ ਕੈਲੀਫੋਰਨੀਆ ਵਿਖੇ ਪਿਛਲੇ ਤਿੰਨ ਸਾਲਾਂ ਤੋਂ ਪੰਜਾਬੀ ਦੀ ਕਲਾਸ ਲੱਗਦੀ ਹੈ। ਭਾਈ ਗੁਰਦੇਵ ਸਿੰਘ ਜੀ ਤਬਲਾ ਵਾਦਕ ਨੇ ਅਮਰੀਕਾ ਦੇ ਜੰਮਪਲ ਬੱਚਿਆਂ ਨੂੰ ਪੰਜਾਬੀ ਭਾਸ਼ਾ ਸਿਖਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਨ ਦੇ ਯੋਗ ਬਣਾਇਆ। ਕਲਾਸ ਵਿੱਚ ਤਕਰੀਬਨ 50 ਤੋਂ 60 ਦੇ ਕਰੀਬ ਬੱਚੇ ਪੜ੍ਹਦੇ ਹਨ। ਹਰ ਰੋਜ਼ ਗੁਰਬਾਣੀ ਅਤੇ ਪੰਜਾਬੀ ਦੀ ਕਲਾਸ ਲੱਗਦੀ ਹੈ। ਗੁਰਬਾਣੀ ਦੀ ਸੰਥਿਆ 13 ਬੱਚਿਆਂ ਨੇ ਪ੍ਰਾਪਤ ਕੀਤੀ ਹੈ। ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਦੀ ਸੇਵਾ ਭਾਈ ਕਰਮਜੀਤ ਸਿੰਘ ਖੰਡੂਰ ਵਾਲਿਆਂ ਨੇ ਨਿਭਾਈ ਹੈ। ਬੱਚਿਆਂ ਦੀ ਸੰਥਿਆ ਸੰਪੂਰਨ ਹੋਣ ਦੀ ਖੁਸ਼ੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁਕਰਾਨਾ ਕਰਦਿਆਂ 7 ਮਈ 2023 ਦਿਨ ਐਤਵਾਰ ਨੂੰ ਵਿਸ਼ੇਸ਼ ਦੀਵਾਨ ਸਜਾਇਆ ਜਾ ਰਿਹਾ ਹੈ। ਸਮਾਂ 09:00 ਤੋਂ 12 :30 ਵਜੇ ਤੱਕ। ਇਨ੍ਹਾਂ ਸਮਾਗਮਾਂ ਵਿੱਚ ਬੱਚਿਆਂ ਵੱਲੋਂ ਕੀਰਤਨ, ਸਹਸਕ੍ਰਿਤੀ ਅਤੇ ਨੌਵੇਂ ਮੁਹੱਲੇ ਦੇ ਸਲੋਕ ਸੰਗਤੀ ਰੂਪ 'ਚ ਪੜ੍ਹੇ ਜਾਣਗੇ। ਜਿਨ੍ਹਾਂ ਬੱਚਿਆਂ ਨੇ ਗੁਰਬਾਣੀ ਪੜ੍ਹਨੀ ਸਿੱਖੀ ਏ ਉਨ੍ਹਾਂ ਦਾ ਮਾਣ ਸਨਮਾਨ ਕੀਤਾ ਜਾਵੇਗਾ। ਵਿਸ਼ੇਸ਼ ਤੌਰ 'ਤੇ ਇਨ੍ਹਾਂ ਸਮਾਗਮਾਂ 'ਚ ਭਾਈ ਆਤਮਜੋਤ ਸਿੰਘ ਯੂਬਾ ਸਿਟੀ ਵਾਲੇ ਪਹੁੰਚ ਰਹੇ ਹਨ। ਇਨ੍ਹਾਂ ਸਾਰੇ ਕਾਰਜਾਂ ਅੰਦਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਗੁਰਪਾਲ ਸਿੰਘ ਕੈਲੇ ਅਤੇ ਉਨ੍ਹਾਂ ਦੀ ਸਮੁੱਚੀ ਕਮੇਟੀ ਦਾ ਬਹੁਤ ਵੱਡਾ ਯੋਗਦਾਨ ਹੈ। ਸੋ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਅਤੇ ਵੱਖ-ਵੱਖ ਸਟਾਲਾਂ ਦੁਆਰਾ ਸੰਗਤਾਂ ਦੀ ਸੇਵਾ ਹੋਵੇਗੀ। ਪ੍ਰੈਸ ਨੂੰ ਜਾਣਕਾਰੀ ਭਾਈ ਕਰਮਜੀਤ ਸਿੰਘ ਖੰਡੂਰ ਵਾਲੇ ਜੋ ਕਿ ਗੁਰਦੁਆਰਾ ਪੀਚ ਐਵਨਿਊ ਲਵਿੰਗਸਟਨ ਕੈਲੀਫੋਰਨੀਆ ਵਿਖੇ ਬਤੌਰ ਕੀਰਤਨ ਦੀ ਸੇਵਾ ਨਿਭਾ ਰਹੇ ਹਨ।



"ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੈ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ ..
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲਖ ਹਜ਼ਾਰ ਜਿਉਂਦੇ।"


## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ


# Gurdwara Sahib Stockton

1930 South Sikh Temple St, Stockton, CA 95206 (A Historical Land Mark of CA)


# 18, ਜੂਨ ਘੱਲੂਘਾਰਾ ਦਿਵਸ





ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ



ਸ਼ਹੀਦ ਭਾਈ ਜਨਰਲ ਸੁਬੇਗ ਸਿੰਘ



ਸ਼ਹੀਦ ਭਾਈ ਅਮਰੀਕ ਸਿੰਘ

## ਕੌਮ ਦੀ ਅਣਖ, ਆਬਰੂ ਅਤੇ ਅਜ਼ਾਦੀ ਲਈ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ ਜਾਮ ਪੀਣ ਵਾਲੇ ਇਨ੍ਹਾਂ ਮਹਾਨ ਯੋਧਿਆਂ ਸ਼ਹੀਦਾਂ ਦੀ ਨਿੱਘੀ ਯਾਦ ਵਿਚ

## ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋਵੇਗਾ



ਜਥੇਦਾਰ ਜਸਪ੍ਰੀਤ ਸਿੰਘ ਲਵਲਾ ਅਤੇ ਉਨ੍ਹਾਂ ਦੇ ਜਥੇ ਵਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

ਸਾਡੇ ਲੋਕ

**ਅਰੰਭ ਸ਼੍ਰੀ ਅਖੰਡਪਾਠ ਸਾਹਿਬ : 16, ਜੂਨ ਦਿਨ ਸ਼ੁਕਰਵਾਰ ਸਵੇਰੇ 10:00 ਵਜੇ**

**ਭੋਗ ਸ਼੍ਰੀ ਅਖੰਡਪਾਠ ਸਾਹਿਬ : 18, ਜੂਨ ਦਿਨ ਐਤਵਾਰ ਸਵੇਰੇ 10:00 ਵਜੇ**

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750,
ਅਮਰਜੀਤ ਸਿੰਘ ਤੁੰਗ -209-954-2881, ਰਵਿੰਦਰ ਸਿੰਘ ਧਾਲੀਵਾਲ-209-405-1544, ਜਗਜੀਤ ਸਿੰਘ ਰੱਕੜ - 209-483-9700,
ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਗੁਰਨਾਮ ਸਿੰਘ ਟਿੱਕਾ - 209-649-1208,
ਗੁਰਨਾਮ ਸਿੰਘ ਵੜੈਚ - 415-596-9246, ਬਲਦੇਵ ਸਿੰਘ - 209-351-0786, ਰਮਿੰਦਰਜੀਤ ਸਿੰਘ ਮਿੰਟੂ (ਸੰਧੂ) - 209-494-6462

# ਬੇਅਦਬੀ ਦੇ ਦੋਸ਼ੀ ਦਾ ਲੋਕਾਂ ਵਲੋਂ ਬਾਈਕਾਟ

## ਪਰਿਵਾਰ ਲਾਸ਼ ਲੈਣ ਵੀ ਨਾ ਪੁੱਜਾ





ਮੋਰਿੰਡਾ : ਮੋਰਿੰਡਾ ਦੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਵਿਚ ਬੇਅਦਬੀ ਕਰਨ ਵਾਲੇ ਜਸਵੀਰ ਸਿੰਘ ਦੀ ਲਾਸ਼ ਲੈਣ ਕੋਈ ਨਹੀਂ ਪਹੁੰਚਿਆ, ਜਿਸ ਕਾਰਨ ਪਟਿਆਲਾ ਵਿਖੇ ਪੁਲਿਸ ਨੇ ਹੀ ਉਸ ਦਾ ਪੋਸਟ ਮਾਰਟਮ ਕਰਵਾਇਆ। ਪੁਲਿਸ ਅਨੁਸਾਰ ਪਰਿਵਾਰ ਦੀ ਉਡੀਕ ਕੀਤੀ ਜਾਵੇਗੀ ਉਹ ਲਾਸ਼ ਲੈਣ ਆਉਂਦੇ ਹਨ ਜਾਂ ਨਹੀਂ, ਨਹੀਂ ਤਾਂ ਪਟਿਆਲਾ ਵਿਖੇ ਹੀ ਉਸ ਦਾ ਅੰਤਿਮ ਸਸਕਾਰ ਕਰ ਦਿੱਤਾ ਜਾਵੇਗਾ। ਜਸਵੀਰ ਦੀ ਬੀਤੀ ਦੇਰ ਰਾਤ ਮਾਨਸਾ ਦੇ ਸਿਵਲ ਹਸਪਤਾਲ ਵਿਚ ਮੌਤ ਹੋ ਗਈ ਸੀ। ਸੂਤਰਾਂ ਮੁਤਾਬਕ ਮੌਤ ਤੋਂ ਪਹਿਲਾਂ ਉਸ ਨੇ ਮਾਨਸਾ ਦੀ ਜੇਲ੍ਹ ਵਿਚ ਪੇਟ ਦਰਦ ਤੇ ਛਾਤੀ ਦੀ ਤਕਲੀਫ਼ ਸਬੰਧੀ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਸੀ, ਜਿਨ੍ਹਾਂ ਵਲੋਂ ਮੁਢਲੀ ਸਹਾਇਤਾ ਦੇਣ ਉਪਰੰਤ ਮਾਨਸਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਪਰ ਹਾਲਤ ਕਾਬੂ ਹੇਠ ਆਉਣ ਦੀ ਥਾਂ, ਸਗੋਂ ਵਿਗੜਦੇ ਹੀ ਗਏ। ਬਾਅਦ ਵਿਚ ਤਕਰੀਬਨ ਸਾਢੇ ਨੌਂ ਵਜੇ ਉਸ ਦੀ ਡਾਕਟਰਾਂ ਵਲੋਂ ਮੌਤ ਹੋ ਗਈ। ਇਥੇ ਦੌਰਾਨ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਾਲੇ ਤੱਕ ਲਾਸ਼ ਲੈਣ ਲਈ ਪਰਿਵਾਰ ਵਲੋਂ ਪੁਲਿਸ ਨਾਲ ਤਾਲਮੇਲ ਨਹੀਂ ਕੀਤਾ ਗਿਆ। ਮਾਨਸਾ ਦੇ ਸੀਨੀਅਰ ਪੁਲਿਸ ਕਪਤਾਨ ਡਾ. ਨਾਨਕ ਸਿੰਘ ਨੇ ਦੱਸਿਆ ਕਿ ਜਸਵੀਰ ਸਿੰਘ ਦੀ ਮੌਤ ਛਾਤੀ ਵਿਚ ਦਰਦ ਹੋਣ ਨਾਲ ਹੋਈ ਦੱਸੀ ਜਾਂਦੀਹੈ। ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟ ਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਲੱਗੇਗਾ।

## ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬੇਅਦਬੀ ਦੇ ਦੋਸ਼ੀ ਦੀਆਂ ਅੰਤਿਮ ਰਸਮਾਂ 'ਚ ਹਿੱਸਾ ਨਾ ਲੈਣ ਦੀ ਅਪੀਲ ਕੀਤੀ



ਸ੍ਰੀ ਅਨੰਦਪੁਰ ਸਾਹਿਬ : ਪੰਜਾਬ ਦੇ ਮੋਰਿੰਡਾ ਵਿਚ ਹਾਲ ਹੀ ਹੋਈ ਬੇਅਦਬੀ ਦੀ ਘਟਨਾ ਦੇ ਮੁਲਜ਼ਮ ਦੀ ਬੀਤੇ ਦਿਨ ਮਾਨਸਾ ਦੇ ਸਿਵਲ ਹਸਪਤਾਲ 'ਚ ਮੌਤ ਹੋ ਗਈ ਸੀ। ਇਸ ਸਬੰਧ 'ਚ ਬੋਲਦੇ ਹੋਏ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੇ ਸੰਗਤ ਨੂੰ ਕਿਹਾ ਕਿ ਉਹ ਬੇਅਦਬੀ ਕਰਨ ਵਾਲੇ ਮੁਲਜ਼ਮ ਦੀ ਮੌਤ ਅਤੇ ਅੰਤਿਮ ਰਸਮਾਂ ਵਿੱਚ ਗੁਰੂ ਨੂੰ ਪਿਆਰ ਕਰਨ ਵਾਲਾ ਕੋਈ ਵੀ ਵਿਅਕਤੀ ਸ਼ਾਮਿਲ ਨਾ ਹੋਵੇ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਕੋਈ ਹਮਦਰਦੀ ਜਤਾਵੇ, ਕਿਉਂਕਿ ਉਸਨੇ ਸਾਡੇ ਗੁਰੂ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਵੀ ਪੈਰੋਕਾਰ ਨੂੰ ਉਕਤ ਮੁਲਜ਼ਮ ਦੀ ਅੰਤਿਮ ਕਿਰਿਆ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਕੋਈ ਗ੍ਰੰਥੀ ਸਿੰਘ, ਕਥਾਵਾਚਕ ਅਤੇ ਹੋਰ ਪ੍ਰਚਾਰਕ ਉਸ ਦੀਆਂ ਅੰਤਿਮ ਰਸਮਾਂ ਅਦਾ ਕਰੇ। ਬੇਅਦਬੀ ਕਰਨ ਵਾਲੇ ਵਿਅਕਤੀ ਦੀ ਅੰਤਿਮ ਕਿਰਿਆ ਲਈ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਰੂਪ ਵੀ ਨਹੀਂ ਦੇਣਾ ਚਾਹੀਦਾ।

ਜ਼ਿਕਰਯੋਗ ਹੈ ਕਿ ਮੋਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਬੀਤੇ ਕੁਝ ਦਿਨ ਪਹਿਲਾਂ ਜਸਵੀਰ ਸਿੰਘ ਨਾਮਕ ਵਿਅਕਤੀ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਸੀ। ਮੌਕੇ 'ਤੇ ਮੌਜੂਦ ਲੋਕਾਂ ਨੇ ਉਸ ਦੀ ਕੁੱਟਮਾਰ ਕਰਦੇ ਹੋਏ ਪੁਲਸ ਦੇ ਹਵਾਲੇ ਕਰ ਦਿੱਤਾ ਸੀ। ਬੀਤੇ ਦਿਨੀਂ ਮਾਨਸਾ ਦੀ ਜੇਲ੍ਹ ਵਿਚ ਉਸ ਦੀ ਸਿਹਤ ਖ਼ਰਾਬ ਹੋ ਗਈ, ਜਿਸ ਨੂੰ ਮੁਢਲੀ ਸਹਾਇਤਾ ਦੇਣ ਲਈ ਮਾਨਸਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਬਾਅਦ ਵਿਚ ਉਸ ਦੀ ਮੌਤ ਹੋ ਗਈ।

## ਨਾ ਸਸਕਾਰ ਹੋਣ ਦਿਆਂਗੇ ਅਤੇ ਨਾ ਹੀ ਅੰਤਿਮ ਰਸਮਾਂ ਹੋਣ ਦਿਆਂਗੇ : ਮੋਰਿੰਡਾ ਵਾਸੀ



ਮੋਰਿੰਡਾ : ਇਥੇ ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਦੀ ਪ੍ਰਬੰਧਕ ਕਮੇਟੀ ਅਤੇ ਡੇਰਾ ਕਾਰ ਸੇਵਾ ਵਲੋਂ ਐਸਡੀਐਮ ਦੀਪਾਂਕਰ ਗਰਗ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਬੇਅਦਬੀ ਦੇ ਦੋਸ਼ੀ ਦਾ ਮੋਰਿੰਡਾ ਦੀ ਕਿਸੇਵੀ ਸ਼ਮਸ਼ਾਨਘਾਟ ਵਿਚ ਸਸਕਾਰ ਨਾ ਹੋਣ ਦਿੱਤਾ ਜਾਵੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਹਰਦੀਪ ਸਿੰਘ ਆਨੰਦ, ਤੀਰਥ ਸਿੰਘ ਭਟੋਆ, ਰਵਿੰਦਰ ਸਿੰਘ, ਮਨਦੀਪ ਸਿੰਘ ਰੌਣੀ ਅਤੇ ਰਾਜਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਨਾ ਹੀ ਗ੍ਰੰਥੀ ਅਰਦਾਸ ਕਰੇਗਾ ਅਤੇ ਨਾ ਹੀ ਕੋਈ ਗੁਰਸਿੱਖ ਸਸਕਾਰ ਵਿਚ ਸ਼ਾਮਲ ਹੋਵੇਗਾ। ਮੈਂਬਰਾਂ ਨੇ ਦੱਸਿਆ ਕਿ ਦੋਸ਼ੀ ਨਮਿਤ ਪਾਠ ਲਈ ਸ਼ਹਿਰ ਦਸ ਕਿਸੇ ਗੁਰੂ ਘਰ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਗੁਰੂ ਘਰ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨਹੀਂ ਦਿੱਤੇ ਜਾਦਗੇ ਅਤੇ ਨਾ ਹੀ ਕੋਈ ਪਾਠੀ ਸਿੰਘ ਅਤੇ ਕੀਰਤਲੀ ਕਥਾ ਦੋਸ਼ੀ ਦੀ ਅੰਤਿਮ ਅਰਦਾਸ ਅਤੇ ਕੀਰਤਨ ਕਰੇਗਾ। ਮੈਂਬਰਾਂ ਨੇ ਦੱਸਿਆ ਕਿ ਐਸਡੀਐਮ ਨੇ ਭਰੋਸਾ ਦਿੱਤਾ ਹੈ ਕਿ ਉਚ ਅਧਿਕਾਰੀਆਂ ਨਾਲ ਗੱਲ ਕਰਕੇ ਸ਼ਹਿਰ ਤੇ ਇਲਾਕੇ ਵਿਚ ਅਮਨ ਸ਼ਾਂਤੀ ਬਣਾਈ ਰੱਖਣ ਲਈ ਢੁਕਵੇਂ ਕਦਮ ਚੁੱਕੇ ਜਾਣਗੇ।

## 'ਦਿ ਸਿੱਖ ਗਰੁੱਪ' ਵੱਲੋਂ 100 ਪ੍ਰਭਾਵਸ਼ਾਲੀ ਸਿੱਖਾਂ ਦੀ ਸੂਚੀ ਜਾਰੀ

### *ਜਥੇਦਾਰ ਕੁਲਵੰਤ ਸਿੰਘ ਦਾ ਨਾਮ ਪਹਿਲੇ ਤੇ ਜਥੇਦਾਰ ਹਰਪ੍ਰੀਤ ਸਿੰਘ ਦਾ ਨਾਂ ਦੂਜੇ ਸਥਾਨ 'ਤੇ ਦਰਜ*



ਅੰਮ੍ਰਿਤਸਰ : ਯੂਕੇ ਦੀ ਸਿੱਖ ਸੰਸਥਾ 'ਦਿ ਸਿੱਖ ਗਰੁੱਪ' ਵੱਲੋਂ ਜਾਰੀ 'ਦਿ ਸਿੱਖਸ 100' ਸੂਚੀ ਦੇ ਤਾਜ਼ਾ 11ਵੇਂ ਅਡੀਸ਼ਨ ਵਿੱਚ ਸੰਸਾਰ ਦੇ 100 ਪ੍ਰਭਾਵਸ਼ਾਲੀ ਸਿੱਖਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਨਾਂ ਵੀ ਦਰਜ ਕੀਤਾ ਗਿਆ ਹੈ। ਸੰਸਥਾ ਵੱਲੋਂ ਸਾਲ 2022 ਦੀ ਜਾਰੀ ਕੀਤੀ ਸੂਚੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 2022 ਵਿੱਚ ਵਿਸ਼ਵ ਪੱਧਰ 'ਤੇ ਪ੍ਰਭਾਵਸ਼ਾਲੀ 100 ਸਿੱਖਾਂ 'ਚੋਂ ਤੀਜੇ ਸਥਾਨ 'ਤੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੌਥੇ ਸਥਾਨ 'ਤੇ ਹਨ।

ਇਸ ਸੂਚੀ 'ਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਪਹਿਲੇ ਸਥਾਨ 'ਤੇ ਹਨ। ਉਨ੍ਹਾਂ ਤੋਂ ਬਾਅਦ ਦੂਜੇ ਨੰਬਰ 'ਤੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਨਾਂ ਦਰਜ ਹੈ। ਲੰਡਨ ਤੋਂ 'ਦਿ ਸਿੱਖ ਗਰੁੱਪ' ਦੇ ਸੰਸਥਾਪਕ ਨਵਦੀਪ ਸਿੰਘ ਨੇ ਕਿਹਾ ਕਿ ਮੌਜੂਦਾ ਸੂਚੀ ਵਿੱਚ 2.6 ਕਰੋੜ ਸਿੱਖਾਂ 'ਚੋਂ ਵਿਸ਼ਵ ਦੇ 100 ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਨੂੰ ਚੁਣਿਆ ਗਿਆ ਹੈ। ਇਸ ਸੂਚੀ ਵਿੱਚ ਥਾਂ ਪਾਉਣ ਵਾਲੇ ਹੋਰਾਂ ਸਿੱਖਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕੇਂਦਰੀ ਮੰਤਰੀ ਹਰਦੀਪ ਪੁਰੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੈਨੇਡਾ ਦੇ ਰੱਖਿਆ ਮੰਤਰੀ ਅਤੇ ਸੰਸਦ ਮੈਂਬਰ ਹਰਜੀਤ ਸਿੰਘ ਸੱਜਣ, ਦਿੱਲੀ ਸਿੱਖ ?ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਖਾਲਸਾ ਏਡ ਦੇ ਆਗੂ ਰਵੀ ਸਿੰਘ, ਪੰਜਾਬੀ ਗਾਇਕ ਦਿਲਜੀਤ ਦੁਸਾਂਝ ਆਦਿ ਦੇ ਨਾਂ ਸ਼ਾਮਲ ਹਨ।

## ਸੁਪਰੀਮ ਕੋਰਟ ਦਾ ਰਾਜੋਆਣਾ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ 'ਚ ਬਦਲਣ ਤੋਂ ਇਨਕਾਰ



ਨਵੀਂ ਦਿੱਲੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ। ਰਹਿਮ ਦੀ ਪਟੀਸ਼ਨ 'ਤੇ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ 'ਚ ਸੁਣਵਾਈ ਕੀਤੀ। ਜਸਟਿਸ ਬੀ ਆਰ ਗਵਈ, ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਜੇ ਕਰੋਲ ਦੀ ਤਿੰਨ ਮੈਂਬਰੀ ਬੈਂਚ ਨੇ ਗ੍ਰਹਿ ਮੰਤਰਾਲੇ ਨੂੰ ਆਖਿਆ ਹੈ ਕਿ ਉਹ ਰਹਿਮ ਦੀ ਅਪੀਲ 'ਤੇ ਆਪਣੇ ਹਿਸਾਬ ਨਾਲ ਫੈਸਲਾ ਲਵੇ।

ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੋਰਟ ਨੇ ਕਿਹਾ ਹੈ ਕਿ ਇਸ ਬਾਰੇ ਕੇਂਦਰ ਸਰਕਾਰ ਸਹੀ ਸਮੇਂ 'ਤੇ ਫ਼ੈਸਲਾ ਲਵੇ। ਰਾਜੋਆਣਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਹੇਠ ਲੰਬੇ ਸਮੇਂ ਤੋਂ ਜੇਲ੍ਹ ਵਿੱਚ ਬੰਦ ਹਨ।

ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੀ ਸੁਪਰੀਮ ਕੋਰਟ ਦੀ ਤਿੰਨ ਜੱਜਾਂ ਦੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਅਦਾਲਤ ਨੇ ਮਾਮਲੇ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ, ਕੇਂਦਰ ਸਰਕਾਰ ਅਤੇ ਹੋਰ ਸਬੰਧਤ ਧਿਰਾਂ ਨੂੰ ਸੁਣਨ ਤੋਂ ਬਾਅਦ ਇਸ ਸਾਲ 02 ਮਾਰਚ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਲਈ ਰਾਜੋਆਣਾ ਨੂੰ ਪੰਜਾਬ ਦੀ ਹੇਠਲੀ ਅਦਾਲਤ ਨੇ 2007 ਵਿੱਚ ਫਾਂਸੀ ਦੀ ਸਜ਼ਾ ਸੁਣਾਈ ਸੀ। ਇਸ ਨੂੰ 2010 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਅੰਤ ਵਿੱਚ ਸੁਪਰੀਮ ਕੋਰਟ ਨੇ ਵੀ ਬਰਕਰਾਰ ਰੱਖਿਆ ਸੀ।

ਰਾਜੋਆਣਾ ਵੱਲੋਂ ਪੇਸ਼ ਹੋਏ ਭਾਰਤ ਦੇ ਸਾਬਕਾ ਅਟਾਰਨੀ ਜਨਰਲ (ਏਜੀ) ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਸੀ ਕਿ ਮੌਤ ਦੀ ਸਜ਼ਾ ਦੇ ਦੋਸ਼ੀ ਰਾਜੋਆਣਾ 1996 ਤੋਂ ਹੁਣ ਤੱਕ 27 ਸਾਲ ਦੀ ਜੇਲ੍ਹ ਕੱਟ ਚੁੱਕੇ ਹਨ।

ਉਨ੍ਹਾਂ ਦੀ ਰਹਿਮ ਦੀ ਅਪੀਲ ਐਸਜੀਪੀਸੀ ਵੱਲੋਂ 2012 ਵਿੱਚ ਦਾਇਰ ਕੀਤੀ ਗਈ ਸੀ ਪਰ ਅਜੇ ਤੱਕ ਫੈਸਲਾ ਨਹੀਂ ਹੋਇਆ। ਰੋਹਤਗੀ ਨੇ ਸੁਪਰੀਮ ਕੋਰਟ ਅੱਗੇ ਦਲੀਲ ਰੱਖੀ ਸੀ ਕਿ, ਇੱਕ ਕੈਦੀ ਨੂੰ ਇੰਨੇ ਲੰਬੇ ਸਮੇਂ ਤੱਕ ਮੌਤ ਦੀ ਸਜ਼ਾ 'ਤੇ ਰੱਖਣਾ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਸੁਪਰੀਮ ਕੋਰਟ ਦੇ ਫ਼ੈਸਲੇ ਹਨ ਜਿਸ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸੰਵਿਧਾਨ ਦੇ ਆਰਟੀਕਲ 21 ਦੇ ਤਹਿਤ ਰਾਜੋਆਣਾ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## ACCOUNTING SERVICES:

- Bookkeeping
- Payroll Service
- Monthly Sales Tax reports



## TRUCK DISPATCH SERVICES:

- We Find Loads
- Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

**Same Day IRP PLATE**

**We Ship Truck Plates All Over US**

intuit quickbooks.

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@ TOTALIRP.com

# ਲੁਧਿਆਣਾ ’ਚ ਜ਼ਹਿਰੀਲੀ ਗੈਸ ਕਾਰਨ 11 ਮੌਤਾਂ

## *ਸੀਵਰੇਜ ’ਚ ਸੁੱਟੇ ਕੈਮੀਕਲ ਨਾਲ ਬਣੀ ਜ਼ਹਿਰੀਲੀ ਗੈਸ ਮ੍ਰਿਤਕਾਂ ’ਚ 4 ਔਰਤਾਂ ਅਤੇ 3 ਬੱਚੇ ਵੀ ਸ਼ਾਮਿਲ*





ਲੁਧਿਆਣਾ: ਸਥਾਨਕ ਗਿਆਸਪੁਰਾ ਇਲਾਕੇ ਦੀ ਸੂਆ ਰੋਡ ’ਤੇ ਤੜਕੇ ਸੀਵਰੇਜ ਪਾਇਪਾਂ ’ਚ ਜ਼ਹਿਰੀਲੀ ਗੈਸ ਰਿਸਣ ਕਾਰਨ 11 ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ 4 ਔਰਤਾਂ ਅਤੇ ਤਿੰਨ ਬੱਚੇ ਸ਼ਾਮਿਲ ਹਨ। ਜਾਣਕਾਰੀ ਅਨੁਸਾਰ ਸਾਢੇ ਸੱਤ ਵਜੇ ਦੇ ਕਰੀਬ ਗਿਆਸਪੁਰਾ ਦੀ ਸੂਆ ਰੋਡ ’ਤੇ ਸੀਵਰੇਜ ਪਾਈਪਾਂ ਅਤੇ ਢੱਕਣਾ ’ਚੋਂ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਇਸ ਜ਼ਹਿਰੀਲੀ ਗੈਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਸੂਆ ਰੋਡ ਸਥਿਤ ਗੋਇਲ ਕਰਿਆਨਾ ਸਟੋਰ ਨੇੜੇ ਸੀ, ਜਿੱਥੇ ਘਰਾਂ ਵਿਚ ਮੌਜੂਦ ਵਿਅਕਤੀ ਬੇਹੋਸ਼ ਹੋਣੇ ਸ਼ੁਰੂ ਹੋ ਗਏ। ਇਸ ਤੋਂ ਇਲਾਵਾ ਸੜਕ ’ਤੇ ਜਾ ਰਹੇ ਕੁਝ ਵਿਅਕਤੀਆਂ ਨੂੰ ਵੀ ਇਸ ਗੈਸ ਨੇ ਆਪਣੀ ਲਪੇਟ ’ਚ ਲੈ ਲਿਆ ਅਤੇ ਲੋਕ ਬੇਹੋਸ਼ ਹੋ ਕੇ ਸੜਕ ’ਤੇ ਡਿੱਗਦੇ ਰਹੇ। ਹੌਲੀ-ਹੌਲੀ ਗੈਸ ਪੂਰੇ ਇਲਾਕੇ ਵਿਚ ਫੈਲ ਗਈ। ਗੈਸ ਸੀਵਰੇਜ ਦੇ ਟੁੱਟੇ ਢੱਕਣਾ ਅਤੇ ਪਾਈਪਾਂ ’ਚੋਂ ਲਗਾਤਾਰ ਰਿਸਣ ਲੱਗੀ। ਸੂਚਨਾ ਮਿਲਦਿਆਂ ਹੀ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ ’ਤੇ ਪਹੁੰਚੇ ਅਤੇ ਐਨ. ਡੀ. ਆਰ. ਐਫ. ਟੀਮ ਨੂੰ ਸੂਚਿਤ ਕੀਤਾ ਗਿਆ, ਬੇਹੋਸ਼ ਵਿਅਕਤੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਲਿਜਾਇਆ ਗਿਆ ਜਿੱਥੇ 11 ਜਣਿਆਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ, ਜਦਕਿ ਅੱਧੀ ਦਰਜਨ ਦੇ ਕਰੀਬ ਵਿਅਕਤੀ ਬੇਹੋਸ਼ੀ ਦੀ ਹਾਲਤ ਵਿਚ ਸਨ। ਮ੍ਰਿਤਕ 3 ਪਰਿਵਾਰਾਂ ਦੇ ਹੀ ਦੱਸੇ ਜਾ ਰਹੇ ਹਨ। ਮ੍ਰਿਤਕਾਂ ਵਿਚ ਸੌਰਵ ਗੋਇਲ (35) ਪੱਤਰ ਲੇਟ ਅਸ਼ੋਕ ਗੋਇਲ, ਉਸ ਦੀ ਪਤਨੀ ਪ੍ਰੀਤੀ ਗੋਇਲ (31), ਉਸ ਦੀ ਮਾਂ ਕਮਲੇਸ਼ ਗੋਇਲ (60), ਕਵਲੇਸ਼ ਕੁਮਾਰ (40) ਉਸ ਦੀ ਪਤਨੀ ਵਰਸ਼ਾ (35), ਬੱਚਾ ਆਰੀਅਨ (10), ਬੱਚੀ ਕਲਪਨਾ (16), ਬੱਚਾ ਅਭੈ (13), ਨਵਨੀਤ ਕੁਮਾਰ (39) ਅਤੇ ਉਸ ਦੀ ਪਤਨੀ ਨੀਤੂ ਦੇਵੀ (37) ਸ਼ਾਮਿਲ ਹਨ, ਜਦਕਿ ਇਕ ਵਿਅਕਤੀ ਦੀ ਸ਼ਨਾਖ਼ਤ ਨਹੀਂ ਹੋ ਸਕੀ। ਮ੍ਰਿਤਕ ਕਵਲੇਸ਼ ਕੁਮਾਰ ਪਿਛਲੇ 30 ਸਾਲ ਤੋਂ ਗਿਆਸਪੁਰਾ ਵਿਚ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ ਅਤੇ ਉੱਥੇ ਉਸ ਦਾ ਕਲੀਨਿਕ ਹੈ। ਮੂਲ ਰੂਪ ਵਿਚ ਇਹ ਪਰਿਵਾਰ ਬਿਹਾਰ ਦਾ ਰਹਿਣ ਵਾਲਾ ਹੈ, ਜਦਕਿ ਸੌਰਵ ਦਾ ਪਰਿਵਾਰ ਅਲੀਗੜ੍ਹ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਸੌਰਵ ਪਿਛਲੇ 22 ਸਾਲ ਤੋਂ ਪਰਿਵਾਰ ਨਾਲ ਇਥੇ ਹੀ ਰਹਿ ਰਿਹਾ ਸੀ। ਉਸ ਦਾ ਭਰਾ ਗੌਰਵ ਵੀ ਬੇਹੋਸ਼ ਹੈ। ਮ੍ਰਿਤਕ ਨਵਨੀਤ ਕੁਮਾਰ ਮ੍ਰਿਤਕ ਦਾ ਪਰਿਵਾਰ ਵੀ ਪਿਛਲੇ 20 ਸਾਲ ਤੋਂ ਲੁਧਿਆਣਾ ਵਿਚ ਹੀ ਰਹਿ ਰਿਹਾ ਸੀ। ਮੂਲ ਰੂਪ ਵਿਚ ਨਵਨੀਤ ਕੁਮਾਰ ਵੀ ਬਿਹਾਰ ਦਾ ਰਹਿਣ ਵਾਲਾ ਹੈ। ਉਸ ਦਾ ਭਰਾ ਨਿਤਿਨ ਵੀ ਇਸ ਹਾਦਸੇ ਵਿਚ ਬੇਹੋਸ਼ ਹੈ। ਇਸ ਤੋਂ ਇਲਾਵਾ ਰਾਜੇਸ਼ ਕੁਮਾਰ ਅਤੇ ਰੂਬੀ ਦੇਵੀ ਨੂੰ ਹਸਪਤਾਲ ਲਿਆਂਦਾ ਗਿਆ ਹੈ ਅਤੇ ਇਨ੍ਹਾਂ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਗਿਆਸਪੁਰੇ ਦੇ ਇਲਾਕੇ ਵਿਚ ਜ਼ਿਆਦਾਤਰ ਪ੍ਰਵਾਸੀ ਲੋਕ ਹੀ ਰਹਿੰਦੇ ਹਨ। ਇਲਾਕੇ ਵਿਚ ਘਟਨਾ ਕਾਰਨ ਭਗਦੜ ਮੱਚ ਗਈ ਅਤੇ ਲੋਕ ਆਪਣੇ ਘਰ ਛੱਡ ਕੇ ਦੂਰ ਇਲਾਕਿਆਂ ਵਿਚ ਚਲੇ ਗਏ। ਪੁਲਿਸ ਵਲੋਂ ਵੀ ਉਕਤ ਇਲਾਕੇ ਨੂੰ ਪੂਰੀ ਤਰ੍ਹਾਂ ਨਾਲ ਸੀਲ ਕਰ ਦਿੱਤਾ ਗਿਆ ਸੀ। ਮੌਕੇ ’ਤੇ ਪਹੁੰਚੇ ਲੁਧਿਆਣਾ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਅਤੇ ਡਿਪਟੀ ਕਮਿਸ਼ਨਰ ਸ੍ਰੀ ਸੁਰਭੀ ਮਲਿਕ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਮੌਤਾਂ ਜ਼ਹਿਰੀਲੀ ਗੈਸ ਦਿਮਾਗ ਨੂੰ ਚੜ੍ਹਨ ਕਾਰਨ ਹੋਈਆਂ ਹਨ ਅਤੇ ਸੀਵਰੇਜ ਵਿਚ ਕੁਝ ਕੈਮੀਕਲ ਮਿਲਿਆ ਹੋਇਆ ਸੀ, ਜਿਸ ਨਾਲ ਕੈਮੀਕਲ ਤੇ ਪਾਣੀ ਵਿਚ ਮਿਲਣ ਕਾਰਨ ਜ਼ਹਿਰੀਲੀ ਗੈਸ ਬਣ ਗਈ। ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਖ-ਵੱਖ ਪਹਿਲੂਆਂ ਤੋਂ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ, ਮੌਤਾਂ ਦਿਮਾਗ ਦੀ ਨਾੜੀ ਫਟਣ ਕਾਰਨ ਹੋਈ ਦੱਸੀ ਜਾਂਦੀ ਹੈ। ਭਾਵੇਂ ਜ਼ਿਲ੍ਹੇ ਦੇ ਅਧਿਕਾਰੀ ਇਸ ਸੰਬੰਧੀ ਕੁਝ ਵੀ ਜ਼ਿਆਦਾ ਦੱਸਣ ਤੋਂ ਇਨਕਾਰ ਕਰ ਰਹੇ ਹਨ ਪਰ ਸੂਤਰਾਂ ਅਨੁਸਾਰ ਗਿਆਸਪੁਰਾ ਇਲਾਕੇ ਵਿਚ ਜ਼ਿਆਦਾਤਰ ਡਾਇਗਾਂ ਅਤੇ ਫੈਕਟਰੀਆਂ ਹਨ, ਜਿਨ੍ਹਾਂ ਦੇ ਮਾਲਕ ਅਕਸਰ ਤੜਕਸਾਰ ਗੰਦਾ ਕੈਮੀਕਲ ਸੀਵਰੇਜ ’ਚ ਸੁੱਟ ਦਿੰਦੇ ਹਨ। ਇਹ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਅੱਜ ਸਵੇਰੇ ਵੀ ਅਜਿਹਾ ਹੋਇਆ ਅਤੇ ਇਹ ਕੈਮੀਕਲ ਸੀਵਰੇਜ ਦੇ ਪਾਣੀ ਨਾਲ ਮਿਲਣ ਕਾਰਨ ਜ਼ਹਿਰੀਲੀ ਗੈਸ ਦਾ ਰੂਪ ਧਾਰਨ ਕਰ ਗਿਆ। ਕੁਝ ਅਜਿਹੇ ਮਾਲਕਾਂ ਵਲੋਂ ਆਪਣੀਆਂ ਡਾਇਗਾਂ ਅਤੇ ਫੈਕਟਰੀਆਂ ’ਚ ਇਹ ਸੀਵਰੇਜ ਦੀਆਂ ਪਾਈਪਾਂ ਗੈਰ-ਕਾਨੂੰਨੀ ਢੰਗ ਨਾਲ ਮੁੱਖ ਸੀਵਰੇਜ ਪਾਈਪਾਂ ਨਾਲ ਜੋੜੀਆਂ ਹੋਈਆਂ ਹਨ ਜਿੱਥੇ ਕਿ ਲਗਾਤਾਰ ਕੈਮੀਕਲ ਸੁੱਟਿਆ ਜਾ ਰਿਹਾ ਹੈ। ਪੁਲਿਸ ਵਲੋਂ ਇਸ ਪਹਿਲੂ ਤੋਂ ਵੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕਾਂ ਦੇ ਪੋਸਟਮਾਰਟਮ ਲਈ ਇਕ ਡਾਕਟਰਾਂ ਦੇ ਬੋਰਡ ਦਾ ਗਠਨ ਕੀਤਾ ਗਿਆ ਹੈ।





# ਲੁਧਿਆਣਾ ਗੈਸ ਲੀਕ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਸਿਟ ਕਾਇਮ

## *ਡੀਸੀਪੀ ਹੁੰਦਲ ਦੀ ਅਗਵਾਈ ਹੇਠ ਬਣੀ ਟੀਮ ਕਰੇਗੀ ਜਾਂਚ*

ਲੁਧਿਆਣਾ: ਗਿਆਸਪੁਰਾ ਇਲਾਕੇ ’ਚ ਗੈਸ ਲੀਕ ਹੋਣ ਦੇ ਮਾਮਲੇ ਦੀ ਜਾਂਚ ਲਈ ਪੁਲੀਸ ਨੇ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਕਾਇਮ ਕੀਤੀ ਹੈ। ਐਤਵਾਰ ਨੂੰ ਜ਼ਹਿਰੀਲੀ ਗੈਸ ਚੜ੍ਹਨ ਕਾਰਨ 11 ਵਿਅਕਤੀਆ ਦੀ ਮੌਤ ਹੋ ਗਈ ਸੀ। ਉਧਰ ਐੱਨਡੀਆਰਐੱਫ ਦੀ ਟੀਮ ਮੁਤਾਬਕ ਮੁੱਢਲੀ ਜਾਂਚ ਦੌਰਾਨ ਪਤਾ ਲੱਗਿਆ ਕਿ ਇਲਾਕੇ ’ਚ ਹਾਈਡਰੋਜਨ ਸਲਫਾਈਡ ਐੱਚ-2-ਐੱਸ ਗੈਸ ਦੀ ਮਾਤਰਾ ਜ਼ਿਆਦਾ ਸੀ ਜੋ ਸਿੱਧੀ ਸੀਵਰੇਜ ’ਚੋਂ ਨਿਕਲ ਕੇ ਫੈਲੀ ਜਿਸ ਕਾਰਨ ਮੌਤਾਂ ਹੋਈਆਂ ਹਨ। ਉਂਜ ਪਟਿਆਲਾ ਤੋਂ ਆਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਵੱਲੋਂ ਵੀ ਗੈਸ ਲੀਕ ਹੋਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਲੁਧਿਆਣਾ ਪੁਲੀਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਆਫ਼ ਪੁਲੀਸ (ਜਾਂਚ) ਹਰਮੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਸਿਟ ਬਣਾਈ ਗਈ ਹੈ। ਸਿਟ ’ਚ ਏਡੀਸੀਪੀ-2 ਸੁਹੇਲ ਮੀਰ, ਏਡੀਸੀਪੀ-4 ਤੁਸ਼ਾਰ ਗੁਪਤਾ, ਏਸੀਪੀ ਸਾਊਥ ਅਤੇ ਥਾਣਾ ਸਾਹਨੇਵਾਲ ਦੇ ਐੱਸਐੱਚਓ ਇੰਦਰਜੀਤ ਸਿੰਘ ਬੋਪਾਰਾਏ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਟੀਮ ਜਲਦੀ ਹੀ ਪੂਰੇ ਮਾਮਲੇ ਦੀ ਜਾਂਚ ਰਿਪੋਰਟ ਦੇਵੇਗੀ ਜਿਸ ਮਗਰੋਂ ਜ਼ਿੰਮੇਵਾਰ ਵਿਅਕਤੀਆਂ ਖ਼ ?ਲਾਫ਼ ਕਾਰਵਾਈ ਕੀਤੀ ਜਾਵੇਗੀ। ਸ੍ਰੀ ਸਿੱਧੂ ਨੇ ਕਿਹਾ ਕਿ ਇਸ ਗੱਲ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਕਿਸੇ ਸਨਅਤੀ ਇਕਾਈ ਨੇ ਆਪਣੇ ਰਸਾਇਣਕ ਕਚਰੇ ਨੂੰ ਸੀਵਰੇਜ ਲਾਈਨ ’ਚ ਤਾਂ ਨਹੀਂ ਸੁੱਟਿਆ ਸੀ ਜਿਥੋਂ ਇਹ ਜ਼ਹਿਰੀਲੀ ਗੈਸ ਬਣੀ ਅਤੇ 11 ਲੋਕਾਂ ਦੀ ਜਾਨ ਚਲੀ ਗਈ। ਉਨ੍ਹਾਂ ਕਿਹਾ ਕਿ ਇੰਡਸਟਰੀਅਲ ਵੇਸਟ ਪਹਿਲਾਂ ਵੀ ਸੀਵਰੇਜ ਲਾਈਨਾਂ ’ਚ ਸੁੱਟਿਆ ਜਾਂਦਾ ਰਿਹਾ ਹੈ ਜਿਸ ਬਾਰੇ ਪ੍ਰਦੂਸ਼ਣ ਬੋਰਡ ਦੇ ਮੁਲਾਜ਼ਮਾਂ ਨੂੰ ਪਤਾ ਹੈ। ਉਨ੍ਹਾਂ ਕਿਹਾ ਕਿ ਜਾਂਚ ’ਚ ਜੇਕਰ ਪ੍ਰਦੂਸ਼ਣ ਬੋਰਡ ਦੇ ਕਿਸੇ ਮੁਲਾਜ਼ਮ ਦੀ ਗਲਤੀ ਸਾਹਮਣੇ ਆਈ ਜਾਂ ਸਹਿਯੋਗ ਨਾ ਕੀਤਾ ਤਾਂ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਐੱਨਡੀਆਰਐੱਫ ਦੇ ਅਧਿਕਾਰੀ ਡੀ ਐੱਲ ਜਾਖੜ ਨਾਲ ਗੱਲ ਕਰਨ ਤੋਂ ਬਾਅਦ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸੀਵਰੇਜ ਲਾਈਨਾਂ ’ਚ ਕਾਸਟਿਕ ਸੋਡਾ ਪਾਇਆ ਗਿਆ ਤਾਂ ਜੋ ਜ਼ਹਿਰੀਲੀ ਗੈਸ ਦਾ ਅਸਰ ਘੱਟ ਹੋ ਸਕੇ। ਪ੍ਰਸ਼ਾਸਨ ਵੱਲੋਂ ਉਸ ਸੀਵਰੇਜ ਦਾ ਢੱਕਣ ਵੀ ਬਦਲਵਾ ਦਿੱਤਾ ਗਿਆ ਹੈ, ਜਿੱਥੋਂ ਗੈਸ ਲੀਕ ਹੋਣ ਦਾ ਸ਼ੱਕ ਸੀ।




ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਜੇ ਮੈਂ ਪਹਿਲਾਂ ਆ ਜਾਂਦਾ ਫਿਰ ਗੁੱਸਾ ਕਿਹਦੇ ਨਾਲ ਹੁੰਦੇ, ਮੈਂ ਤਾਂ ਬਲਬੀਰ ਨੂੰ ਬਚਾਇਆ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਗੁਰਦੁਆਰੇ ਦੇ ਨਿਰਮਾਣ ਸਬੰਧੀ ਯੋਜਨਾ ਤਿਆਰ ਸੀ ਅਤੇ ਇਸਨੂੰ ਸ਼ਹਿਰ ਦੇ ਯੋਜਨਾਕਾਰਾਂ ਨੇ ਪ੍ਰਵਾਨਗੀ ਦੇ ਦਿੱਤੀ ਸੀ ਜੋ ਹੁਣ ਲਾਗੂ ਕਰਨ ਲਈ ਤਿਆਰ ਸੀ। ਮਿਸਟਰ ਓ'ਨੀਲ ਨੇ ਕੰਟਰੈਕਟ 'ਤੇ ਹਸਤਾਖਰ ਕਰ ਦਿੱਤੇ। ਗੁਰਦੁਆਰੇ ਦੀ ਨੀਂਹ ਰੱਖਣ ਲਈ 5 ਸਤੰਬਰ, 1965 ਦਾ ਦਿਨ ਚੁਣਿਆ ਗਿਆ। ਇਸ ਸਬੰਧੀ ਬਹੁਤ ਵਿਚਾਰ ਵਟਾਂਦਰੇ ਹੋਏ ਕਿ ਇਸ ਸਮਾਗਮ ਨੂੰ ਕਿਵੇਂ ਕੀਤਾ ਜਾਵੇ ਅਤੇ ਕੌਣ ਇਸਦਾ ਨੀਂਹ ਪੱਥਰ ਰੱਖੇਗਾ।

ਗਿਆਨੀ ਨੌਂਨਿਹਾਲ ਸਿੰਘ ਨੇ ਪਹਿਲਾ ਪ੍ਰਸਤਾਵ ਰੱਖਿਆ ਕਿ ਅੰਮ੍ਰਿਤਸਰ ਤੋਂ ਮੁੱਖ ਜਥੇਦਾਰ ਵੱਲੋਂ ਇਹ ਕਾਰਜ ਕਰਵਾਇਆ ਜਾਵੇ। ਖਾਲਸਾ ਨੇ ਇਸ ਵਿਚਾਰ ਨੂੰ ਤੁਰੰਤ ਰੱਦ ਕਰ ਦਿੱਤਾ। ਉਨ੍ਹਾਂ ਦੇ ਮਨ ਵਿੱਚ ਸੀ ਕਿ ਸਿੱਖ ਧਰਮ ਵਿੱਚ ਪੁਰੋਹਿਤ ਨਹੀਂ ਬਲਕਿ ਇਹ ਵਿਅਕਤੀਗਤ ਯਾਤਰਾ ਹੈ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਹ ਲੋਕ ਬ੍ਰਾਹਮਣਾ ਤੋਂ ਘੱਟ ਨਹੀਂ ਹਨ। ਸਿਧਾਂਤਕ ਤੌਰ 'ਤੇ ਪਾਪਾ ਜੀ ਅਤੇ ਉਨ੍ਹਾਂ ਦਾ ਮਜ਼ਬੂਤ ਪੱਖ ਸੀ ਕਿ ਸਿੱਖ ਧਰਮ ਸਿੱਖਣ ਦੀ ਪ੍ਰਕਿਰਿਆ ਹੈ ਅਤੇ ਹਰੇਕ ਨੂੰ ਇਸਨੂੰ ਆਪਣੀ ਮੰਜ਼ਿਲ ਦੀ ਇੱਕ ਯਾਤਰਾ ਵਜੋਂ ਲੈਣਾ ਚਾਹੀਦਾ ਹੈ ਜਿਹੜੀ ਕਿ ਪਰਮਾਤਮਾ ਹੈ।

ਫਿਰ ਬਾਬਾ ਜੀ ਨੇ ਪਾਪਾ ਜੀ ਵੱਲ ਦੇਖਿਆ ਅਤੇ ਕਿਹਾ, 'ਧਰਮ ਸਿੰਹਾ ਤੈਂ ਸ਼ੁਰੂ ਕੀਤਾ ਸੀ, ਤੂੰ ਹੀ ਨੀਂਹ ਪੱਥਰ ਰੱਖ ਦੇ।'

ਪਾਪਾ ਜੀ ਨੇ ਬਾਬਾ ਜੀ ਵੱਲ ਦੇਖਿਆ ਅਤੇ ਮੈਨੂੰ ਲੱਗਿਆ ਕਿ ਉਹ ਥੋੜ੍ਹਾ ਗੁੱਸੇ ਵਿੱਚ ਸਨ ਕਿਉਂਕਿ ਉਹ ਹੋਰਾਂ ਨਾਲੋਂ ਵੱਧ ਜਾਣਦੇ ਸਨ ਕਿ ਉਨ੍ਹਾਂ ਦੀ ਇਸ ਬੇਨਤੀ ਦੇ ਪਿੱਛੇ ਕੀ ਹੈ।

'ਨੰਦ ਸਿੰਘ ਜੀ ਹੋਰ ਕਿੰਨੀ ਦੇਰ ਤੁਸੀਂ ਮੇਰਾ ਇਮਤਿਹਾਨ ਲੈਂਦੇ ਰਹੋਗੇ। ਮੈਂ ਸਿਰਫ਼ ਇੱਕ ਸੇਵਾਦਾਰ ਹਾਂ ਔਰ ਆਪ ਸਾਰਿਆਂ ਤੋਂ ਬਗੈਰ ਕੁਝ ਵੀ ਨਹੀਂ। ਸੋ ਇਹ ਨੀਂਹ ਪੱਥਰ ਸਾਰੇ ਹੀ ਰੱਖਾਂਗੇ।'

ਮੈਨੂੰ ਲੱਗਦਾ ਹੈ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਸਿਰਫ਼ ਇੱਕ ਵਾਰ ਬਾਬਾ ਜੀ ਨੂੰ ਨਰਮ ਸੁਭਾਅ ਵਿੱਚ ਦੇਖਿਆ ਅਤੇ ਮਹਿਸੂਸ ਕੀਤਾ ਕਿ ਉਹ ਇਹ ਹਨ।

ਉਹ ਪਾਪਾ ਜੀ ਕੋਲ ਗਏ ਅਤੇ ਉਨ੍ਹਾਂ ਨੂੰ ਜੱਫੀ ਪਾਈ ਅਤੇ ਕਿਹਾ, 'ਬਸ ਮੈਨੂੰ ਤੇਰੇ ਤੋਂ ਇਹ ਹੀ ਉਮੀਦ ਸੀ।'

5 ਸਤੰਬਰ, 1965 ਐਤਵਾਰ ਦੀ ਸਵੇਰ ਨੂੰ ਮੌਸਮ ਥੋੜ੍ਹਾ ਠੰਢਾ ਸੀ, ਪਰ ਗੁਰਦੁਆਰੇ ਦੀ ਜਗ੍ਹਾ 'ਤੇ ਇਕੱਠੇ ਹੋਏ ਲੋਕਾਂ ਕਾਰਨ ਮੌਸਮ ਵਿੱਚ ਨਿੱਘ ਸੀ।

ਉਨ੍ਹਾਂ ਦਾ ਸੁਪਨਾ ਹੁਣ ਪੂਰਾ ਹੋਣ ਵਾਲਾ ਸੀ, ਬੱਚੇ ਬਹੁਤ ਖੁਸ਼ ਸਨ। ਮਾਵਾਂ ਇੱਕ ਦੂਜੇ ਨੂੰ ਸ਼ੁਭਕਾਮਨਾਵਾਂ ਦੇ ਰਹੀਆਂ ਸਨ, ਔਰਤਾਂ ਬੀਜੀ ਕੋਲ ਆ ਰਹੀਆਂ ਸਨ, ਉਨ੍ਹਾਂ ਦਾ ਹੱਥ ਫੜ ਕੇ ਉਨ੍ਹਾਂ ਨੂੰ ਵਧਾਈਆਂ ਦੇ ਰਹੀਆਂ ਸਨ।

ਪਾਪਾ ਜੀ ਬਹੁਤ ਤਣਾਅ ਵਿੱਚ ਸਨ, ਉਹ ਕਿਸੇ ਵੱਡੇ ਸਮਾਗਮ ਮੌਕੇ ਅਜਿਹੇ ਹੀ ਹੋ ਜਾਂਦੇ ਸਨ। ਉਹ ਸਭ ਕੁਝ ਚੈੱਕ ਕਰ ਰਹੇ ਸਨ ਤਾਂ ਕਿ ਸਭ ਕੁਝ ਠੀਕ ਹੋਵੇ। ਉਨ੍ਹਾਂ ਨੇ ਸਮੁੱਚੀ ਥਾਂ ਨੂੰ ਆਪਣੀਆਂ ਨਜ਼ਰਾਂ ਨਾਲ ਇੱਕ ਦੋ ਵਾਰ ਸਕੈਨ ਕੀਤਾ ਅਤੇ ਫਿਰ ਉਹ ਮੇਰੇ ਕੋਲ ਆਏ ਅਤੇ ਸਾਰਿਆਂ ਨੂੰ ਇਕੱਠੇ ਕਰਨ ਲਈ ਕਿਹਾ ਤਾਂ ਕਿ ਅਸੀਂ ਸ਼ੁਰੂ ਕਰ ਸਕੀਏ।

ਖਾਲਸਾ ਹਮੇਸ਼ਾਂ ਦੀ ਤਰ੍ਹਾਂ ਲੇਟ ਸੀ, ਪਰ ਇੰਨਾ ਜ਼ਿਆਦਾ ਵੀ ਨਹੀਂ, ਪਰ ਪਾਪਾ ਜੀ ਦੇ ਸਮੇਂ ਤੋਂ ਲੇਟ ਸੀ ਜਿਹੜਾ ਕਿ ਪਾਪਾ ਜੀ ਵੱਲੋਂ ਉਮੀਦ ਕੀਤੇ ਗਏ ਸਮੇਂ ਤੋਂ ਇੱਕ ਘੰਟਾ ਪਹਿਲਾਂ ਪਹੁੰਚ ਗਿਆ ਸੀ। ਪਾਪਾ ਜੀ ਮੌਕੇ 'ਤੇ ਸਭ ਤੋਂ ਪਹਿਲਾਂ ਪਹੁੰਚ ਗਏ ਸੀ, ਉਨ੍ਹਾਂ ਨੂੰ ਉਮੀਦ ਸੀ ਕਿ ਖਾਲਸਾ ਵੀ ਉੱਥੇ ਮੌਜੂਦ ਹੋਵੇ। ਮੈਂ ਉਨ੍ਹਾਂ ਨੂੰ ਕਿਹਾ ਕਿ ਅਜੇ ਬਹੁਤ ਸਮਾਂ ਪਿਆ ਹੈ।

'ਇਹ ਵਿਅਕਤੀ ਆਪਣੇ ਸਮੇਂ 'ਤੇ ਹੀ ਚੱਲਦਾ ਹੈ।'

ਮੈਂ ਉਨ੍ਹਾਂ ਨੂੰ ਕਿਹਾ, 'ਤੁਸੀਂ ਉਨ੍ਹਾਂ ਨੂੰ ਇੱਥੇ ਇੰਨੀ ਜਲਦੀ ਪੁੱਜਿਆ ਹੋਇਆ ਕਿਉਂ ਚਾਹੁੰਦੇ ਹੋ?' ਪਰ ਉਹ ਉਸਨੂੰ ਉੱਥੇ ਚਾਹੁੰਦੇ ਸਨ ਕਿਉਂਕਿ ਉਹ ਚੰਗੇ ਦੋਸਤ ਸਨ ਅਤੇ ਖਾਲਸਾ ਜਾਣਦਾ ਸੀ ਕਿ ਉਹ ਲੇਟ ਪੁੱਜ ਕੇ ਪਾਪਾ ਜੀ ਦਾ ਪਾਰਾ ਵਧਾਉਂਦਾ ਹੈ ਅਤੇ ਫਿਰ ਉਹ ਇਸ ਕਾਰਨ ਪਾਪਾ ਜੀ 'ਤੇ ਖੁਸ਼ ਹੁੰਦਾ ਸੀ। ਜਿਵੇਂ ਹੀ ਖਾਲਸਾ ਉੱਥੇ ਪੁੱਜਿਆ, ਪਾਪਾ ਜੀ ਉਸ ਕੋਲ ਗਏ।

'ਖਾਲਸਾ ਜੀ ਇਹ ਚੰਗਾ ਵੇਲ਼ਾ ਆਉਣ ਦਾ।'

ਖਾਲਸੇ ਨੇ ਅਜਿਹਾ ਮੌਕਾ ਕਦੇ ਜਾਣ ਨਹੀਂ ਦਿੱਤਾ, ਆਪਣੀ ਮੁਸਕਰਾਹਟ ਨਾਲ ਉਸਨੇ ਜਵਾਬ ਦਿੱਤਾ, 'ਜੇ ਮੈਂ ਪਹਿਲਾਂ ਆ ਜਾਂਦਾ ਫਿਰ ਗੁੱਸਾ ਕਿਹਦੇ ਨਾਲ ਹੁੰਦੇ, ਮੈਂ ਤਾਂ ਬਲਬੀਰ ਨੂੰ ਬਚਾਇਆ।'

ਉਸਦਾ ਮਤਲਬ ਸੀ ਕਿ ਨਹੀਂ ਤਾਂ ਪਾਪਾ ਜੀ ਨੇ ਕਿਸੇ ਕਾਰਨ ਮੇਰੇ 'ਤੇ ਗੁੱਸੇ ਹੋਣਾ ਸੀ, ਜਿਹੜਾ ਕਿ ਸੱਚਾਈ ਤੋਂ ਦੂਰ ਨਹੀਂ ਸੀ। ਪਾਪਾ ਜੀ ਨੇ ਇਸਦਾ ਕੋਈ ਜਵਾਬ ਨਹੀਂ ਦਿੱਤਾ ਅਤੇ ਉਸਨੂੰ ਠੇਕੇਦਾਰ, ਆਰਕੀਟੈਕਚਰ ਅਤੇ ਹੋਰ ਮਹਿਮਾਨਾਂ ਨੂੰ ਮਿਲਣ ਲਈ ਕਿਹਾ।

ਖਾਲਸਾ ਨੇ ਪਾਪਾ ਜੀ ਅੱਗੇ ਝੁਕ ਕੇ ਕਿਹਾ, 'ਜੀ ਹਜ਼ੂਰ।'

ਉਹ ਦੋਵੇਂ ਇੱਕ ਦੂਜੇ ਦੇ ਬਿਲਕੁਲ ਉਲਟ ਸਨ, ਪਰ ਫਿਰ ਵੀ ਸਾਰਾ ਕੰਮ ਮਿਲਕੇ ਕਰਦੇ ਸਨ।

ਗਿਆਨੀ ਨੌਂਨਿਹਾਲ ਸਿੰਘ ਨੇ ਅਰਦਾਸ ਕੀਤੀ ਅਤੇ ਪਾਪਾ ਜੀ, ਬਾਬਾ ਨੰਦ ਸਿੰਘ, ਪ੍ਰੇਮ ਸਿੰਘ ਖਾਲਸਾ, ਸੁੱਚਾ ਸਿੰਘ ਰੁੜਕਾ, ਸੋਹਣ ਸਿੰਘ ਗੱਫਾ ਅਤੇ ਗਿਆਨੀ ਨੌਂਨਿਹਾਲ ਸਿੰਘ ਇਨ੍ਹਾਂ ਸਾਰਿਆਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੁਰਦੁਆਰੇ ਦਾ ਨੀਂਹ ਪੱਥਰ ਰੱਖਿਆ।

ਮੈਂ ਉੱਥੇ ਖੜ੍ਹਾ ਸੀ, ਪਾਪਾ ਜੀ ਨੇ ਮੇਰੇ ਵੱਲ ਦੇਖਿਆ, ਉਹ ਖੁਸ਼ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਮੈਨੂੰ ਰੋਸ ਪੂਰਨ ਢੰਗ ਨਾਲ ਖੜ੍ਹੇ ਨੂੰ ਦੇਖਿਆ। ਸ਼ਾਇਦ ਮੈਂ ਇਸਨੂੰ ਸਹੀ ਢੰਗ ਨਾਲ ਸੁਲਝਾ ਸਕਦਾ ਸੀ, ਪਰ ਮੈਂ ਜਵਾਨ ਸੀ, ਇਹ ਗਲਤ ਸੀ। ਇਹ ਬਿਲਕੁਲ ਗਲਤ ਸੀ। ਸੌਦਾਗਰ ਘਰ ਤੋਂ ਆ ਰਿਹਾ ਸੀ ਅਤੇ ਉਸਨੇ ਮੇਰੀ ਛੋਟੀ ਉਂਗਲ ਫੜ ਕੇ ਮੇਰਾ ਧਿਆਨ ਹਟਾਉਣ ਦੀ ਕੋਸ਼ਿਸ਼ ਕੀਤੀ। ਉਹ ਜਾਣਦਾ ਸੀ ਕਿ ਮੈਂ ਪਰੇਸ਼ਾਨ ਹਾਂ। ਉਸਨੇ ਆਪਣੀ ਉਂਗਲ ਨਾਲ ਮੇਰੇ ਵੱਲ ਇਸ਼ਾਰਾ ਕਰਕੇ ਜੋ ਮੈਂ ਕਰਨ ਲਈ ਤਿਆਰ ਸੀ, ਕਰਨ ਤੋਂ ਰੋਕਿਆ।

ਜਦੋਂ ਅਸੀਂ ਘਰ ਪੁੱਜੇ ਤਾਂ ਪਾਪਾ ਜੀ ਨੇ ਮੈਨੂੰ ਪੁੱਛਿਆ, 'ਬਲਬੀਰ ਕੀ ਸਮੱਸਿਆ ਹੈ?'

ਮੇਰਾ ਜਵਾਬ ਘੱਟ ਤਿੱਖਾ ਨਹੀਂ ਸੀ, 'ਮੈਨੂੰ ਲੱਗਦਾ ਹੈ ਕਿ ਤੁਸੀਂ ਮੇਰੀ ਸਮੱਸਿਆ ਜਾਣਦੇ ਹੋ।'

ਮੈਨੂੰ ਮੰਨਣਾ ਚਾਹੀਦਾ ਹੈ ਕਿ ਮੇਰਾ ਵਿਵਹਾਰ ਸਹੀ ਨਹੀਂ ਸੀ, ਪਰ ਮੈਂ ਪਰੇਸ਼ਾਨ ਸੀ।

ਉਨ੍ਹਾਂ ਦਾ ਜਵਾਬ ਸੀ, 'ਤਾਂ ਹੁਣ ਤੂੰ ਮੈਨੂੰ ਦੱਸਣਾ ਚਾਹੁੰਦਾ ਹੈ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ?'

(ਚਲਦਾ)



# ਅਮਰੀਕਾ: 2024 ਦੇ ਚੋਣ ਪ੍ਰਚਾਰ ਲਈ ਬਾਈਡਨ ਤੇ ਹੈਰਿਸ ਵੱਲੋਂ ਦਾਨੀ ਸੱਜਣਾਂ ਨਾਲ ਮੁਲਾਕਾਤ

*ਮੀਟਿੰਗ ਵਿੱਚ ਸ਼ਾਮਲ ਚੋਟੀ ਦੇ 150 ਦਾਨੀਆਂ 'ਚ ਭਾਰਤੀ-ਅਮਰੀਕੀ ਵੀ ਸ਼ਾਮਲ*



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਹਫ਼ਤੇ ਦੇ ਅੰਤ ਵਿੱਚ ਚੋਟੀ ਦੇ 150 ਦਾਨੀ ਸੱਜਣਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਵਿੱਚ ਇਕ ਭਾਰਤੀ-ਅਮਰੀਕੀ ਕਾਰੋਬਾਰੀ ਵੀ ਸ਼ਾਮਲ ਹੈ। ਦੋਹਾਂ ਆਗੂਆਂ ਨੇ ਇਹ ਮੁਲਾਕਾਤ 2024 ਦੀ ਚੋਣ ਪ੍ਰਚਾਰ ਮੁਹਿੰਮ ਲਈ ਧਨ ਇਕੱਠਾ ਕਰਨ ਦੀ ਸਫ਼ਲ ਰਣਨੀਤੀ ਵਿਕਸਤ ਕਰਨ ਦੇ ਉਦੇਸ਼ ਨਾਲ ਕੀਤੀ। ਇਹ ਜਾਣਕਾਰੀ ਇਸ ਮੀਟਿੰਗ ਵਿੱਚ ਸ਼ਾਮਲ ਵਿਅਕਤੀਆਂ ਨੇ ਦਿੱਤੀ। ਇਸ ਦੌਰਾਨ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਵਾਲੇ "ਐਮਏਜੀਏ (ਮੇਕ ਅਮਰੀਕਾ ਗਰੇਟ ਅਗੇਨ) ਰਿਪਬਲੀਕਨ' ਨੂੰ ਲੰਬੇ ਹੱਥੀਂ ਲੈਂਦੇ ਹੋਏ ਬਾਇਡਨ ਨੇ ਗਰਭਪਾਤ ਦੇ ਅਧਿਕਾਰਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾਨੀ ਸੱਜਣਾਂ ਦੀ ਅਹਿਮੀਅਤ ਤੇ ਲੋਕਤੰਤਰ ਨੂੰ ਬਚਾਉਣ ਵਿੱਚ ਉਨ੍ਹਾਂ ਦੇ ਯੋਗਦਾਨ 'ਤੇ ਵੀ ਚਾਨਣਾ ਪਾਇਆ। ਮੀਟਿੰਗ 'ਚ ਸ਼ਾਮਲ ਵਿਅਕਤੀਆਂ ਨੇ ਕਿਹਾ ਕਿ ਹਾਲਾਂਕਿ ਇਹ ਪ੍ਰੋਗਰਾਮ ਧਨ ਇਕੱਠਾ ਕਰਨ ਲਈ ਨਹੀਂ ਸੀ, ਪਰ ਇਹ ਨਵੇਂ ਦਾਨੀਆਂ ਨੂੰ ਆਪਣੇ ਵੱਲ ਕਰਨ ਦੀ ਇਕ ਨਵੀਂ ਕੋਸ਼ਿਸ਼ ਸੀ। ਭਾਰਤੀ ਮੂਲ ਦੇ ਅਮਰੀਕੀ ਅਤੇ ਡੈਮੋਕਰੈਟਿਕ ਪਾਰਟੀ ਦੇ ਉਪ ਕੌਮੀ ਵਿੱਤੀ ਚੇਅਰਮੈਨ ਅਜੈ ਜੈਨ ਭੁਟੋਰੀਆ ਵਾਸ਼ਿਗਟਨ ਡੀਸੀ ਵਿੱਚ ਮੀਟਿੰਗ 'ਚ ਹਿੱਸਾ ਲੈਣ ਵਾਲੇ 150 ਪ੍ਰਮੁੱਖ ਡੈਮੋਕਰੈਟਿਕ ਦਾਨੀਆਂ 'ਚੋਂ ਇਕ ਸਨ। ਸਮਝਿਆ ਜਾਂਦਾ ਹੈ ਕਿ ਮੁਹਿੰਮ ਨੇ 2024 ਦੀ ਚੋਣ ਮੁਹਿੰਮ ਲਈ 2 ਅਰਬ ਅਮਰੀਕੀ ਡਾਲਰ ਇਕੱਤਰ ਕਰਨ ਦਾ ਟੀਚਾ ਰੱਖਿਆ ਹੈ। ਉਪ ਰਾਸ਼ਟਰਪਤੀ ਹੈਰਿਸ ਨੇ ਸਾਰੇ ਦਾਨੀਆਂ ਨਾਲ ਨਿੱਜੀ ਤੌਰ 'ਤੇ ਇਕ-ਇਕ ਕਰ ਕੇ ਗੱਲ ਕੀਤੀ।

# ਬਾਦਸ਼ਾਹ ਚਾਰਲਸ ਦੀ ਤਾਜਪੋਸ਼ੀ ਮੌਕੇ ਹਿੰਦੂ, ਮੁਸਲਿਮ ਤੇ ਸਿੱਖਾਂ ਨੂੰ ਦਰਸਾਉਂਦੀ ਡਾਕ ਟਿਕਟ ਜਾਰੀ

*ਟਿਕਟ 'ਤੇ ਵੱਖ-ਵੱਖ ਧਰਮਾਂ ਦੇ ਵਿਅਕਤੀਆਂ ਦੇ ਨਾਲ-ਨਾਲ ਧਾਰਮਿਕ ਸਥਾਨਾਂ ਨੂੰ ਵੀ ਦਰਸਾਇਆ*

ਲੰਡਨ : ਬਰਤਾਨੀਆ ਦੇ ਮਹਾਰਾਜਾ ਚਾਰਲਸ (ਤੀਜੇ) ਦੀ 6 ਮਈ ਨੂੰ ਹੋਣ ਵਾਲੀ ਤਾਜਪੋਸ਼ੀ ਦੇ ਮੱਦੇਨਜ਼ਰ ਸ਼ਾਹੀ ਡਾਕ ਵਿਭਾਗ (ਰੌਇਲ ਮੇਲ) ਵੱਲੋਂ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਅਤੇ ਉਨ੍ਹਾਂ ਦੀਆਂ ਪੂਜਣਯੋਗ ਥਾਵਾਂ ਨੂੰ ਦਰਸਾਉਂਦੀ ਡਾਕ ਟਿਕਟ ਜਾਰੀ ਕੀਤੀ ਗਈ ਹੈ। ਇਕ ਖ਼ਬਰ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਹ 'ਭਿੰਨਤਾ ਤੇ ਭਾਈਚਾਰੇ' ਨੂੰ ਦਰਸਾਉਂਦੀ ਹੈ। ਉਨ੍ਹਾਂ ਨਾਲ ਹੀ ਲਿਖਿਆ ਕਿ ਇਹ ਵਰਤਮਾਨ ਬਰਤਾਨਵੀ ਸਮਾਜ ਦੀ ਸਭਿਆਚਾਰਕ ਭਿੰਨਤਾ ਦਾ ਪ੍ਰਤੀਕ ਵੀ ਹੈ, ਤੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਇੱਥੋਂ ਦੇ ਭਾਈਚਾਰੇ ਨੂੰ ਵੀ ਦਰਸਾਉਂਦੀ ਹੈ। ਟਿਕਟ 'ਤੇ ਯਹੂਦੀ, ਇਸਲਾਮਿਕ, ਈਸਾਈ, ਸਿੱਖ, ਹਿੰਦੂ ਤੇ ਬੁੱਧ ਧਰਮਾਂ ਨਾਲ ਸਬੰਧਤ ਲੋਕ ਖੜ੍ਹੇ ਨਜ਼ਰ ਆ ਰਹੇ ਹਨ, ਇਹ ਸਾਰੇ ਧਰਮਾਂ ਦਾ ਪ੍ਰਤੀਕ ਹੈ ਨਾ ਕਿ ਕਿਸੇ ਇਕ ਧਰਮ ਦਾ। ਟਿਕਟ ਦੇ ਪਿਛੋਕੜ 'ਚ ਬਰਤਾਨੀਆ ਦੇ ਦਿਹਾਤੀ ਤੇ ਸ਼ਹਿਰੀ ਪੱਖ ਨਜ਼ਰ ਆ ਰਹੇ ਹਨ ਤੇ ਨਾਲ ਹੀ ਵੱਖ-ਵੱਖ ਧਰਮਾਂ ਦੇ ਧਾਰਮਿਕ ਸਥਾਨ ਦਿਖ ਰਹੇ ਹਨ ਜੋ ਕਿ ਪੂਰੇ ਯੂਕੇ ਵਿਚ ਹਨ। ਇਕ ਛੋਟੀ ਸ਼ੀਟ ਵਿਚ ਇਸ ਟਿਕਟ ਨੂੰ ਦਰਸਾਇਆ ਗਿਆ ਹੈ ਤੇ ਨਾਲ ਹੀ ਤਾਜਪੋਸ਼ੀ ਸਮਾਗਮ ਬਾਰੇ ਦੱਸਿਆ ਗਿਆ ਹੈ। ਇਸ ਵਿਚ ਰਾਸ਼ਟਰਮੰਡਲ ਦੇ ਆਲਮੀ ਸਬੰਧਾਂ, ਟਿਕਾਊ ਵਿਕਾਸ ਤੇ ਜੈਵ ਭਿੰਨਤਾ ਦਾ ਵੀ ਜ਼ਿਕਰ ਹੈ। ਇਤਿਹਾਸ ਵਿਚ ਇਹ ਤੀਜੀ ਵਾਰ ਹੈ ਜਦ 'ਰੌਇਲ ਮੇਲ' ਨੇ ਤਾਜਪੋਸ਼ੀ ਸਮਾਗਮ ਮੌਕੇ ਟਿਕਟਾਂ ਜਾਰੀ ਕੀਤੀਆਂ ਹਨ।




ਇਸ ਤੋਂ ਪਹਿਲਾਂ 1937 'ਚ ਮਹਾਰਾਜਾ ਜੌਰਜ ਤੇ 1953 'ਚ ਮਹਾਰਾਣੀ ਐਲਿਜ਼ਾਬੈੱਥ ਦੋਇਮ ਦੀ ਤਾਜਪੋਸ਼ੀ ਮੌਕੇ ਟਿਕਟਾਂ ਜਾਰੀ ਹੋਈਆਂ ਸਨ। ਸ਼ਾਹੀ ਡਾਕ ਵਿਭਾਗ ਦੇ ਸੀਈਓ ਸਾਈਮਨ ਥੌਂਪਸਨ ਨੇ ਕਿਹਾ ਕਿ ਉਹ ਯਾਦਗਾਰੀ ਟਿਕਟਾਂ ਦਾ ਸੈੱਟ ਜਾਰੀ ਕਰ ਕੇ ਮਾਣ ਮਹਿਸੂਸ ਕਰ ਰਹੇ ਹਨ, ਇਨ੍ਹਾਂ ਵਿਚੋਂ ਕੁਝ ਬਾਦਸ਼ਾਹ ਚਾਰਲਸ ਵੱਲੋਂ ਵਚ੍ਹ ?ਆਂਬੱਧੀ ਕੀਤੀ ਲੋਕ ਸੇਵਾ ਦਾ ਪ੍ਰਤੀਕ ਹਨ। ਇਨ੍ਹਾਂ ਟਿਕਟਾਂ ਨੂੰ 'ਐਟਲੀਅਰ ਵਰਕਸ' ਨੇ ਡਿਜ਼ਾਈਨ ਕੀਤਾ ਹੈ।

# ਬੁਰੀ ਤਰ੍ਹਾਂ ਫਸੇ ਟਰੰਪ, ਇਕ ਹੋਰ ਔਰਤ ਨੇ ਲਗਾਇਆ ਜਿਨਸੀ ਸ਼ੋਸ਼ਣ ਦਾ ਦੋਸ਼

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਇਕ ਹੋਰ ਔਰਤ ਨੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਹੈ। ਜੈਸਿਕਾ ਲੀਡਸ (81) ਨੇ ਨਿਊਯਾਰਕ ਵਿੱਚ ਇੱਕ ਜਿਊਰੀ ਦੇ ਸਾਹਮਣੇ ਗਵਾਹੀ ਦਿੱਤੀ ਕਿ ਟਰੰਪ ਨੇ 1970 ਦੇ ਅਖੀਰ ਵਿੱਚ ਇੱਕ ਜਹਾਜ਼ ਵਿੱਚ ਸਫਰ ਦੌਰਾਨ ਉਸ ਨਾਲ ਅਸ਼ਲੀਲ ਹਰਕਤ ਕੀਤੀ ਸੀ। ਲੀਡਜ਼ ਨੇ ਈ. ਜੀਨ ਕਾਰਲੇਸ ਨਾਂ ਦੀ ਔਰਤ ਦੁਆਰਾ ਟਰੰਪ ਖ਼ਿਲਾਫ਼ ਦਾਇਰ ਕੀਤੇ ਜਿਨਸੀ ਸ਼ੋਸ਼ਣ ਦੇ ਮੁਕੱਦਮੇ ਦੀ ਸੁਣਵਾਈ ਦੌਰਾਨ ਇਹ ਗਵਾਹੀ ਦਿੱਤੀ।




ਕਾਰਲੇਸ ਨੇ ਦਾਅਵਾ ਕੀਤਾ ਸੀ ਕਿ ਸਾਬਕਾ ਰਾਸ਼ਟਰਪਤੀ ਨੇ ਮੈਨਹਟਨ ਡਿਪਾਰਟਮੈਂਟ ਸਟੋਰ ਵਿੱਚ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਇਸ ਦੌਰਾਨ ਟਰੰਪ ਦੇ ਵਕੀਲ ਨੇ ਜਿਊਰੀ ਨੂੰ ਦੱਸਿਆ ਕਿ ਸਾਬਕਾ ਰਾਸ਼ਟਰਪਤੀ ਨੇ ਕੇਸ ਬਾਰੇ ਕੁਝ ਵੱਡੇ ਸਵਾਲਾਂ ਦੇ ਜਵਾਬ ਦੇਣ ਦਾ ਫ਼ੈਸਲਾ ਕੀਤਾ ਹੈ। ਉਸ ਨੇ ਹਲਫ਼ਨਾਮੇ ਰਾਹੀਂ ਆਪਣਾ ਪੱਖ ਰੱਖਿਆ ਹੈ, ਜਿਸ ਦੇ ਕੁਝ ਹਿੱਸੇ ਜਿਊਰੀ ਅੱਗੇ ਸੁਣਾਏ ਜਾ ਸਕਦੇ ਹਨ। ਉੱਤਰੀ ਕੈਰੋਲੀਨਾ ਨਿਵਾਸੀ ਲੀਡਸ ਨੇ ਜਿਊਰੀ ਸਾਹਮਣੇ ਦਿੱਤੀ ਗਵਾਹੀ ਵਿਚ ਕਿਹਾ ਕਿ ਉਹ ਅਤੇ ਟਰੰਪ ਨਿਊਯਾਰਕ ਸਿਟੀ ਲਈ ਜਾਣ ਵਾਲੇ ਇੱਕ ਜਹਾਜ਼ ਵਿੱਚ ਨਾਲ-ਨਾਲ ਬੈਠੇ ਸਨ, ਜਦੋਂ ਟਰੰਪ ਨੇ ਉਸ ਨਾਲ ਅਸ਼ਲੀਲ ਹਰਕਤ ਕੀਤੀ। ਲੀਡਜ਼ ਦੇ ਅਨੁਸਾਰ ਕੁਝ ਹੀ ਸਕਿੰਟਾਂ ਬਾਅਦ ਉਸਨੇ ਆਪਣੇ ਆਪ ਨੂੰ ਟਰੰਪ ਦੇ ਚੁੰਗਲ ਤੋਂ ਛੁਡਾ ਲਿਆ ਅਤੇ ਫਿਰ ਪਿਛਲੀ ਸੀਟ 'ਤੇ ਚਲੀ ਗਈ। ਉਸਨੇ ਕਿਹਾ ਕਿ "ਕੋਈ ਗੱਲਬਾਤ ਨਹੀਂ ਹੋਈ ਸੀ। ਇਹ ਬਿਲਕੁਲ ਹੈਰਾਨੀਜਨਕ ਸੀ।"

ਉਸ ਨੇ ਦੋਸ਼ ਲਾਇਆ ਕਿ "ਟਰੰਪ ਮੈਨੂੰ ਕਿੱਸ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਆਪਣੇ ਵੱਲ ਖਿੱਚ ਰਹੇ ਸਨ। ਉਹ ਹੋਰ ਵੀ ਅਸ਼ਲੀਲ ਹਰਕਤਾਂ ਕਰ ਰਿਹਾ ਸੀ। ਇਉਂ ਜਾਪਦਾ ਸੀ ਜਿਵੇਂ ਉਸ ਕੋਲ ਅਣਗਿਣਤ ਹੱਥਾਂ ਦੀ ਤਾਕਤ ਸੀ। ਇੰਝ ਲੱਗ ਰਿਹਾ ਸੀ ਜਿਵੇਂ ਸਾਡੇ ਦੋਹਾਂ ਵਿਚਕਾਰ ਕੋਈ ਸੰਘਰਸ਼ ਹੋ ਰਿਹਾ ਹੋਵੇ।" ਇਸ ਮਾਮਲੇ 'ਚ ਇਕ ਹੋਰ ਔਰਤ ਦੇ ਵੀ ਟਰੰਪ ਖ਼ਿਲਾਫ਼ ਗਵਾਹੀ ਦੇਣ ਦੀ ਉਮੀਦ ਹੈ। ਹਾਲਾਂਕਿ ਟਰੰਪ ਨੇ ਵੱਖ-ਵੱਖ ਔਰਤਾਂ ਦੁਆਰਾ ਆਪਣੇ 'ਤੇ ਲਗਾਏ ਜਿਨਸੀ ਸ਼ੋਸ਼ਣ ਅਤੇ ਜਿਨਸੀ ਦੁਰਵਿਹਾਰ ਦੇ ਦੋਸ਼ਾਂ ਨੂੰ ਲਗਾਤਾਰ ਨਕਾਰਿਆ ਹੈ। ਉਸ ਦਾ ਦਾਅਵਾ ਹੈ ਕਿ ਇਹ ਦੋਸ਼ ਰਾਜਨੀਤੀ ਤੋਂ ਪ੍ਰੇਰਿਤ ਹਨ ਅਤੇ ਉਸ ਦੇ ਅਕਸ ਨੂੰ ਖਰਾਬ ਕਰਨ ਦੀ ਸਾਜ਼ਿਸ਼ ਹੈ ਤਾਂ ਜੋ ਉਹ ਵ੍ਹਾਈਟ ਹਾਊਸ ਦੀ ਦੌੜ ਵਿਚ ਸ਼ਾਮਲ ਨਾ ਹੋ ਸਕੇ।

# ਅਮਰੀਕੀ ਦੇ ਦੱਖਣੀ ਕੈਰੋਲੀਨਾ ਰਾਜ 'ਚ ਵਿਆਹ ਦੇ 5 ਘੰਟੇ ਬਾਅਦ ਸੜਕ ਹਾਦਸੇ ਵਿਚ ਲਾੜੀ ਦੀ ਮੌਤ

**ਲਾੜੇ ਸਮੇਤ 3 ਹੋਰ ਗੰਭੀਰ ਜ਼ਖਮੀ**

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਦੱਖਣੀ ਕੈਰੋਲੀਨਾ ਰਾਜ ਵਿਚ ਫੌਲੀ ਬੀਚ ਵਿਖੇ ਵਿਆਹ ਦੇ 5 ਘੰਟੇ ਬਾਅਦ ਹੋਏ ਇਕ ਭਿਆਨਕ ਸੜਕ ਹਾਦਸੇ ਵਿਚ 34 ਸਾਲਾ ਲਾੜੀ ਦੀ ਮੌਤ ਹੋਣ ਜਦ ਕਿ ਉਸ ਦੇ ਪਤੀ ਸਮੇਤ ਦੋ ਹੋਰਨਾਂ ਦੇ ਗੰਭੀਰ ਰੂਪ ਵਿਚ ਜ਼ਖਮੀ ਹੋ ਜਾਣ ਦੀ ਖਬਰ ਹੈ। ਰਾਤ ਵੇਲੇ ਵਾਪਰੇ ਹਾਦਸੇ ਵਿਚ ਵਿਆਹ ਦੀ ਪਾਰਟੀ ਤੋਂ ਬਾਅਦ ਲਾੜੀ ਸਮੰਤਾ ਮਿਲਰ ਆਪਣੇ ਪਤੀ ਐਰਿਕ ਹੂਚਿਨਸਨ ਸਮੇਤ ਦੋ ਹੋਰਨਾਂ ਨਾਲ ਗੋਲਫ਼ ਕਾਰਟ ਕਿਸਮ ਦੇ ਵਾਹਣ ਵਿਚ ਜਾ ਰਹੀ ਸੀ ਜਦੋਂ ਇਕ ਤੇਜ ਰਫਤਾਰ ਕਾਰ ਨੇ ਉਨਾਂ ਵਿਚ ਜੋਰਦਾਰ ਟੱਕਰ ਮਾਰ ਦਿੱਤੀ ਜਿਸ ਦੇ ਸਿੱਟੇ ਵਜੋਂ ਉਨਾਂ ਦੀ ਠੇਲਾ ਗੱਡੀ ਕਈ ਪਲਟੀਆਂ ਖਾ ਗਈ। ਫੌਲੀ ਬੀਚ ਦੇ ਚੀਫ ਗਿਲਰੀਥ ਪਬਲਿਕ ਸੇਫਟੀ ਡਾਇਰੈਕਟਰ ਅਨੁਸਾਰ 3 ਜ਼ਖਮੀਆਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ ਜਿਨਾਂ ਵਿਚ ਮਿਲਰ ਦਾ ਪਤੀ ਵੀ ਸ਼ਾਮਿਲ ਹੈ। ਗਿਲਰੀਥ ਨੇ ਕਿਹਾ ਹੈ ਕਿ ਠੇਲਾ ਗੱਡੀ ਜੋ ਪੂਰੀ ਤਰਾਂ ਸਜਾਈ ਹੋਈ ਸੀ, ਬੁਰੀ ਤਰਾਂ ਨੁਕਸਾਨੀ ਗਈ। ਮੌਕੇ 'ਤੇ ਪੁੱਜੇ ਸਿਹਤ ਕਾਮਿਆਂ ਨੇ ਮਿਲਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਦਮ ਤੋੜ ਕਈ। ਸ਼ੱਕੀ ਮਹਿਲਾ ਡਰਾਈਵਰ 25 ਸਾਲਾ ਜੈਮੀ ਲੀ ਕੋਮੋਰੋਸਕੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਗਿਲਰੀਥ ਅਨੁਸਾਰ ਹਾਦਸੇ ਸਮੇ ਉਹ 25 ਮੀਲ ਰਫ਼ਤਾਰ ਵਾਲੇ ਜੋਨ ਵਿਚ 65 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਕਾਰ ਚਲਾ ਰਹੀ ਸੀ। ਪੁਲਿਸ ਦਾ ਕਹਿਣਾ ਹੈ ਕਿ ਹਾਦਸੇ ਵੇਲੇ ਕਥਿੱਤ ਤੌਰ 'ਤੇ ਜੈਮੀ ਨਸ਼ੇ ਵਿਚ ਸੀ।



ਸਮੰਤਾ ਮਿਲਰ ਤੇ ਐਰਿਕ ਹੂਚਿਨਸਨ ਦੀ ਵਿਆਹ ਵੇਲੇ ਦੀ ਤਸਵੀਰ ਤੇ ਸੱਜੇ ਮਹਿਲਾ ਡਰਾਈਵਰ ਜੈਮੀ ਲੀ ਕੋਮੋਰੋਸਕੀ

# ਅਮਰੀਕਾ ਨੇ ਅਫਗਾਨ ਸ਼ਰਨਾਰਥੀਆਂ ਨੂੰ ਦਿੱਤੀ ਵੱਡੀ ਰਾਹਤ

ਵਾਸ਼ਿੰਗਟਨ : ਅਮਰੀਕਾ ਨੇ ਅਫਗਾਨ ਸ਼ਰਨਾਰਥੀਆਂ ਦੀ ਅਸਥਾਈ ਨਾਗਰਿਕਤਾ ਨੂੰ ਅਗਲੇ ਦੋ ਸਾਲਾਂ ਲਈ ਨਵਿਆਉਣ ਦੀ ਇਜਾਜ਼ਤ ਦੇਣ ਦੀ ਯੋਜਨਾ ਬਣਾਈ ਹੈ। ਸੀਬੀਐਸ ਨਿਊਜ਼ ਨੇ ਮੰਗਲਵਾਰ ਨੂੰ ਇੱਕ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ। ਰਿਪੋਰਟ 'ਚ ਕਿਹਾ ਗਿਆ ਕਿ ਅਮਰੀਕਾ 'ਚ ਇਸ ਸਮੇਂ ਲਗਭਗ 77,000 ਅਫਗਾਨ ਸ਼ਰਨਾਰਥੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਹੈ।

ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐਸਸੀਆਈਐਸ) ਜੂਨ ਵਿੱਚ ਨਵਿਆਉਣ ਦੀਆਂ ਅਰਜ਼ੀਆਂ ਨੂੰ ਸਵੀਕਾਰ ਕਰਨਾ ਸ਼ੁਰੂ ਕਰ ਸਕਦਾ ਹੈ। ਰਿਪੋਰਟ ਵਿਚ ਦੱਸਿਆ ਗਿਆ ਕਿ 2021 ਵਿਚ ਅਮਰੀਕਾ ਲਿਆਂਦੇ ਗਏ ਅਫਗਾਨ ਸ਼ਰਨਾਰਥੀਆਂ ਦੇ



ਪਹਿਲੇ ਸਮੂਹ ਦੀ ਅਸਥਾਈ ਨਾਗਰਿਕਤਾ ਜੁਲਾਈ ਵਿਚ ਖ਼ਤਮ ਹੋਣ ਵਾਲੀ ਹੈ। ਜ਼ਿਕਰਯੋਗ ਹੈ ਕਿ ਅਗਸਤ 2021 ਵਿੱਚ ਜਦੋਂ ਤਾਲਿਬਾਨ ਅਫਗਾਨਿਸਤਾਨ ਦੀ ਸੱਤਾ ਵਿੱਚ ਵਾਪਸ ਆਇਆ, ਉਸਨੇ ਤਤਕਾਲੀ ਰਾਸ਼ਟਰਪਤੀ ਅਸ਼ਰਫ ਗਨੀ ਨੂੰ ਅਸਤੀਫਾ ਦੇਣ ਅਤੇ ਦੇਸ਼ ਛੱਡਣ ਲਈ ਕਿਹਾ। ਅਫਗਾਨਿਸਤਾਨ ਤੋਂ ਅਮਰੀਕੀ ਫੌਜ ਵੀ ਵਾਪਸ ਪਰਤ ਗਈ। ਗੰਭੀਰ ਆਰਥਿਕ ਸੰਕਟ ਅਤੇ ਭੋਜਨ ਦੀ ਘਾਟ ਕਾਰਨ ਅਫਗਾਨਿਸਤਾਨ ਮਨੁੱਖੀ ਸੰਕਟ ਦੇ ਕੰਢੇ ਪਹੁੰਚ ਗਿਆ। ਅਮਰੀਕੀ ਫੌਜ ਨੇ ਉਸ ਸਮੇਂ ਅਫਗਾਨਿਸਤਾਨ ਤੋਂ 1,22,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਕੱਢਿਆ ਸੀ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਬਾਦਲ ਦੇ ਨਾਮ ਤੋਂ ਬਿਨ੍ਹਾਂ ਪੰਜਾਬ ਆਪਣੇ ਆਪ ਨੂੰ ਅਧੂਰਾ ਮਹਿਸੂਸ ਕਰੇਗਾ: ਨਿਹੰਗ ਬਾਬਾ ਬਲਬੀਰ ਸਿੰਘ

## *ਖਿਡਾਰੀ ਕੌਰ ਸਿੰਘ ਦੀ ਮੌਤ ਤੇ ਵੀ ਦੁਖ ਪ੍ਰਗਟਾਇਆ*



ਦਮਦਮਾ ਸਾਹਿਬ : ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਦੀ ਅੰਤਿੰਗ ਯਾਤਰਾ ਸਮੇਂ ਵਿਸ਼ੇਸ਼ ਤੌਰ 'ਤੇ ਪੁਜੇ। ਨਿਹੰਗ ਸਿੰਘਾਂ ਦੀ ਮੁਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਪੰਜ ਦਹਾਕਿਆਂ ਤੋਂ ਵੱਧ ਸਿੱਖ ਸਿਆਸਤ ਤੇ ਪੰਜਾਬ ਤੇ ਲੰਮਾਂ ਸਮਾਂ ਰਾਜ ਕਰਨ ਵਾਲੀ ਇਹ ਮਹਾਨ ਸਖਸ਼ੀਅਤ ਦਾ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰਹੇਗਾ। ਇਨ੍ਹਾਂ ਦੇ ਨਾਮ ਤੋਂ ਬਿਨ੍ਹਾਂ ਪੰਜਾਬ ਆਪਣੇ ਆਪ ਨੂੰ ਅਧੂਰਾ ਮਹਿਸੂਸ ਕਰੇਗਾ।

ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਸਨਮੁਖ ਰੱਖਦਿਆਂ ਸਿੱਖ ਘੱਲੂਘਾਰਿਆਂ, ਜੰਗਾਂ ਅਤੇ ਜਰਨੈਲਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ, ਸਿੱਖ ਤੇ ਪੰਜਾਬ ਦੇ ਇਤਿਹਾਸ ਨੂੰ ਸੰਗਤਾਂ ਦੇ ਰੂਬਰੂ ਕੀਤਾ। ਪੰਜਾਬ ਤੇ ਸਿੱਖਾਂ ਪਾਸੋਂ ਇਕ ਚੰਗਾ ਤੇ ਕਦਾਵਾਰ ਆਗੂ ਵਿਦਾ ਹੋ ਗਿਆ ਹੈ। ਜਿਸ ਦਾ ਪੰਜਾਬੀਆਂ ਨੂੰ ਅਫਸੋਸ ਰਹੇਗਾ। ਇਸੇ ਦੌਰਾਨ ਦੁਨੀਆਂ ਵਿਚ ਭਾਰਤ ਦੀ ਸੋਭਾ ਵਧਾਉਣ ਵਾਲਾ ਏਸ਼ੀਅਨ ਚੈਪੀਅਨ ਸਿੱਖ ਮੁਕੇਬਾਜ ਖਿਡਾਰੀ ਸ. ਕੌਰ ਸਿੰਘ ਦੇ ਅਕਾਲ ਚਲਾਣੇ ਤੇ ਵੀ ਉਨ੍ਹਾਂ ਦੁਖ ਪ੍ਰਗਟ ਕੀਤਾ ਹੈ। ਜਥੇਦਾਰ ਬਾਬਾ ਬਲਬੀਰ ਸਿੰਘ ਨੇ ਸ. ਕੌਰ ਸਿੰਘ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਹੈ ਤੇ ਕਿਹਾ ਭਾਰਤ ਇਕ ਚੰਗੇ ਖਿਡਾਰੀ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਚੰਗੇ ਖਿਡਾਰੀ ਤੇ ਨੇਤਾ ਬਹੁਤ ਮੇਹਨਤ ਨਾਲ ਤਿਆਰ ਹੁੰਦੇ ਹਨ। ਸਰਕਾਰਾਂ ਨੂੰ ਅਜਿਹੇ ਖਿਡਾਰੀਆਂ ਦੇ ਪ੍ਰੀਵਾਰਾਂ ਦੀ ਸਾਰ ਲੈਣੀ ਚਾਹੀਦੀ ਹੈ ਜੋ ਕੁੱਝ ਵੀ ਸੰਭਵ ਹੋ ਸਕਦਾ ਹੈ ਕਰਨਾ ਚਾਹੀਦਾ ਹੈ।

# ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਜਥੇਦਾਰ ਗੌਹਰ ਨੂੰ ਹਾਈ ਪਾਵਰ ਜਾਂਚ ਕਮੇਟੀ ਵੱਲੋਂ ਕਲੀਨ ਚਿੱਟ ਦੇਣ ਬਾਰੇ ਪੱਤਰ

## *ਪੰਥਕ ਸ਼ਖ਼ਸੀਅਤ ਦੀ ਕਿਰਦਾਰਕੁਸ਼ੀ ਕਰਨ ਲਈ ਕਸੂਰਵਾਰ ਡਾ: ਸਮਰਾ ਨੂੰ ਤਲਬ ਕੀਤਾ ਜਾਵੇ : ਪ੍ਰੋ: ਸਰਚਾਂਦ ਸਿੰਘ*





ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰੇ ਮਸਕੀਨ ਵਿਰੁੱਧ ਸਾਜ਼ਿਸ਼ ਕਰਕੇ ਤਖ਼ਤ ਸਾਹਿਬ ਅਤੇ ਤਖ਼ਤ ਦੇ ਜਥੇਦਾਰ ਦੀ ਪਦਵੀ ਨੂੰ ਬਦਨਾਮ ਕਰਨ ਅਤੇ ਪੰਥਕ ਸ਼ਖ਼ਸੀਅਤ ਦੀ ਕਿਰਦਾਰਕੁਸ਼ੀ ਕਰਨ ਲਈ ਕਸੂਰਵਾਰ ਕਰਤਾਰਪੁਰ ਵਾਸੀ ਡਾ: ਗੁਰਵਿੰਦਰ ਸਿੰਘ ਸਮਰਾ ਨੂੰ ਤਲਬ ਕਰਕੇ ਪੰਥਕ ਰਵਾਇਤਾਂ ਮੁਤਾਬਿਕ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਤਾਂ ਜੋ ਭਵਿੱਖ 'ਚ ਕੋਈ ਵੀ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਹਿੰਮਤ ਨਾ ਕਰ ਸਕੇ।

ਜਥੇਦਾਰ ਨੂੰ ਲਿਖੇ ਪੱਤਰ ਵਿਚ ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ ਮਸਕੀਨ 'ਤੇ ਕਰਤਾਰਪੁਰ ਵਾਸੀ ਡਾ: ਗੁਰਵਿੰਦਰ ਸਿੰਘ ਸਮਰਾ ਵੱਲੋਂ 70 ਲੱਖ ਰੁਪਏ ਵਸੂਲਣ ਦੇ ਬਾਵਜੂਦ ਤਖ਼ਤ ਪਟਨਾ ਸਾਹਿਬ ਲਈ ਭੇਟ ਕੀਤੀ ਗਈ ਸੋਨੇ ਦੀ ਕਿਰਪਾਨ ਨਕਲੀ ਹੋਣ ਦਾ ਲਾਇਆ ਗਿਆ ਸੀ। ਇਸ ਮਾਮਲੇ ਸੰਬੰਧੀ ਤਖ਼ਤ ਪਟਨਾ ਸਾਹਿਬ ਦੇ ਪ੍ਰਬੰਧਕੀ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਹਿਤ (ਹੁਣ ਮਰਹੂਮ) ਵੱਲੋਂ ਦਿੱਲੀ ਹਾਈਕੋਰਟ ਦੇ ਸੇਵਾਮੁਕਤ ਜਸਟਿਸ ਆਰ.ਐਸ.ਸੋਢੀ ਦੀ ਅਗਵਾਈ ਵਿਚ ਬਣਾਈ ਗਈ ਹਾਈ ਪਾਵਰ ਕਮੇਟੀ ਨੇ ਨਿਰਪੱਖ ਤੇ ਬਾਰੀਕ ਜਾਂਚ ਕਰਨ ਤੋਂ ਬਾਅਦ 19 ਅਪ੍ਰੈਲ 2023 ਨੂੰ ਸੌਂਪੀ ਗਈ ਰਿਪੋਰਟ 'ਚ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਮਾਮਲਾ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਸਬੰਧਿਤ ਹੋਣ ਕਰਕੇ ਇਹ ਸੰਵੇਦਨਸ਼ੀਲ ਅਤੇ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਅਤੇ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਜਾਂਚ ਕਮੇਟੀ ਦਾ ਵਿਚਾਰ ਹੈ ਕਿ ਇਸ ਗਲ ਦਾ ਕੋਈ ਸਬੂਤ ਨਹੀਂ ਹੈ ਕਿ 'ਸ੍ਰੀ ਸਾਹਿਬ' ਕਥਿਤ ਤੌਰ 'ਤੇ ਗਿਆਨੀ ਰਣਜੀਤ ਸਿੰਘ ਗੌਹਰ ਵੱਲੋਂ ਤਿਆਰ ਕੀਤੀ ਗਈ ਸੀ ਅਤੇ ਨਾ ਹੀ ਡਾ: ਸਮਰਾ ਵੱਲੋਂ ਗਿਆਨੀ ਰਣਜੀਤ ਸਿੰਘ ਗੌਹਰ ਵਿਚਕਾਰ ਪੈਸੇ ਦਾ ਲੈਣ-ਦੇਣ ਹੋਇਆ ਸੀ। ਡਾ: ਸਮਰਾ ਨੇ ਜਥੇਦਾਰ ਰਣਜੀਤ ਸਿੰਘ ਨੂੰ ਸ੍ਰੀ ਸਾਹਿਬ ਬਣਾਉਣ ਲਈ 70 ਲੱਖ ਰੁਪਏ ਦੇਣ ਬਾਰੇ ਕੋਈ ਸਬੂਤ ਪੇਸ਼ ਨਹੀਂ ਕਰ ਸਕਿਆ। ਡਾ: ਸਮਰਾ, ਜਿਸ ਨੂੰ ਇਕ ਕਿੱਲੋ ਸੋਨੇ ਦੀ ਕੀਮਤ ਲਗਭਗ 49 ਲੱਖ ਰੁਪਏ ਹੋਣ ਬਾਰੇ ਪਤਾ ਹੈ ਉਸ ਵੱਲੋਂ ਇਹ ਸੰਭਵ ਹੀ ਨਹੀਂ ਕਿ ਉਹ ਇਸ ਦੇ ਬਦਲੇ 70 ਲੱਖ ਦਾ ਭੁਗਤਾਨ ਕਰੇਗਾ। ਰਿਪੋਰਟ ਨੇ ਇਹ ਵੇਰਵਾ ਵੀ ਦਿੱਤਾ ਕਿ ਡਾ: ਸਮਰਾ ਦੇ ਇਸ ਦਾਅਵੇ 'ਚ ਕੋਈ ਸਚਾਈ ਨਹੀਂ ਕਿ ਉਸ ਨੇ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਅਪ੍ਰੈਲ 2022 ਦੇ ਪਹਿਲੇ - ਦੂਜੇ ਹਫ਼ਤੇ ਉਨ੍ਹਾਂ ਦੀ ਸ਼੍ਰੀ ਗੁਰੂ ਤੇਗ਼ ਬਹਾਦਰ ਹਸਪਤਾਲ ਕਰਤਾਰਪੁਰ ਸਥਿਤ ਰਿਹਾਇਸ਼ 'ਤੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ 'ਚ 70 ਲੱਖ ਰੁਪਏ ਨਕਦ ਦਿੱਤੇ ਸਨ। ਕਿਉਂ ਕਿ ਜਥੇਦਾਰ ਗੌਹਰ ਨੇ ਸਾਲ 2022 ਦੇ 31 ਮਾਰਚ ਤੋਂ ਅਪ੍ਰੈਲ, 2022 ਤੱਕ ਦੇ ਪ੍ਰੋਗਰਾਮਾਂ ਲਈ ਕੀਤੇ ਗਏ ਸਫ਼ਰ, ਵੱਖ-ਵੱਖ ਏਅਰਲਾਈਨਾਂ ਦੀਆਂ ਹਵਾਈ ਟਿਕਟਾਂ ਅਤੇ ਬੋਰਡਿੰਗ ਪਾਸਾਂ ਤੋਂ ਇਲਾਵਾ ਮੋਬਾਈਲ ਟੈਲੀਫ਼ੋਨ ਲੋਕੇਸ਼ਨ ਪੇਸ਼ ਕਰਦਿਆਂ ਡਾ: ਸਮਰਾ ਦੇ ਦੋਸ਼ਾਂ ਨੂੰ ਨਕਾਰਿਆ ਹੈ।

ਡਾ: ਸਮਰਾ ਵੱਲੋਂ 'ਹਾਰ ਅਤੇ ਸ੍ਰੀ ਸਾਹਿਬ' ਗਿਆਨੀ ਰਣਜੀਤ ਸਿੰਘ ਗੌਹਰ ਦੀ ਮੌਜੂਦਗੀ ਵਿਚ ਤਖ਼ਤ ਸਾਹਿਬ ਨੂੰ ਭੇਟ ਕਰਨ ਦਾ ਦਾਅਵੇ ਨੂੰ ਵੀ ਖ਼ਾਰਜ ਕੀਤਾ ਹੈ। ਜਾਂਚ ਰਿਪੋਰਟ 'ਚ ਹਾਈ ਪਾਵਰ ਕਮੇਟੀ ਨੇ ਤਖ਼ਤ ਪਟਨਾ ਸਾਹਿਬ ਕਮੇਟੀ ਨੂੰ ਸੋਨਾ ਦਾਨ ਸਵੀਕਾਰ ਕਰਨ ਲਈ ਨਿਰਧਾਰਿਤ ਪ੍ਰਕਿਰਿਆ ਦੀ ਸਖ਼ਤੀ ਨਾਲ ਪਾਲਣਾ ਨਾ ਕਰਨ ਲਈ ਆੜੇ ਹੱਥੀਂ ਲਿਆ।

ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਕਿਸੇ ਵੀ ਤਖ਼ਤ ਸਾਹਿਬ ਦੇ ਜਥੇਦਾਰ 'ਤੇ ਝੂਠੇ ਦੋਸ਼ ਲਗਾ ਕੇ ਬਦਨਾਮ ਕਰਨ ਦੀ ਕੋਈ ਵੀ ਕੋਸ਼ਿਸ਼ ਸਿੱਖ ਪੰਥ ਲਈ ਬਹੁਤ ਹੀ ਮੰਦਭਾਗੀ ਗਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਪੰਥ ਨੂੰ ਉਨ੍ਹਾਂ ਤਾਕਤਾਂ ਬਾਰੇ ਅਨੇਕਾਂ ਵਾਰ ਸੁਚੇਤ ਕੀਤਾ ਹੈ, ਜਿਨ੍ਹਾਂ ਵੱਲੋਂ ਸਿੱਖਾਂ ਨੂੰ ਸਿੱਖ ਸੰਸਥਾਵਾਂ ਨਾਲੋਂ ਤੋੜਨ ਅਤੇ ਸੰਸਥਾਵਾਂ ਨੂੰ ਕਮਜ਼ੋਰ ਕਰਨ ਹਿਤ ਉੱਥੇ ਨਿਯੁਕਤ ਜਾਂ ਕਾਰਜਸ਼ੀਲ ਪੰਥਕ ਸ਼ਖ਼ਸੀਅਤਾਂ 'ਤੇ ਬੇਬੁਨਿਆਦ ਦੋਸ਼ ਲਾ ਕੇ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ। ਕਿਸੇ ਦੀ ਕਿਰਦਾਰਕੁਸ਼ੀ ਦਾ ਹਥਿਆਰ ਸਰੀਰਕ ਤੌਰ 'ਤੇ ਖ਼ਤਮ ਕਰਨ ਤੋਂ ਵੀ ਵੱਧ ਖ਼ਤਰਨਾਕ ਹੈ। ਕਿਸੇ 'ਤੇ ਮਨਘੜਤ ਬੇਬੁਨਿਆਦ ਦੋਸ਼ ਲਾ ਕੇ ਉਸ ਦਾ ਅਕਸ ਏਨਾ ਖ਼ਰਾਬ ਕਰ ਦਿਓ ਕਿ ਉਹ ਅਪਣਾ ਹੌਸਲਾ ਹੀ ਹਾਰ ਜਾਵੇ। ਸਿੱਖ ਸੰਸਥਾਵਾਂ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਜਾਣਬੁੱਝ ਕੇ ਬਦਨਾਮ ਕਰਦਿਆਂ ਪੰਥਕ ਸੰਸਥਾਵਾਂ ਦੇ ਅਕਸ ਨੂੰ ਢਾਹ ਲਾਉਣ ਵਾਲੇ ਲੋਕਾਂ ਵੱਲੋਂ ਸਿੱਖ ਸਿਧਾਂਤਾਂ, ਨੈਤਿਕਤਾ, ਮਾਣ ਮਰਿਆਦਾ ਅਤੇ ਸਿੱਖ ਭਾਵਨਾਵਾਂ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ। ਹਾਈ ਪਾਵਰ ਜਾਂਚ ਕਮੇਟੀ 'ਚ ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੈਂਬਰ ਸ.ਚਰਨਜੀਤ ਸਿੰਘ ਸਲੂਜਾ ਕਨਵੀਨਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਗਿਆਨੀ ਹਰਦੀਪ ਸਿੰਘ, ਹੈੱਡ ਗ੍ਰੰਥੀ ਅਤੇ ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਅਜੀਤਪਾਲ ਸਿੰਘ ਬਿੰਦਰਾ ਸ਼ਾਮਿਲ ਸਨ।

# ਗੁ: ਡਾਂਗਮਾਰ ਸਾਹਿਬ ਵਿਖੇ ਸਿੱਖ ਮਰਯਾਦਾ ਬਹਾਲ ਹੋਣੀ ਸਿੱਖਾਂ ਲਈ ਖੁਸ਼ੀ ਦੀ ਗੱਲ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ



ਸ੍ਰੀ ਅਨੰਦਪੁਰ ਸਾਹਿਬ : ਸਿੱਕਮ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਗੁਰ ਮਰਯਾਦਾ ਬਹਾਲ ਹੋ ਜਾਣ ਤੇ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਨੇ ਤਸੱਲੀ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਕਿ ਸਿੱਖ ਸੰਸਥਾਵਾਂ, ਸਿੱਖ ਜਥੇਬੰਦੀਆਂ ਤੇ ਹਰੇਕ ਸਿੱਖ ਦੀ ਇੱਛਾ ਤੇ ਮੰਗ ਸੀ ਕਿ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਮਰਯਾਦਾ ਤੁਰੰਤ ਬਹਾਲ ਹੋਵੇ ਤੇ ਦਖਲ ਦੇ ਰਹੀਆਂ ਧਿਰਾਂ ਮਰਯਾਦਾ ਨੂੰ ਪ੍ਰਭਾਵਿਤ ਨਾ ਕਰਨ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀ ਸਿੱਕਮ ਹਾਈ ਕੋਰਟ ਨੇ ਦਖਲ ਦੇ ਕੇ ਮਰਯਾਦਾ ਪਹਿਲਾਂ ਦੀ ਤਰ੍ਹਾਂ ਬਹਾਲ ਕਰਨ ਦੇ ਆਦੇਸ਼ ਦਿੱਤੇ ਹਨ, ਇਸ ਪਿੱਛੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਦੀ ਮੇਹਨਤ ਤੇ ਦਿਲਚਸਪੀ ਰੰਗ ਲਿਆਈ ਹੈ। ਨਿਹੰਗ ਮੁਖੀ ਨੇ ਕਿਹਾ ਕਿ ਇਹ ਮਾਮਲਾ 2007 ਤੋਂ ਪ੍ਰਭਾਵਿਤ ਸੀ ਚੱਲੋਂ ਦੇਰ ਆਇਦ ਦਰੁਸਤ ਆਇਦ ਨਾਲ ਹੀ ਭਲਾ ਹੈ। ਉਨ੍ਹਾਂ ਕਿਹਾ ਘੱਟ ਗਿਣਤੀ ਭਾਈ ਚਾਰਿਆਂ ਦੇ ਧਾਰਮਿਕ ਅਸਥਾਨਾਂ ਨਾਲ ਵਿਤਕਰਾ ਬਹੁ ਗਿਣਤੀ ਲਈ ਵਾਜਬ ਨਹੀਂ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣੀ ਸਬ ਕਮੇਟੀ ਨੇ ਸਿੰਧੀ, ਨਿਰਮਲੇ, ਉਦਾਸੀ, ਭਾਈਚਾਰੇ ਦੇ ਧਾਰਮਿਕ ਅਸਥਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰ ਮਰਯਾਦਾ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ ਨਾਲ ਸਹਿਮਤੀ ਪ੍ਰਗਟਾਈ ਹੈ ਅਤੇ ਕਿਹਾ ਕਿ ਪੰਥ ਦੇ ਭਿੰਨ ਭਿੰਨ ਅੰਗ ਜੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਸਥਾ ਵਿਸ਼ਵਾਸ ਰਖਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਦਾ ਪਾਲਣ ਕਰਦੇ ਹਨ। ਉਨ੍ਹਾਂ ਨੂੰ ਪੰਥ ਤੋਂ ਦੂਰ ਨਹੀਂ ਕਰਨਾ ਚਾਹੀਦਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਉਪਰਾਲਾ ਦੂਰ ਅੰਦੇਸ਼ੀ ਤੇ ਪੰਥਕ ਸੋਚ ਵਾਲਾ ਹੈ।

# ਧਰਮਯੁੱਧ ਮੋਰਚੇ ਦੇ ਸ਼ਹੀਦ ਸਿੰਘਾਂ ਨੂੰ ਜੋਧਪੁਰ ਮੁੜ ਵਸੇਬਾ ਐਕਸ਼ਨ ਕਮੇਟੀ ਵੱਲੋਂ ਸਰਧਾਂਜਲੀ ਭੇਟ

## *ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ: ਦਿਲਜੀਤ ਸਿੰਘ ਬੇਦੀ*



ਅੰਮ੍ਰਿਤਸਰ : ਵੱਖ-ਵੱਖ ਜੇਲਾਂ ਅੰਦਰ ਬੰਦ ਸਿੰਘਾਂ ਦੀ ਬਿਨ੍ਹਾਂ ਸ਼ਰਤ ਰਿਹਾਈ ਦੀ ਮੰਗ ਅਤੇ ਧਰਮ ਯੁੱਧ ਮੋਰਚੇ ਸਮੇਂ ਵੱਖ-ਵੱਖ ਨੀਮ ਫੌਜੀ ਦਲਾਂ ਵੱਲੋਂ ਚੁੱਕ ਕੇ ਸ਼ਹੀਦ ਕੀਤੇ ਗਏ ਸਿੰਘਾਂ ਸਬੰਧੀ ਗੁਰਦੁਆਰਾ ਸ਼ਹੀਦਾਂ ਸਾਹਿਬ ਜੇਠੂਵਾਲ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਭਾਈ ਬਲਵਿੰਦਰ ਸਿੰਘ ਜੋਧਪੁਰੀ, ਭਾਈ ਨਿਰਮਲ ਸਿੰਘ ਜੇਠੂਵਾਲ, ਲੋਕਲ ਗੁ: ਕਮੇਟੀ, ਗ੍ਰਾਮ ਪੰਚਾਇਤ ਅਤੇ ਜੋਧਪੁਰ ਨਜ਼ਰਬੰਦ ਮੁੜ ਵਸੇਬਾ ਐਕਸ਼ਨ ਕਮੇਟੀ ਵੱਲੋਂ ਸਾਂਝੇ ਰੂਪ ਵਿਚ ਗੁਰਮਤਿ ਸਮਾਗਮ ਕਰਕੇ ਸ਼ਹੀਦ ਸਿੰਘਾਂ ਨੂੰ ਸਰਧਾਂਜਲੀ ਸਮਾਗਮ ਕਰਵਾਇਆ ਗਿਆ।

ਸ਼ਹੀਦਾਂ ਦੀ ਯਾਦ ਵਿਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਅਤੇ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਵੱਜੋਂ ਸੇਵਾ ਨਿਭਾ ਰਹੇ ਸ. ਦਿਲਜੀਤ ਸਿੰਘ ਬੇਦੀ ਨੇ ਕਿਹਾ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਉਹ ਕੌਮਾਂ ਜਿੰਦਾ ਰਹਿੰਦੀਆਂ ਤੇ ਇਤਿਹਾਸ ਸਿਰਜਦੀਆਂ ਹਨ ਜੋ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਭਾਈ ਸੁਭਾਸ਼ ਸਿੰਘ ਬੱਬਰ ਖਾਲਸਾ ਤੇ ਬਾਕੀ ਸ਼ਹੀਦ ਸਿੰਘਾਂ ਦੀ ਯਾਦ ਹਰ ਸਾਲ ਇਸ ਅਸਥਾਨ ਤੇ ਗੁਰਮਤਿ ਸਮਾਗਮ ਰਾਹੀਂ ਤਾਜਾ ਕੀਤੀ ਜਾਂਦੀ ਹੈ। ਧਰਮ ਯੁੱਧ ਮੋਰਚੇ ਦੌਰਾਨ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਅਤੇ ਪੰਜਾਬ ਪੁਲੀਸ ਵੱਲੋਂ ਜਸਵੰਤ ਸਿੰਘ ਖਾਲੜਾ ਸਮੇਤ ਅਠਾਈ ਹਜ਼ਾਰ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਗਏ ਦੇ ਪ੍ਰੀਵਾਰਾਂ ਨਾਲ ਇਨਸਾਫ ਨਹੀ ਹੋਇਆ। ਸ. ਬੇਦੀ ਨੇ ਮਾਨਯੋਗ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਸੂਹੋ ਮੋਟੋ ਐਕਸ਼ਨ ਲੈ ਕੇ ਭਾਈ ਖਾਲੜਾ ਸਮੇਤ ਭਾਈ ਸੁਭਾਸ਼ ਸਿੰਘ ਜੇਠੂਵਾਲ ਤੇ ਬਾਕੀ ਸਿੰਘਾਂ ਦੇ ਪ੍ਰੀਵਾਰਾਂ ਨੂੰ ਨਿਆ ਦਿਤਾ ਜਾਵੇ।

ਇਸ ਮੌਕੇ ਸ਼ਹੀਦ ਪ੍ਰੀਵਾਰਾਂ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਸ਼ਹੀਦਾਂ ਨੂੰ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਅਤੇ ਪਰਜਾਪੱਤ ਬ੍ਰਾਦਰੀ ਦੇ ਪ੍ਰਧਾਨ ਸ. ਰਘੁਬੀਰ ਸਿੰਘ ਰਾਜਾਸਾਂਸੀ, ਸ. ਮਗਵਿੰਦਰ ਸਿੰਘ ਖਾਪੜਖੇੜੀ ਮੈਂਬਰ ਸ਼੍ਰੋਮਣੀ ਕਮੇਟੀ, ਢਾਡੀ ਜਥੇਦਾਰ ਗੁਰਮੇਜ ਸਿੰਘ ਸ਼ਹੂਰਾ, ਜਥੇਦਾਰ ਬਲਦੇਵ ਸਿੰਘ ਐਮ.ਏ, ਜਥੇਦਾਰ ਬਲਵਿੰਦਰ ਸਿੰਘ ਜੋਧਪੁਰੀ, ਜਥੇਦਾਰ ਨਿਰਮਲ ਸਿੰਘ ਜੇਠੂਵਾਲ, ਸ. ਗੱਜਣ ਸਿੰਘ ਨੇ ਸਰਧਾਜਲੀ ਭੇਟ ਕੀਤੀ ਅਤੇ ਵੱਖ-ਵੱਖ ਜੇਲਾਂ ਵਿਚ ਬੰਦ ਸਿੱਖ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਸ ਮੌਕੇ ਸ. ਨਾਨਕ ਸਿੰਘ ਜੋਧਪੁਰੀ, ਸ. ਗੱਜਣ ਸਿੰਘ ਜੇਠੂਵਾਲ, ਸ. ਹਰਪਾਲ ਸਿੰਘ ਜੋਧਪੁਰੀ, ਰਾਜੂ ਜੰਡਿਆਲਾ, ਪੱਤਰਕਾਰ ਸ. ਸਵਿੰਦਰ ਸਿੰਘ, ਪ੍ਰੋ. ਸੁਲੱਖਣ ਸਿੰਘ ਮਾਗਾਂਸਰਾਏ, ਸ. ਖਜਾਨ ਸਿੰਘ ਢੱਡੇ, ਸ. ਅਸਤੇਸ਼ਵਰ ਸਿੰਘ ਪੁੱਤਰ/ਭਾਈ ਨਿਰਮਲ ਸਿੰਘ ਪਦਮਸ੍ਰੀ, ਸ. ਵਿਰਸਾ ਜੋਧਪੁਰੀ, ਸ੍ਰੀ ਨਰਿੰਦਰ ਕੁਮਾਰ ਅਟਾਰੀ, ਸ. ਹਰਦੀਪ ਸਿੰਘ ਧਾਲੀਵਾਲ ਵਕੀਲ, ਬਾਬਾ ਭਗਤ ਸਿੰਘ ਮਹਾਕਾਲ ਬੁੱਢਾ ਦਲ, ਸ. ਅਮਰਬੀਰ ਸਿੰਘ ਸਿਆਲੀ ਐਡਵੋਕੇਟ, ਬਾਬਾ ਜਸਵੰਤ ਸਿੰਘ ਮਹਾਕਾਲ ਆਦਿ ਹਾਜ਼ਰ ਸਨ।

# ਸੱਚ ਸਾਹਮਣੇ ਲਿਆਉਣ ਲਈ ਬ੍ਰਿਜ ਭੂਸ਼ਣ ਤੋਂ ‘ਹਿਰਾਸਤੀ ਪੁੱਛ-ਪੜਤਾਲ’ ਜ਼ਰੂਰੀ: ਸਿੱਧੂ

## ਜੰਤਰ-ਮੰਤਰ ’ਤੇ ਧਰਨਾਕਾਰੀ ਪਹਿਲਵਾਨਾਂ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ : ਸਾਬਕਾ ਕ੍ਰਿਕਟਰ ਤੇ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸੱਤ ਮਹਿਲਾ ਪਹਿਲਵਾਨਾਂ, ਜਿਨ੍ਹਾਂ ਵਿੱਚ ਇਕ ਨਾਬਾਲਗ ਵੀ ਸ਼ਾਮਲ ਹੈ, ਵੱਲੋਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ’ਤੇ ਲਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸੱਚ ਸਾਹਮਣੇ ਲਿਆਉਣ ਤੇ ਅਰਥਪੂਰਨ ਜਾਂਚ ਲਈ ਸਿੰਘ ਤੋਂ ‘ਹਿਰਾਸਤੀ ਪੁੱਛ-ਪੜਤਾਲ’ ਜ਼ਰੂਰੀ ਹੈ। ਸਿੱਧੂ ਨੇ ਜੰਤਰ ਮੰਤਰ ’ਤੇ ਧਰਨਾ ਲਾਈ ਬੈਠੇ ਪਹਿਲਵਾਨਾਂ ਦੀ ਹਮਾਇਤ ਵਿੱਚ ਨਿੱਤਰਦਿਆਂ ਕਿਹਾ ਕਿ ਸਿੰਘ ਖਿਲਾਫ਼ ‘ਗੈਰ-ਜ਼ਮਾਨਤੀ ਪੋਕਸੋ ਐਕਟ’ ਤਹਿਤ ਕੇਸ ਦਰਜ ਹੋਣ ਦੇ ਬਾਵਜੂਦ ਅਜੇ ਤੱਕ ਉਸ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ। ਸਿੱਧੂ ਨੇ ਕਿਹਾ ਕਿ ਅਰਥਪੂਰਨ ਜਾਂਚ ਹੀ ਇਸ ਦਿਸ਼ਾ ’ਚ ਅਗਲੇਰਾ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ‘ਹਰੇਕ ਔਰਤ ਦੇ ਮਾਣ ਸਤਿਕਾਰ ਤੇ ਨੇਕ-ਨੀਅਤੀ ਦੀ ਲੜਾਈ ਹੈ।

ਸਿੱਧੂ ਨੇ ਪਿਛਲੇ ਅੱਠ ਦਿਨਾਂ ਤੋਂ ਧਰਨੇ ’ਤੇ ਬੈਠੇ ਪਹਿਲਵਾਨਾਂ ਨਾਲ ਅੱਜ ਮੁਲਾਕਾਤ ਕੀਤੀ ਤੇ ਉਨ੍ਹਾਂ ਦੇ ਹੱਕ ਵਿੱਚ ‘ਹਾਅ ਦਾ ਨਾਅਰਾ’ ਮਾਰਿਆ। ਸਿੱਧੂ ਨੇ ਪਹਿਲਵਾਨਾਂ ਨਾਲ ਇਕਮੁੱਠਤਾ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਨਾਲ ਖਿਚਵਾਈਆਂ ਕੁਝ ਤਸਵੀਰਾਂ ਅੱਜ ਸੋਸ਼ਲ ਮੀਡੀਆ ’ਤੇ ਸਾਂਝੀਆਂ ਕਰਦਿਆਂ ਬ੍ਰਿਜ ਭੂਸ਼ਣ ਖਿਲਾਫ ਐੱਫਆਈਆਰ ਦਰਜ ਕੀਤੇ ਜਾਣ ਵਿੱਚ ਕੀਤੀ ਦੇਰੀ ਲਈ ਸਵਾਲ ਉਠਾਏ। ਸਿੱਧੂ ਨੇ ਟਵੀਟ ਕੀਤਾ, “ਇਹ ਜਾਣਦੇ ਹੋਏ ਕਿ ਕੀ ਠੀਕ ਹੈ...ਕੁਝ ਵੀ ਨਾ ਕਰਨਾ ਸਭ ਤੋਂ ਵੱਡੀ ਕਾਇਰਤਾ ਹੈ। ਐੱਫਆਈਆਰ ਦਰਜ ਕਰਨ ਵਿੱਚ ਦੇਰੀ ਕਿਉਂ ਕੀਤੀ ਗਈ? ਐੱਫਆਈਆਰ ਨੂੰ ਜਨਤਕ ਨਾ ਕਰਨਾ ਦਰਸਾਉਂਦਾ ਹੈ ਕਿ ਐੱਫਆਈਆਰ ਕਮਜ਼ੋਰ ਹੈ ਤੇ ਇਹ ਸ਼ਿਕਾਇਤਕਰਤਾਵਾਂ ਵੱਲੋਂ ਦਿੱਤੀ ਸ਼ਿਕਾਇਤ ਦੀ ਤਾਈਦ ਨਹੀਂ ਕਰਦੀ।” ਸਿੱਧੂ ਨੇ ਬ੍ਰਿਜ ਭੂਸ਼ਣ ਨੂੰ ਬਚਾਉਣ ਪਿਛਲੇ ‘ਮੰਤਵ’ ਉੱਤੇ ਵੀ ਉਜ਼ਰ ਜਤਾਇਆ। ਸਾਬਕਾ ਕ੍ਰਿਕਟਰ ਨੇ ਸਵਾਲ ਕੀਤਾ, “ਇਰਾਦੇ ’ਤੇ ਸਵਾਲ ਉੱਠਦਾ ਹੈ ਤੇ ਇਥੇ ਮੰਤਵ ਮੁਲਜ਼ਮ ਨੂੰ ਬਚਾਉਣਾ ਹੈ। ਕੀ ਚੀਜ਼ਾਂ ਨੂੰ ਲੁਕਾਇਆ ਜਾ ਰਿਹੈ? ਜਿਸ ਅਧਿਕਾਰੀ ਨੇ ਐੱਫਆਈਆਰ ਦਰਜ ਕਰਨ ਵਿਚ ਦੇਰੀ ਕੀਤੀ, ਉਸ ਖਿਲਾਫ਼ ਆਈਪੀਸੀ ਦੀ ਧਾਰਾ 166 ਅਧੀਨ ਕਾਰਵਾਈ ਕਿਉਂ ਨਹੀਂ ਹੋਈ, ਕਿਉਂਕਿ ਐੱਫਆਈਆਰ ਦਰਜ ਕਰਨਾ ਉਸ ਦਾ ਫਰਜ਼ ਸੀ। ਸੁਪਰੀਮ ਕੋਰਟ ਵੱਲੋਂ ਲਲਿਤਾ ਕੁਮਾਰੀ ਬਨਾਮ ਯੂਪੀ ਸਰਕਾਰ ਕੇਸ ਵਿੱਚ ਸੁਣਾਏ ਫੈਸਲੇ ਮੁਤਾਬਕ ਐੱਫਆਈਆਰ ਦਰਜ ਨਾ ਕਰਨਾ ਸਜ਼ਾਯੋਗ ਅਪਰਾਧ ਹੈ।” ਸਿੱਧੂ ਨੇ ਸਵਾਲ ਕੀਤਾ, “ਪੋਕਸੋ ਐਕਟ ਤਹਿਤ ਦਰਜ ਕੇਸ ਗੈਰ-ਜ਼ਮਾਨਤੀ ਹਨ....ਹੁਣ ਤੱਕ ਗ੍ਰਿਫ਼ਤਾਰੀ ਕਿਉਂ ਨਹੀਂ ਹੋਈ? ਕੀ ਉੱਚੇ ਅਹੁਦੇ ’ਤੇ ਬੈਠਿਆਂ ਤੇ ਜ਼ੋਰਾਵਰਾਂ ਲਈ ਵੱਖਰਾ ਕਾਨੂੰਨ ਹੈ?” ਉਨ੍ਹਾਂ ਕਿਹਾ, “ਜਿਸ ਵਿਅਕਤੀ ਖਿਲਾਫ਼ ਐੱਫਆਈਆਰ ਦਰਜ ਹੈ, ਉਹ ਅਜੇ ਤੱਕ ਪ੍ਰਭਾਵਸ਼ਾਲੀ ਅਹੁਦਿਆਂ ’ਤੇ ਕਿਉਂ ਬਣਿਆ ਹੋਇਆ ਹੈ, ਉਹ ਕਿਸੇ ਦਾ ਵੀ ਕਰੀਅਰ ਤਬਾਹ ਕਰ ਸਕਦਾ ਹੈ?” ਸਿੱਧੂ ਨੇ ਕਿਹਾ ਕਿ ਬ੍ਰਿਜ ਭੂਸ਼ਣ ਦੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਿਖਰਲੇ ਅਹੁਦੇ ’ਤੇ ਬਣੇ ਰਹਿਣ ਨਾਲ ਨਿਰਪੱਖ ਜਾਂਚ ਸੰਭਵ ਨਹੀਂ ਹੈ। ਪੂਰੇ ਦੇਸ਼ ਨੂੰ ਪਤਾ ਹੈ ਕਿ ਕਮੇਟੀਆਂ ਮਹਿਜ਼ ਧਿਆਨ ਭਟਕਾਉਣ ਤੇ ਰੁਕਾਵਟਾਂ ਪਾਉਣ ਲਈ ਹੀ ਗਠਿਤ ਕੀਤੀਆਂ ਜਾਂਦੀਆਂ ਹਨ।”

# ਮੀਂਹ ਦੇ ਬਾਵਜੂਦ ਪਹਿਲਵਾਨ ਧਰਨੇ ਵਾਲੀ ਥਾਂ ਡਟੇ ਰਹਿਣ ਲਈ ਦ੍ਰਿੜ੍ਹ

ਪਹਿਲਵਾਨਾਂ ਦੇ ਰੋਸ ਮੁਜ਼ਾਹਰੇ ਵਾਲੀ ਥਾਂ ਲਗਾਤਾਰ ਬੂੰਦਾ-ਬਾਂਦੀ ਦੇ ਬਾਵਜੂਦ ਉਹ ਧਰਨੇ ਉਤੇ ਡਟੇ ਹੋਏ ਹਨ। ਹਾਲਾਂਕਿ ਮੀਂਹ ਕਾਰਨ ਉਨ੍ਹਾਂ ਦੇ ਰੋਸ ਪ੍ਰਦਰਸ਼ਨ ਵਿਚ ਕੁਝ ਅੜਿੱਕਾ ਵੀ ਪਿਆ ਪਰ ਉਨ੍ਹਾਂ ਨੂੰ ਸਮਰਥਨ ਮਿਲਣਾ ਜਾਰੀ ਰਿਹਾ। ਦੱਸਣਯੋਗ ਹੈ ਕਿ ਦਿੱਲੀ ਪੁਲੀਸ ਨੇ ਹਾਲੇ ਤੱਕ ਪੀੜਤਾਂ ਦੇ ਬਿਆਨ ਦਰਜ ਨਹੀਂ ਕੀਤੇ ਹਨ। ਐਫਆਈਆਰ ਦੇ ਮੱਦੇਨਜ਼ਰ ਪੁਲੀਸ ਬ੍ਰਿਜ ਭੂਸ਼ਣ ਤੋਂ ਪੁੱਛਗਿੱਛ ਕਰ ਸਕਦੀ ਹੈ। ਹਾਲਾਂਕਿ ਇਸ ਬਾਰੇ ਹਾਲੇ ਤੱਕ ਕੋਈ ਅਧਿਕਾਰਤ ਨੋਟਿਸ ਨਹੀਂ ਕੱਢਿਆ ਗਿਆ। ਮੀਂਹ ਦੌਰਾਨ ਗੱਦੇ ਤੁਰੰਤ ਸੜਕ ਤੋਂ ਹਟਾਏ ਗਏ ਤੇ ਕੋਨੇ ਵਿਚ ਇਕ ਆਰਜ਼ੀ ਸ਼ੈੱਡ ਵਿਚ ਲਿਜਾਏ ਗਏ। ਇਸ ਉਤੇ ਮਗਰੋਂ ਵਾਟਰਪਰੂਫ਼ ਸ਼ੀਟ ਪਾਈ ਗਈ। ਇਸ ਸਾਰੇ ਰੌਲੇ-ਰੱਪੇ ਵਿਚ ਇਕ ਵੱਡਾ ਪੱਖਾ ਸ਼ੈੱਡ ਵਿਚ ਬਚਾਅ ਕਰ ਰਹੇ ਬਜ਼ੁਰਗਾਂ ਉਤੇ ਡਿੱਗ ਗਿਆ। ਪਹਿਲਵਾਨਾਂ ਨੇ ਇਸ ਮੌਕੇ ਕਿਹਾ ਕਿ ਉਹ ਧਰਨੇ ਵਾਲੀ ਥਾਂ ਤੋਂ ਨਹੀਂ ਜਾਣਗੇ ਤੇ ਕਿਸੇ ਵੀ ਤਰ੍ਹਾਂ ਦੇ ਮੌਸਮ ਦਾ ਸਾਹਮਣਾ ਕਰਨਗੇ। ਉਨ੍ਹਾਂ ਕਿਹਾ ਕਿ ਜੇ ਗਿੱਲੇ ਗੱਦਿਆਂ ਉਤੇ ਵੀ ਸੌਣਾ ਪਿਆ ਤਾਂ ਉਹ ਸੌਣਗੇ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਸੰਘਰਸ਼ ਦੀ ਹਮਾਇਤ



ਨਵੀਂ ਦਿੱਲੀ: ਕਿਰਤੀ ਕਿਸਾਨ ਯੂਨੀਅਨ ਨੇ ਅੱਜ ਜੰਤਰ-ਮੰਤਰ ’ਤੇ ਪਹਿਲਵਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਆਗੂ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਯੂਨੀਅਨ ਦੇ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ, ਸੂਬਾ ਆਗੂ ਚਮਕੌਰ ਸਿੰਘ ਰੋਡੇ ਅਤੇ ਮਹਿਲਾ ਵਿੰਗ ਦੀ ਆਗੂ ਹਰਦੀਪ ਕੌਰ ਕੋਟਲਾ ਨੇ ਕਿਹਾ ਕਿ ਇਹ ਸੰਘਰਸ਼ ਸਿਰਫ਼ ਮਹਿਲਾ ਪਹਿਲਵਾਨਾਂ ਦਾ ਨਹੀਂ ਰਿਹਾ, ਬਲਕਿ ਸਮੁੱਚੇ ਤੌਰ ’ਤੇ ਔਰਤਾਂ ਦੇ ਮਾਣ-ਸਨਮਾਨ ਦਾ ਸੰਘਰਸ਼ ਹੈ। ਉਨ੍ਹਾਂ ਕਿਹਾ ਕਿ ਸੰਸਾਰ ਪੱਧਰ ’ਤੇ ਦੇਸ਼ ਦਾ ਨਾਂ ਚਮਕਾਉਣ ਵਾਲੇ ਖਿਡਾਰੀਆਂ ਨੂੰ ਜੇਕਰ ਇਨਸਾਫ਼ ਲਈ ਧਰਨੇ ਲਾਉਣੇ ਪੈ ਰਹੇ ਹਨ ਤਾਂ ਸਮਝਿਆ ਜਾ ਸਕਦਾ ਹੈ ਕਿ ਖਿਡਾਰੀ ਕਿਸ ਪੀੜ ਵਿੱਚੋਂ ਲੰਘ ਰਹੇ ਹਨ। ਹਰਦੀਪ ਕੌਰ ਕੋਟਲਾ ਨੇ ਕਿਹਾ ਕਿ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗਣ ਅਤੇ ਐੱਫਆਈਆਰ ਹੋਣ ਦੇ ਬਾਵਜੂਦ ਅਪਰਾਧੀ ਪਿਛੋਕੜ ਵਾਲੇ ਬ੍ਰਿਜ ਭੂਸ਼ਣ ਨੂੰ ਅਜੇ ਤੱਕ ਗ੍ਰਿਫ਼ਤਾਰ ਨਾ ਕਰਨਾ ਭਾਜਪਾ ਦੀ ਮਹਿਲਾ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਵੀ ਬਿਲਕੀਸ ਬਾਨੋ ਵਰਗੇ ਕਈ ਮਾਮਲਿਆਂ ਵਿੱਚ ਭਾਜਪਾ ਦਾ ਮਹਿਲਾ ਵਿਰੋਧੀ ਚਿਹਰਾ ਸਾਹਮਣੇ ਆ ਚੁੱਕਿਆ ਹੈ।

# ਮੈਨੂੰ ਫਾਹੇ ਟੰਗ ਦਿਓ ਪਰ ਕੁਸ਼ਤੀ ਗਤੀਵਿਧੀਆਂ ਠੱਪ ਨਾ ਹੋਣ: ਬ੍ਰਿਜ ਭੂਸ਼ਣ



ਨਵੀਂ ਦਿੱਲੀ: ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਕਿਹਾ ਹੈ ਕਿ ਚੋਟੀ ਦੇ ਪਹਿਲਵਾਨਾਂ ਵੱਲੋਂ ਪ੍ਰਦਰਸ਼ਨ ਕੀਤੇ ਜਾਣ ਕਾਰਨ ਪਿਛਲੇ ਚਾਰ ਮਹੀਨਿਆਂ ਤੋਂ ਕੁਸ਼ਤੀ ਨਾਲ ਸਬੰਧਤ ਸਾਰੀਆਂ ਸਰਗਰਮੀਆਂ ਠੱਪ ਹੋ ਕੇ ਰਹਿ ਗਈ ਹੈ। ਉਸ ਨੇ ਕਿਹਾ,“ਮੈਨੂੰ ਭਾਵੇਂ ਫਾਹੇ ਟੰਗ ਦਿਓ ਪਰ ਕੁਸ਼ਤੀ ਟੂਰਨਾਮੈਂਟ ਅਤੇ ਹੋਰ ਸਰਗਰਮੀਆਂ ਬੰਦ ਨਹੀਂ ਹੋਣੀਆਂ ਚਾਹੀਦੀਆਂ ਹਨ। ਬੱਚਿਆਂ ਦਾ ਭਵਿੱਖ ਦਾਅ ’ਤੇ ਨਾ ਲਾਓ। ਕੈਡੇਟ ਨੈਸ਼ਨਲ ਮਹਾਰਾਸ਼ਟਰ, ਤਾਮਿਲ ਨਾਡੂ, ਤ੍ਰਿਪੁਰਾ ਜਿਥੇ ਮਰਜ਼ੀ ਹੋਵੇ ਪਰ ਕੁਸ਼ਤੀ ਬੰਦ ਨਹੀਂ ਹੋਣੀ ਚਾਹੀਦੀ ਹੈ।” ਉਸ ਨੇ ਕਿਹਾ ਕਿ ਕੌਮੀ ਚੈਂਪੀਅਨਸ਼ਿਪ ਅਤੇ ਕੈਂਪਾਂ ਸਮੇਤ ਹੋਰ ਟੂਰਨਾਮੈਂਟ ਰੁਕਣੇ ਨਹੀਂ ਚਾਹੀਦੇ ਕਿਉਂਕਿ ਇਸ ਨਾਲ ਕੈਡੇਟ ਅਤੇ ਜੂਨੀਅਰ ਪਹਿਲਵਾਨਾਂ ਨੂੰ ਨੁਕਸਾਨ ਹੋਵੇਗਾ। ਮੀਡੀਆ ਨਾਲ ਗੱਲ ਕਰਦਿਆਂ ਬ੍ਰਿਜ ਭੂਸ਼ਣ ਨੇ ਕਿਹਾ ਕਿ ਟੂਰਨਾਮੈਂਟ ਭਾਵੇਂ ਪ੍ਰਦਰਸ਼ਨਕਾਰੀ ਪਹਿਲਵਾਨ, ਆਈਓਏ ਜਾਂ ਸਰਕਾਰ ਕਰਵਾਏ ਪਰ ਇਸ ਨਾਲ ਕੁਸ਼ਤੀ ਫੈਡਰੇਸ਼ਨ ਨੂੰ ਕੋਈ ਫਰਕ ਨਹੀਂ ਪਵੇਗਾ। ਜੇਕਰ ਉਹ ਟੂਰਨਾਮੈਂਟ ਨਹੀਂ ਕਰਵਾ ਸਕਦੇ ਹਨ ਤਾਂ ਫੈਡਰੇਸ਼ਨ ਇਸ ਦਾ ਪ੍ਰਬੰਧ ਕਰ ਸਕਦੀ ਹੈ।

# ਸਰਕਾਰ ਡਬਲਯੂ.ਐਫ.ਆਈ. ਪ੍ਰਧਾਨ ਦਾ ਬਚਾਅ ਕਰ ਰਹੀ : ਪ੍ਰਿਅੰਕਾ ਗਾਂਧੀ



ਨਵੀਂ ਦਿੱਲੀ : ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਯੂ. ਐਫ. ਆਈ.) ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ ਵਿਖੇ ਪਹਿਲਵਾਨਾਂ ਦਾ ਧਰਨਾ ਪ੍ਰਦਰਸ਼ਨ ਲਗਾਤਾਰ ਜਾਰੀ ਹੈ ਅਤੇ ਉਨ੍ਹਾਂ ਨੂੰ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਤੇ ਰਾਜਸਥਾਨ ਦੀਆਂ ਖਾਪ ਪੰਚਾਇਤਾਂ ਦੇ ਨਾਲ-ਨਾਲ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਸੰਗਠਨਾਂ ਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਲਗਾਤਾਰ ਸਮਰਥਨ ਮਿਲ ਰਿਹਾ ਹੈ। ਇਸੇ ਦਰਮਿਆਨ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਨੇ ਸਨਿਚਰਵਾਰ ਨੂੰ ਦਾਅਵਾ ਕੀਤਾ ਕਿ ਕੁਝ ਲੋਕ ਉਨ੍ਹਾਂ ਦੇ ਅੰਦੋਲਨ ਨੂੰ ਵੱਖਰੀ ਦਿਸ਼ਾ ਵੱਲ ਲਿਜਾਣ ਦੇ ਇਰਾਦੇ ਨਾਲ ਦਾਖਲ ਹੋਏ ਹਨ। ਟੋਕੀਓ ਉਲੰਪਿਕ ਦੇ ਕਾਂਸੀ ਤਮਗਾ ਜੇਤੂ ਬਜਰੰਗ ਪੂਨੀਆ ਨੇ ਕਿਹਾ ਕਿ ਪਹਿਲਵਾਨ ਕਿਸੇ ਨੂੰ ਵੀ ਸਿਆਸੀ ਫਾਇਦੇ ਲਈ ਆਪਣੇ ਪਲੇਟਫਾਰਮ ਦੀ ਵਰਤੋਂ ਨਹੀਂ ਕਰਨ ਦੇਣਗੇ। ਉਨ੍ਹਾਂ ਕਿਹਾ ਕਿ ਇਹ ਭਾਰਤ ਦੀਆਂ ਧੀਆਂ ਲਈ ਨਿਆਂ ਦੀ ਲੜਾਈ ਹੈ। ਸ਼ਾਇਦ, ਬਜਰੰਗ ਉਨ੍ਹਾਂ ਲੋਕਾਂ ਦੇ ਸਮੂਹ ਦਾ ਹਵਾਲਾ ਦੇ ਰਿਹਾ ਸੀ, ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਸੁਣੇ ਗਏ ਸਨ। ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਵੀ ਸਨਿਚਰਵਾਰ ਨੂੰ ਜੰਤਰ-ਮੰਤਰ ਵਿਖੇ ਪਹੁੰਚ ਕੇ ਪ੍ਰਦਰਸ਼ਨਕਾਰੀ ਪਹਿਲਵਾਨਾਂ ਨਾਲ ਇਕਜੁੱਟਤਾ ਪ੍ਰਗਟਾਈ ਅਤੇ ਸਰਕਾਰ ’ਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਡਬਲਯੂ. ਐਫ. ਆਈ. ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਬਚਾਅ ਕਰਨ ਦਾ ਦੋਸ਼ ਲਗਾਇਆ। ਕਾਂਗਰਸ ਦੀ ਜਨਰਲ ਸਕੱਤਰ ਨੇ ਬ੍ਰਿਜ ਭੂਸ਼ਣ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਵੀ ਕੀਤੀ ਤਾਂ ਜੋ ਉਹ ਪਹਿਲਵਾਨਾਂ ਤੇ ਦਬਾਅ ਨਾ ਬਣਾ ਸਕਣ। ਕਾਂਗਰਸ ਨੇਤਾ ਨੇ ਜ਼ੋਰ ਦੇ ਕੇ ਕਿਹਾ ਕਿ ਮੈਨੂੰ ਪ੍ਰਧਾਨ ਮੰਤਰੀ ਤੋਂ ਕੋਈ ਉਮੀਦ ਨਹੀਂ ਹੈ, ਕਿਉਂਕਿ ਜੇਕਰ ਉਨ੍ਹਾਂ ਨੂੰ ਇਨ੍ਹਾਂ ਪਹਿਲਵਾਨਾਂ ਦੀ ਚਿੰਤਾ ਹੁੰਦੀ ਤਾਂ ਉਹ ਘੱਟੋ-ਘੱਟ ਉਨ੍ਹਾਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਜ਼ਰੂਰ ਕਰਦੇ। ਕਾਂਗਰਸ ਦੇ ਰਾਜ ਸਭਾ ਮੈਂਬਰ ਅਤੇ ਬੁਲਾਰੇ ਦੀਪੇਂਦਰ ਹੁੱਡਾ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਆਪ ਨੂੰ ਬਾਹੂਬਲੀ ਦੱਸਣ ਵਾਲੇ ਭਾਜਪਾ ਦੇ ਇਕ ਸੰਸਦ ਮੈਂਬਰ ’ਤੇ ਬਹੁਤ ਗੰਭੀਰ ਦੋਸ਼ ਲਗਾਏ ਗਏ ਹਨ, ਜਿਸ ’ਤੇ 40 ਤੋਂ ਵੱਧ ਕੇਸ ਚੱਲ ਰਹੇ ਹਨ। ਜਦੋਂ ਸੱਤਾਧਾਰੀ ਪਾਰਟੀ ਦੇ ਇਕ ਸੰਸਦ ਮੈਂਬਰ ’ਤੇ ਅਜਿਹੇ ਗੰਭੀਰ ਦੋਸ਼ ਲੱਗੇ ਹਨ, ਅਜਿਹੀ ਸਥਿਤੀ ਵਿਚ ਅਸੀਂ ਮੰਗ ਕਰਦੇ ਹਾਂ ਕਿ ਦਿੱਲੀ ਪੁਲਿਸ ਇਸ ਵਿਅਕਤੀ ਨੂੰ ਤੁਰੰਤ ਗ੍ਰਿਫ਼ਤਾਰ ਕਰੇ ਤਾਂ ਜੋ ਨਿਰਪੱਖ ਜਾਂਚ ਹੋ ਸਕੇ। ਇਸ ਮੌਕੇ ਸਾਬਕਾ ਉਲੰਪੀਅਨ ਅਤੇ ਰਾਜਸਥਾਨ ਦੀ ਵਿਧਾਇਕਾ ਕ੍ਰਿਸ਼ਨਾ ਪੂਨੀਆ ਵੀ ਉਨ੍ਹਾਂ ਦੇ ਨਾਲ ਸਨ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਹਾਲ ਵਿਹਾਰ 'ਚ ਖੋਲ੍ਹਿਆ ਬਾਲਾ ਪ੍ਰੀਤਮ ਦਵਾਖਾਨਾ




ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਹਾਲ ਵਿਹਾਰ ਦਿੱਲੀ ਵਿਚ ਬਾਲਾ ਪ੍ਰੀਤਮ ਦਵਾਖਾਨਾ ਦੀ ਸ਼ੁਰੂਆਤ ਕੀਤੀ ਹੈ ਜਿਸਦਾ ਰਸਮੀ ਉਦਘਾਟਨ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ।

ਇਸ ਮੌਕੇ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਸਰਦਾਰ ਸੁਰਜੀਤ ਸਿੰਘ ਜੀਤੀ ਦੇ ਉਦੱਮ ਨਾਲ ਸਥਾਪਿਤ ਕੀਤੇ ਗਏ ਇਸ ਬਾਲਾ ਪ੍ਰੀਤਮ ਦਵਾਖਾਨੇ ਦਾ ਇਲਾਕੇ ਦੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ। ਉਹਨਾਂ ਕਿਹਾ ਕਿ ਇਸ ਦਵਾਖਾਨੇ ਵਿਚ ਲੋਕਾਂ ਨੂੰ ਮਾਰਕੀਟ ਦੇ ਭਾਅ ਨਾਲੋਂ 10 ਤੋਂ 90 ਫੀਸਦੀ ਤੱਕ ਸਸਤੀਆਂ ਦਵਾਈਆਂ ਮਿਲਣਗੀਆਂ। ਉਹਨਾਂ ਕਿਹਾ ਕਿ ਦਿੱਲੀ ਵਿਚ ਅਸੀਂ ਇਹ ਬਾਲਾ ਪ੍ਰੀਤਮ ਦਵਾਖਾਨੇ ਹਰ ਪਾਸੇ ਖੋਲ੍ਹਣ ਦਾ ਫੈਸਲਾ ਲਿਆਹੈ ਤੇ ਪੜਾਅਵਾਰ ਇਸ ਮੁਹਿੰਮ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਇਸ ਇਲਾਕੇ ਵਿਚ ਬਾਲਾ ਪ੍ਰੀਤਮ ਦਵਾਖਾਨਾ ਖੋਲ੍ਹਣ ਵਾਸਤੇ ਸਰਦਾਰ ਸੁਰਜੀਤ ਸਿੰਘ ਜੀਤੀ ਨੇ ਸੰਜੀਦਗੀ ਨਾਲ ਯਤਨ ਕੀਤੇ ਹਨ ਜਿਸਦੀ ਜਿੰਨੀਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਉਹਨਾਂ ਕਿਹਾ ਕਿ ਇਹ ਮਨੁੱਖ ਦੇ ਮੰਦੇ ਭਾਗ ਹਨ ਕਿ ਅਸੀਂ ਅੱਜ ਦਵਾਈਆਂ 'ਤੇ ਨਿਰਭਰ ਹੋ ਗਏ ਹਾਂ ਤੇ ਕੁਦਰਤ ਤੋਂ ਦੂਰ ਹੋ ਗਏ ਹਾਂ। ਉਹਨਾਂ ਕਿਹਾ ਕਿ ਇਹਨਾਂ ਬਾਲਾ ਪ੍ਰੀਤਮ ਦਵਾਖਾਨਿਆਂ ਰਾਹੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕਕ ਕਮੇਟੀ ਆਮ ਲੋਕਾਂ ਨੂੰ ਵੱਡੀ ਰਾਹਤ ਪ੍ਰਦਾਨ ਕਰ ਰਹੀ ਹੈ।

ਉਹਨਾਂ ਕਿਹਾ ਸੰਗਤਾਂ ਨੇ ਸਾਨੂੰ ਸਾਡੇ ਕੰਮਾਂ ਦੀ ਬਦੌਲਤ ਉਹਨਾਂ ਲੋਕਾਂ ਖਿਲਾਫ ਜਿਤਾਇਆ ਹੈ ਜਿਹਨਾਂ ਨੇ ਗੁਰੂ ਕੀ ਗੋਲਕ ਲੁੱਟੀ, ਜਿਹਨਾਂ ਨੇ ਦੋ ਦੋ ਸੰਗਰਾਂਦਾ ਤੇ ਦੋ ਦੋ ਗੁਰਪੁਰਬ ਮਨਾ ਕੇ ਸੰਗਤਾਂ ਵਿਚ ਦੁਬਿਧਾ ਪੈਦਾ ਕੀਤੀ। ਉਹਨਾਂ ਕਿਹਾ ਕਿ ਸੰਗਤਾਂ ਨੇ ਸਾਡੀ ਟੀਮ ਵੱਲੋਂ ਕਿਸਾਨ ਅੰਦੋਲਨ ਵਾਸਤੇ ਕੀਤੇ ਕੰਮਾਂ, ਕੋਰੋਨਾ ਕਾਲ ਵਿਚ ਸੰਗਤਾਂ ਦੀ ਕੀਤੀ ਸੇਵਾ ਵਾਸਤੇ ਸਾਨੂੰ ਸ਼ਾਬਾਸੀ ਵਜੋਂ ਜਿੱਤ ਬਖ਼ਸ਼ੀ ਹੈ। ਉਹਨਾਂ ਕਿਹਾ ਕਿ ਅਸੀਂ ਇਸੇ ਤਰੀਕੇ ਸੰਗਤਾਂ ਦੀ ਸੇਵਾ ਜਾਰੀ ਰੱਖਾਂਗੇ। ਉਹਨਾਂ ਇਹ ਵੀ ਦੱਸਿਆ ਕਿ ਟੋਕਰੀ ਚੋਣ ਨਿਸ਼ਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਅਲਾਟ ਹੋਇਆ ਹੈ ਜਿਸਦੇ ਨਾਲ ਅਸੀਂ ਅਗਲੀਆਂ ਚੋਣਾਂ ਲੜਾਂਗੇ।

ਇਸ ਮੌਕੇ ਸਰਦਾਰ ਭੁਪਿੰਦਰ ਸਿੰਘ ਭੁੱਲਰ ਚੇਅਰਮੈਨ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਗੁਰਦੁਆਰਾ ਬੰਗਲਾ ਸਾਹਿਬ, ਗੁਰੂ ਹਰਿਕ੍ਰਿਸ਼ਨ ਬਾਲਾ ਸਾਹਿਬ ਹਸਪਤਾਲ ਦੇ ਚੇਅਰਮੇਨ ਗੁਰਦੇਵ, ਸੁਰਜੀਤ ਸਿੰਘ ਜੀਤੀ ਮੈਂਬਰ ਤੇ ਹੋਰ ਪਤਵੰਤੇ ਹਾਜ਼ਰ ਸਨ।

# ਸਿੱਖ ਜਿਸ ਟਾਹਣੀ ਤੇ ਬੈਠਦਾ ਹੈ, ਉਸੇ ਨੂੰ ਵੱਢਣ ਲੱਗ ਪੈਂਦਾ ਹੈ, ਇਹੀ ਵਜਹ ਹੈ ਕਿ ਸਿੱਖ ਕੌਮ ਅੱਜ ਵੀ ਗੁਲਾਮ ਹੈ : ਮਾਨ

ਨਵੀਂ ਦਿੱਲੀ : (ਮਨਪ੍ਰੀਤ ਸਿੰਘ ਖਾਲਸਾ):- "ਅੰਗਰੇਜ਼ਾਂ ਨੇ ਸਾਡੀ ਸਿੱਖ ਕੌਮ ਲਈ ਬਹੁਤ ਕੁਝ ਕੀਤਾ। ਲੇਕਿਨ ਅਸੀ ਹਿੰਦੂਤਵੀਆਂ ਦੀ ਆਜਾਦੀ ਦੀ ਲੜਾਈ ਵਿਚ ਅੰਗਰੇਜ਼ਾਂ ਦੇ ਖਿਲਾਫ਼ ਲੜਕੇ, ਇਸ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹੋਏ ਵੱਡੀਆ ਸ਼ਹੀਦੀਆਂ ਤੇ ਕੁਰਬਾਨੀਆਂ ਦੇ ਕੇ ਬਜ਼ਰ ਗੁਸਤਾਖੀ ਇਸ ਲਈ ਕੀਤੀ ਹੈ ਕਿ ਜਿਸ ਗੁਲਾਮੀਅਤ ਦੇ ਜੂਲੇ ਨੂੰ ਲਾਹੁਣ ਲਈ ਅਸੀ ਲੰਮੇ ਸਮੇ ਤੋ ਔਕੜਾਂ ਭਰਿਆ ਤੇ ਜ਼ਬਰ ਭਰਿਆ ਸੰਘਰਸ਼ ਕਰਦੇ ਆ ਰਹੇ ਹਾਂ, ਉਹ ਗੁਲਾਮੀਅਤ ਤਾਂ ਅਜੇ ਤੱਕ ਖ਼ਤਮ ਨਹੀ ਹੋਈ। ਲੇਕਿਨ ਸਾਡੇ ਵੱਲੋ ਅੰਗਰੇਜ਼ਾਂ ਖਿਲਾਫ਼ ਲੜਨ ਦੀ ਬਦੌਲਤ ਮੁਸਲਿਮ ਕੌਮ ਨੂੰ ਆਪਣਾ ਆਜਾਦ ਮੁਲਕ ਪਾਕਿਸਤਾਨ ਮਿਲ ਗਿਆ ਹੈ, ਜੋ ਉਥੇ ਇਕ ਨੰਬਰ ਦੇ ਸ਼ਹਿਰੀ ਹਨ ਤੇ ਉਨ੍ਹਾਂ ਦੀ ਹਕੂਮਤ ਹੈ। ਇਸੇ ਤਰ੍ਹਾਂ ਇੰਡੀਆ ਵਿਚ ਹਿੰਦੂ ਕੌਮ ਦਾ ਆਪਣਾ ਆਜਾਦ ਮੁਲਕ ਹੈ ਅਤੇ ਉਹ ਇਕ ਨੰਬਰ ਦੇ ਸ਼ਹਿਰੀ ਹਨ ਤੇ ਉਨ੍ਹਾਂ ਦੀ ਹਕੂਮਤ ਹੈ। ਲੇਕਿਨ ਜਿਸ ਕੌਮ ਨੇ ਆਪਣੇ ਇਤਿਹਾਸਿਕ ਵਿਰਸੇ ਤੇ ਵਿਰਾਸਤ ਉਤੇ ਪਹਿਰਾ ਦਿੰਦੇ ਹੋਏ ਇਹ ਆਜਾਦੀ ਦਿਵਾਈ, ਉਹ ਅੱਜ ਇੰਡੀਆ ਵਿਚ ਵੀ ਗੁਲਾਮ ਹੈ ਅਤੇ ਪਾਕਿਸਤਾਨ ਵਿਚ ਵੀ ਗੁਲਾਮ ਹੈ । ਫਿਰ ਅਸੀ ਸੋਚੀਏ ਕਿ ਅੰਗਰੇਜ਼ਾਂ ਦੇ ਖਿਲਾਫ਼ ਲੜਕੇ ਅਸੀ ਇਸ ਲਈ ਗਲਤੀ ਕੀਤੀ ਹੈ ਕਿ ਜੇਕਰ ਅੰਗਰੇਜ਼ਾਂ ਦਾ ਰਾਜ ਕਾਇਮ ਰਹਿੰਦਾ ਤਾਂ ਉਥੇ ਮੁਸਲਿਮ ਕੌਮ ਨੇ ਵੀ ਗੁਲਾਮ ਰਹਿਣਾ ਸੀ, ਹਿੰਦੂ ਕੌਮ ਨੇ ਵੀ ਅਤੇ ਅਸੀ ਵੀ, ਪਰ ਇਸ ਅਮਲ ਨਾਲ ਤਿੰਨਾਂ ਕੌਮਾਂ ਨੂੰ ਬਰਾਬਰਤਾ ਦਾ ਹੱਕ ਤਾਂ ਹਾਸਿਲ ਰਹਿੰਦਾ ਅਤੇ ਕਿਸੇ ਵਿਚ ਵੀ ਹੀਂਣ ਭਾਵਨਾ ਨਾ ਆਉਂਦੀ ਅਤੇ ਨਾ ਹੀ ਕੋਈ ਇਕ ਕੌਮ ਦੂਸਰੀ ਕੌਮ ਉਤੇ ਜ਼ਬਰ ਜੁਲਮ ਕਰ ਸਕਦੀ ਜਿਸ ਤਰ੍ਹਾਂ ਕਿ ਸਾਡੇ ਉਤੇ ਨਿਰੰਤਰ ਬੀਤੇ 75 ਸਾਲਾਂ ਤੋਂ ਜ਼ਬਰ ਜੁਲਮ ਤੇ ਵਿਤਕਰੇ ਹੁੰਦੇ ਆ ਰਹੇ ਹਨ।

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਲੀਮੈਂਟ ਜਲੰਧਰ ਚੋਣ ਹਲਕੇ ਦੇ ਨਿਵਾਸੀਆ ਨੂੰ ਚਿੱਟੀ ਪਿੰਡ ਦੇ ਇਕ ਜਨਤਕ ਇਕੱਠ ਵਿਚ ਸੁਬੋਧਿਤ ਹੁੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਇਸ ਗੱਲ ਤੇ



ਅਫਸੋਸ ਪ੍ਰਗਟ ਕੀਤਾ ਕਿ ਅੰਗਰੇਜ਼ਾਂ ਦੇ ਖਿਲਾਫ ਅੱਜ ਵੀ ਸਾਡੀ ਸਿੱਖ ਕੌਮ ਨੂੰ ਪੜ੍ਹਾਇਆ ਤੇ ਸਿਖਾਇਆ ਜਾਂਦਾ ਹੈ। ਜਦੋਂਕਿ ਜਮਹੂਰੀਅਤ ਵਿਚ ਬਹੁਗਿਣਤੀ ਵੋਟਾਂ ਨਾਲ ਰਾਜ ਪ੍ਰਾਪਤ ਹੁੰਦੇ ਹਨ। ਫਿਰ ਸਾਨੂੰ ਇਹ ਸਮਝ ਕਿਉਂ ਨਹੀ ਆਉਂਦੀ ਕਿ ਅਸੀ ਇਨ੍ਹਾਂ ਹਿੰਦੂਤਵ ਹੁਕਮਰਾਨਾਂ ਅਤੇ ਬਹੁਗਿਣਤੀ ਵੱਲੋ ਪਰੋਸੀ ਜਾ ਰਹੀ ਤਾਲੀਮ ਅਤੇ ਸਿਖਿਆਵਾਂ ਦੇ ਪੈਰੋਕਾਰ ਕਿਉਂ ਬਣਦੇ ਜਾ ਰਹੇ ਹਾਂ? ਅਸੀ ਇਨ੍ਹਾਂ ਦੇ ਮੁਕਾਰਤਾ ਭਰੇ ਅਤੇ ਸਵਾਰਥੀ ਹਿੱਤਾ ਦੀ ਪੂਰਤੀ ਵਾਲੇ ਪ੍ਰਚਾਰ ਵਿਚ ਗ੍ਰਸਤ ਹੋ ਕੇ, ਇਨ੍ਹਾਂ ਦੀਆਂ ਮਨੁੱਖਤਾ ਵਿਰੋਧੀ ਸਾਜਿਸਾਂ ਅਤੇ ਸੋਚ ਨੂੰ ਕਿਉਂ ਪੂਰਨ ਕਰ ਰਹੇ ਹਾਂ ? ਜਦੋਂਕਿ ਸਿੱਖ ਕੌਮ ਤਾਂ ਆਪਣੇ ਜਨਮ ਤੋ ਹੀ ਆਜਾਦ ਹਸਤੀ ਵਾਲੀ ਅਤੇ ਸਰਬੱਤ ਦਾ ਭਲਾ ਲੋੜਨ ਵਾਲੀ ਕੌਮ ਹੈ । ਜਿਸਨੇ ਕਦੀ ਵੀ ਗੁਲਾਮੀਅਤ ਨੂੰ ਪ੍ਰਵਾਨ ਹੀ ਨਹੀ ਕੀਤਾ ਅਤੇ ਆਪਣੇ ਫ਼ਖ਼ਰ ਵਾਲੇ ਆਜਾਦ ਹਸਤੀ ਵਾਲੇ ਇਤਿਹਾਸ ਉਤੇ ਪਹਿਰਾ ਦਿੰਦਿਆ ਆਜਾਦੀ ਦੇ ਮਿਸਨ ਨੂੰ ਪ੍ਰਾਪਤ ਕਰਨ ਅਤੇ ਇਨ੍ਹਾਂ ਦੀ ਬਣਾਵਟੀ ਸਿੱਖਿਆ ਅਤੇ ਤਾਲੀਮ ਵਿਚੋ ਨਿਕਲਣ ਦਾ ਉਦਮ ਕਿਉਂ ਨਹੀ ਕਰ ਰਹੇ? ਸਿੱਖ ਜਿਸ ਟਾਹਣੀ ਉਤੇ ਬੈਠਦਾ ਹੈ, ਉਸਨੂੰ ਹੀ ਵੱਢਣ ਦੀ ਬਜਰ ਗੁਸਤਾਖੀ ਕਿਉਂ ਕਰਦਾ ਆ ਰਿਹਾ ਹੈ ? ਜਿੰਨਾਂ ਸਮਾਂ ਅਸੀ ਆਪਣੀ ਸੋਚ, ਬੁੱਧੀ ਨੂੰ ਸਹੀ ਨਹੀ ਕਰਾਂਗੇ, ਉਨਾ ਸਮਾਂ ਆਪਣੀ ਆਜਾਦੀ ਤੇ ਅਣਖ ਗੈਰਤ ਵਾਲੀ ਜਿੰਦਗੀ ਸਾਨੂੰ ਨਹੀ ਮਿਲ ਸਕੇਗੀ ।

ਉਨ੍ਹਾਂ ਕਿਹਾ ਕਿ ਅੱਜ ਪੰਜਾਬੀ ਅਤੇ ਸਿੱਖ ਬਾਹਰਲੇ ਮੁਲਕਾਂ ਵਿਚ ਜਾਣ ਦੀ ਹੋੜ ਵਿਚ ਲੱਗੇ ਹੋਏ ਹਨ । ਇਥੋ ਤੱਕ ਜੋ ਕਾਂਮਰੇਡ ਅੰਗਰੇਜ਼ਾਂ ਵਿਰੁੱਧ ਲੜਨ ਦੇ ਅੰਦੋਲਨ ਦੇ ਦੌਰਾਨ ਉੱਚੀ ਆਵਾਜ ਵਿਚ ਆਜਾਦ ਹੋਣ ਦੀ ਗੱਲ ਕਰਦੇ ਰਹੇ ਹਨ, ਅੱਜ ਉਹ ਉਨ੍ਹਾਂ ਅੰਗਰੇਜ਼ ਮੁਲਕਾਂ ਵਿਚ ਜਾ ਕੇ ਵੱਸੇ ਹੋਏ ਹਨ । ਲੇਕਿਨ ਬਾਹਰ ਜਾਣ ਵਾਲੇ ਸਿੱਖਾਂ ਤੇ ਪੰਜਾਬੀਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅੰਗਰੇਜ ਮੁਲਕ ਜਿਥੇ ਅਸੀ ਜਾਂਦੇ ਹਾਂ, ਉਹ ਸਾਨੂੰ ਰੁਜਗਾਰ ਦੇਣ ਜਾਂ ਸਾਡੀ ਮਾਲੀ ਹਾਲਤ ਨੂੰ ਸਹੀ ਕਰਨ ਲਈ ਪਨਾਹ ਨਹੀ ਦਿੰਦੇ । ਪਨਾਹ ਕੇਵਲ ਮਨੁੱਖੀ ਅਧਿਕਾਰਾਂ ਦੇ ਹਨਨ ਅਤੇ ਇਨਸਾਨੀਅਤ ਜ਼ਬਰ ਜੁਲਮ ਦੇ ਬਿਨ੍ਹਾਂ ਤੇ ਪ੍ਰਾਪਤ ਹੁੰਦੀ ਹੈ । ਕਿਉਂਕਿ ਸਾਡੇ ਨਾਲ ਹੁਕਮਰਾਨਾਂ ਨੇ 1947 ਤੋ ਹੀ ਜ਼ਬਰ ਸੂਰੂ ਕੀਤੇ ਹੋਏ ਹਨ । 1984 ਵਿਚ ਸਿੱਖਾਂ ਨੂੰ ਲੱਭ-ਲੱਭਕੇ, ਫੜ੍ਹ-ਫੜ੍ਹਕੇ ਮਾਰਿਆ ਗਿਆ । ਹੁਕਮਰਾਨਾਂ ਨੇ ਬੀਤੇ ਸਮੇ ਵਿਚ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਨੂੰ ਫੜ੍ਹਕੇ ਅਤੇ ਪੁਲਿਸ ਦੁਆਰਾ ਝੂਠੇ ਪੁਲਿਸ ਮੁਕਾਬਲਿਆ ਦੀਆਂ ਮਨਘੜਤ ਕਹਾਣੀਆ ਬਣਾਕੇ ਵੱਡੀ ਗਿਣਤੀ ਵਿਚ ਸ਼ਹੀਦ ਕੀਤਾ। ਸਾਡੇ ਮਹਾਨ ਧਾਰਮਿਕ ਸਥਾਨਾਂ ਨੂੰ ਨਿਸ਼ਾਨਾਂ ਬਣਾਕੇ ਢਹਿ-ਢੇਰੀ ਕੀਤਾ ਗਿਆ। ਸਿੱਖ ਕਤਲੇਆਮ ਕੀਤਾ ਗਿਆ। ਬੀਤੀ 18 ਮਾਰਚ ਨੂੰ ਬਹੁਤ ਵੱਡਾ ਜ਼ਬਰ ਜੁਲਮ ਹੋਇਆ, ਜਦੋ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆ ਨੂੰ ਮੰਦਭਾਵਨਾ ਅਧੀਨ ਨਿਸ਼ਾਨਾਂ ਬਣਾਕੇ ਗੈਰ ਕਾਨੂੰਨੀ ਢੰਗ ਨਾਲ ਗ੍ਰਿਫਤਾਰੀਆਂ ਕੀਤੀਆ। ਮਨੁੱਖੀ ਅਧਿਕਾਰਾਂ ਦਾ ਉਲੰਘਣ ਕਰਕੇ ਹਜਾਰ-ਹਜਾਰ ਕਿਲੋਮੀਟਰ ਦੂਰ ਦੂਸਰੇ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦੀ ਬਣਾਇਆ ਗਿਆ। ਸਾਡੇ ਸਿੱਖ ਨੌਜਵਾਨਾਂ ਦੇ ਮੋਬਾਇਲ ਫੋਨਾਂ ਨੂੰ ਜ਼ਬਤ ਕੀਤਾ ਗਿਆ। ਬਿਨ੍ਹਾਂ ਅਦਾਲਤੀ ਵਾਰੰਟਾਂ ਤੋ ਘਰਾਂ ਦੀਆਂ ਤਲਾਸੀਆ ਦੇ ਨਾਲ-ਨਾਲ ਨੌਜਵਾਨੀ ਦੀ ਗ੍ਰਿਫਤਾਰੀ ਵੀ ਕੀਤੀ ਗਈ। ਜਦੋਂਕਿ ਅਜਿਹਾ ਅਦਾਲਤੀ ਵਾਰੰਟਾਂ ਤੋ ਬਿਨ੍ਹਾਂ ਕੋਈ ਪੁਲਿਸ ਜਾਂ ਸਰਕਾਰ ਨਹੀ ਕਰ ਸਕਦੀ । ਇਸ ਹੋਏ ਜ਼ਬਰ ਜੁਲਮ ਤੋ ਬਚਾਉਣ ਲਈ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜਲੰਧਰ ਲੋਕ ਸਭਾ ਜਿਮਨੀ ਚੋਣ ਲੜਨ ਦਾ ਫੈਸਲਾ ਕੀਤਾ ਹੈ ।

# ਅੰਮ੍ਰਿਤਪਾਲ ਨੇ ਜੇਲ੍ਹ ਤੋਂ ਲਿਖੀ ਚਿੱਠੀ, ਮੇਰੇ ਹੌਸਲੇ ਘੱਟ ਨਹੀਂ ਹੋਏ, ਸਰਕਾਰ ਤੇ ਲਾਇਆ ਇਹ ਦੋਸ਼

ਡਿਬਰੂਗੜ੍ਹ : ਅਸਾਮ ਦੀ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ 'ਵਾਰਿਸ ਪੰਜਾਬ ਦੇ' ਦੇ ਸਾਥੀਆਂ ਸਮੇਤ ਵੀਰਵਾਰ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਉਸ ਨਾਲ ਮੁਲਾਕਾਤ ਕੀਤੀ। ਇਨ੍ਹਾਂ ਕੈਦੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਕਾਰਜਕਾਰਨੀ ਮੈਂਬਰ ਅਤੇ ਵਕੀਲ ਭਗਵੰਤ ਸਿੰਘ ਸਿਆਲਕਾ ਅਤੇ ਇਕ ਹੋਰ ਵਕੀਲ ਸਿਮਰਨਜੀਤ ਸਿੰਘ ਵੀ ਮੌਜੂਦ ਸਨ। ਅੰਮ੍ਰਿਤਪਾਲ ਨੇ ਕਿਹਾ ਹੈ ਕਿ ਜੇਲ੍ਹ ਵਿੱਚ ਉਨ੍ਹਾਂ ਦੇ ਹੌਂਸਲੇ ਬੁਲੰਦ ਹਨ। ਅੰਮ੍ਰਿਤਪਾਲ ਨੇ ਜੇਲ੍ਹ ਅੰਦਰ ਸਿਆਲਕਾ ਨੂੰ ਗੁਰਮੁਖੀ ਵਿਚ ਲਿਖਿਆ ਇਕ ਪੱਤਰ ਸੌਂਪਿਆ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪਰਮਾਤਮਾ ਦੀ ਬਖਸ਼ਿਸ਼ ਸਦਕਾ ਮੈਂ ਇੱਥੇ 'ਚੜ੍ਹਦੀ ਕਲਾ' ਵਿਚ ਹਾਂ (ਮੇਰੇ ਹੌਸਲੇ ਬੁਲੰਦ ਹਨ)। ਆਪਣੀ ਸੰਸਥਾ ਦੇ ਮੈਂਬਰਾਂ ਵਿਰੁੱਧ ਦਰਜ ਕੇਸਾਂ ਦਾ ਹਵਾਲਾ ਦਿੰਦੇ ਹੋਏ, ਅੰਮ੍ਰਿਤਪਾਲ ਨੇ ਪੰਜਾਬ ਸਰਕਾਰ 'ਤੇ ਸਿੱਖਾਂ ਵਿਰੁੱਧ 'ਬਹੁਤ ਸਾਰੇ ਝੂਠੇ ਕੇਸ' ਦਰਜ ਕਰਨ ਦਾ ਦੋਸ਼ ਲਗਾਇਆ। ਸ਼੍ਰੋਮਣੀ ਕਮੇਟੀ ਨੇ ਦੋਸ਼ ਲਾਇਆ ਹੈ ਕਿ 'ਵਾਰਿਸ ਪੰਜਾਬ ਦੇ' ਸੰਸਥਾ ਦੇ ਅੰਮ੍ਰਿਤਪਾਲ ਤੇ ਹੋਰ ਮੈਂਬਰਾਂ ਖ਼ ?ਲਾਫ਼ ਸਿਆਸੀ ਲਾਹਾ ਲੈਣ ਲਈ ਕਾਰਵਾਈ ਕੀਤੀ ਗਈ ਹੈ। ਆਲ



ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਨੇ ਕਿਹਾ ਕਿ ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਸਹੀ ਸਮੇਂ 'ਤੇ ਆਈ ਹੈ। ਉਸਨੇ ਅਮਰੀਕਾ ਤੋਂ ਫੰਡ ਲੈਣ ਲਈ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਸਿੱਖਾਂ ਨੂੰ ਵੀ ਬਦਨਾਮ ਕਰ ਰਿਹਾ ਹੈ। ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਸਮੇਂ ਬਹੁਤ ਹੀ ਸਮਝਦਾਰੀ ਨਾਲ ਕੰਮ ਕੀਤਾ ਹੈ। ਕਿਸੇ ਵੀ ਤਰ੍ਹਾਂ ਦੀ ਉਲੰਘਣਾ ਨਹੀਂ ਹੋਈ। ਪੁਲਿਸ ਨੇ ਉਸ ਨੂੰ ਗੁਰਦੁਆਰਾ ਸਾਹਿਬ ਦੇ ਬਾਹਰ ਰਹਿੰਦਿਆਂ ਗ੍ਰਿਫ਼ਤਾਰ ਕੀਤਾ ਹੈ, ਜੋ ਕਿ ਸ਼ਲਾਘਾਯੋਗ ਕਦਮ ਹੈ।

# ਮੁਖਤਾਰ ਅੰਸਾਰੀ ਨੂੰ ਗੈਂਗਸਟਰ ਐਕਟ ਕੇਸ 'ਚ 10 ਸਾਲ ਦੀ ਸਜ਼ਾ ਅਤੇ 5 ਲੱਖ ਰੁਪਏ ਜੁਰਮਾਨਾ

ਗਾਜ਼ੀਪੁਰ: ਸ਼ਨੀਵਾਰ ਨੂੰ ਗਾਜ਼ੀਪੁਰ ਦੀ ਸਾਂਸਦ-ਵਿਧਾਇਕ ਅਦਾਲਤ ਨੇ 16 ਸਾਲ ਪੁਰਾਣੇ ਇੱਕ ਮਾਮਲੇ ਵਿੱਚ ਸਾਬਕਾ ਵਿਧਾਇਕ ਮੁਖਤਾਰ ਅੰਸਾਰੀ ਨੂੰ 10 ਸਾਲ ਦੀ ਸਜ਼ਾ ਸੁਣਾਈ । ਇਸ ਦੇ ਨਾਲ ਹੀ ਅਦਾਲਤ ਨੇ ਅੰਸਾਰੀ ਨੂੰ ਪੰਜ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਗਾਜ਼ੀਪੁਰ ਦੀ ਸਾਂਸਦ-ਵਿਧਾਇਕ ਅਦਾਲਤ ਨੇ ਸ਼ਨੀਵਾਰ ਨੂੰ ਮਊ ਦੇ ਸਾਬਕਾ ਵਿਧਾਇਕ ਮੁਖਤਾਰ ਅੰਸਾਰੀ ਨੂੰ ਗੈਂਗਸਟਰ ਐਕਟ ਮਾਮਲੇ 'ਚ ਸਜ਼ਾ ਸੁਣਾਈ ਹੈ। ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਉਸ ਨੂੰ ਦਸ ਸਾਲ ਦੀ ਸਜ਼ਾ ਸੁਣਾਈ ਅਤੇ ਨਾਲ ਹੀ ਪੰਜ ਲੱਖ ਰੁਪਏ ਜੁਰਮਾਨਾ ਵੀ ਲਾਇਆ।ਭਾਜਪਾ ਦੇ ਸਾਬਕਾ ਵਿਧਾਇਕ ਕ੍ਰਿਸ਼ਨਾਨੰਦ ਰਾਏ ਦੇ ਕਤਲ ਨਾਲ ਇਹ ਮਾਮਲਾ ਸਬੰਧਤ ਹੈ। ਇਸ ਮਾਮਲੇ ਵਿੱਚ ਬਸਪਾ ਦੇ ਮੌਜੂਦਾ ਸੰਸਦ ਮੈਂਬਰ ਅਤੇ ਮੁਖਤਾਰ ਅੰਸਾਰੀ ਦਾ ਭਰਾ ਵੀ ਗੈਂਗਸਟਰ ਐਕਟ ਦੇ ਅਧੀਨ ਹੈ।



ਜ਼ਿਕਰਯੋਗ ਹੈ ਕਿ ਮੁਖਤਾਰ ਅੰਸਾਰੀ ਵਿਰੁੱਧ ਇਹ ਕੇਸ ਮਰਹੂਮ ਭਾਜਪਾ ਵਿਧਾਇਕ ਕ੍ਰਿਸ਼ਨਾਨੰਦ ਰਾਏ ਅਤੇ ਨੰਦਕਿਸ਼ੋਰ ਗੁਪਤਾ ਦੇ ਕਤਲ ਦੇ ਸਬੰਧ ਵਿੱਚ ਦਰਜ ਕੀਤੇ ਗਏ ਸਨ। ਮੁਖਤਾਰ ਅਤੇ ਅਫਜ਼ਾਜ਼ ਅੰਸਾਰੀ ਖਿਲਾਫ ਮੁਹੰਮਦਾਬਾਦ ਪੁਲਿਸ ਸਟੇਸ਼ਨ 'ਚ 2007 'ਚ ਮਾਮਲਾ ਦਰਜ ਕੀਤਾ ਗਿਆ ਸੀ। ਇਸ ਕੇਸ ਦੀ ਸੁਣਵਾਈ ਦੌਰਾਨ ਮੁਖਤਾਰ ਅੰਸਾਰੀ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਬਾਂਦਾ ਜੇਲ੍ਹ ਨਾਲ ਜੋੜਿਆ ਗਿਆ ਸੀ।ਸਾਲ 2005 ਵਿੱਚ ਮੁਹੰਮਦਾਬਾਦ ਵਿੱਚ ਬਸਨੀਆ ਚੱਟੀ ਨੇੜੇ ਕ੍ਰਿਸ਼ਨਾਨੰਦ ਰਾਏ ਦੀ ਹੱਤਿਆ ਕਰ ਦਿੱਤੀ ਗਈ ਸੀ। ਤੁਹਾਨੂੰ ਦੱਸ ਦਈਏ ਕਿ ਮੁਖਤਾਰ ਅੰਸਾਰੀ ਇਸ ਸਮੇਂ ਯੂਪੀ ਦੀ ਬਾਂਦਾ ਜੇਲ੍ਹ ਵਿੱਚ ਬੰਦ ਹੈ। ਹਾਲਾਂਕਿ ਇਸ ਤੋਂ ਪਹਿਲਾਂ 15 ਅਪ੍ਰੈਲ ਨੂੰ ਹੀ ਅਦਾਲਤ ਨੇ ਇਸ ਮਾਮਲੇ 'ਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਪਰ ਹੁਣ ਸ਼ਨੀਵਾਰ ਨੂੰ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ। ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਗਾਜ਼ੀਪੁਰ ਦੀ ਅਦਾਲਤ ਦੇ ਬਾਹਰ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ। ਅਦਾਲਤ ਦੇ ਬਾਹਰ ਵੱਡੀ ਗਿਣਤੀ ਵਿੱਚ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਤੁਹਾਨੂੰ ਦੱਸ ਦੇਈਏ ਕਿ ਮੁਖਤਾਰ ਅੰਸਾਰੀ ਕਈ ਵਾਰ ਮਊ ਵਿਧਾਨ ਸਭਾ ਸੀਟ ਤੋਂ ਵਿਧਾਇਕ ਰਹਿ ਚੁੱਕੇ ਹਨ।

# ਐਕਯੂਪ੍ਰੈਸ਼ਰ ਦੇ ਚਮਤਕਾਰ

**ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ-ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:-**








ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ-ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards



# ਹੋਮਿਓਪੈਥੀ ਦੇ ਚਮਤਕਾਰ

**ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ**






ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

## ਸਿੰਘ ਹੋਮਿਓਪੈਥੀ: Ph : 209 -505-1988

Call Only 9am to 6pm

We Accept All major Credit Cards

*Homeopathy Medicine Not FDA Approved*




18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## 1723-2023



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

# 300 ਸਾਲਾ

ਸ਼ਤਾਬਦੀ ਨੂੰ ਸਮਰਪਿਤ

# ਮਹਾਨ ਸਮਾਗਮ



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁਗ਼ਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

**ਅਰੰਭ ਸ੍ਰੀ ਅਖੰਡਪਾਠ ਸਾਹਿਬ 12 ਮਈ 2023 ਦਿਨ ਸ਼ੁੱਕਰਵਾਰ ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡਪਾਠ ਸਾਹਿਬ 14 ਮਈ 2023 ਦਿਨ ਐਤਵਾਰ 10 ਵਜੇ**

ਜਿਸ 'ਚ ਪੰਥ ਦੀਆਂ ਮਹਾਨ ਸ਼ਖਸੀਅਤਾਂ, ਰਾਗੀ ਢਾਡੀ, ਕਥਾਵਾਚਕ ਪਹੁੰਚ ਰਹੇ ਹਨ। ਸਮੇਤ ਪਰਿਵਾਰ ਪਹੁੰਚਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸ੍ਰ. ਦਵਿੰਦਰ ਸਿੰਘ ਚਾਨਾ
510-376-9428



ਸ੍ਰ. ਨਰਿੰਦਰ ਸਿੰਘ
510-755-0661



ਸ੍ਰ. ਨਿਰਮਲ ਸਿੰਘ ਮੂਧਰ
510-754-9805



ਸ੍ਰ.ਗੁਰਮੀਤ ਸਿੰਘ ਭੋਗਲ
510-386-2084



ਸ੍ਰ. ਸੁਖਦੇਵ ਸਿੰਘ ਕਲਸੀ
510-438-9102

**ਬੇਨਤੀ ਕਰਤਾ : ਰਾਮਗੜ੍ਹੀਆ ਸਿੱਖ ਕਲਚਰਲ ਸੁਸਾਇਟੀ ਬੇਏਰੀਆ**

# ‘ਬਾਦਲ ਸਾਹਿਬ ਆਪਣੇ ਕੰਮਾਂ ਕਾਰਨ ਹਮੇਸ਼ਾ ਜਿਊਂਦੇ ਰਹਿਣਗੇ’

## ਸ. ਪ੍ਰਕਾਸ਼ ਸਿੰਘ ਬਾਦਲ ਦੇ ਦਿਹਾਂਤ ’ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਨਿੱਘੀ ਸ਼ਰਧਾਂਜਲੀ

*ਬਾਦਲ ਸਾਹਿਬ ਲੋਕਾਂ ਨੂੰ ਜੋੜਨ ਵਾਲੇ ਵਿਅਕਤੀ ਸਨ। ਉਹ ਹਰ ਵਿਚਾਰਧਾਰਾ ਦੇ ਆਗੂਆਂ ਨਾਲ ਕੰਮ ਕਰ ਸਕਦੇ ਸਨ। ਬਾਦਲ ਸਾਹਿਬ ਨੇ ਕਦੇ ਵੀ ਆਪਣੇ ਸੰਬੰਧਾਂ ਨੂੰ ਸਿਆਸੀ ਫਾਇਦਿਆਂ ਅਤੇ ਨੁਕਸਾਨਾਂ ਨਾਲ ਨਹੀਂ ਸੀ ਜੋੜਿਆ। ਇਹ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਅੱਗੇ ਵਧਾਉਣ ਲਈ ਵਿਸ਼ੇਸ਼ ਤੌਰ ’ਤੇ ਲਾਭਦਾਇਕ ਸੀ।*





ਨਰਿੰਦਰ ਮੋਦੀ
ਪ੍ਰਧਾਨ ਮੰਤਰੀ
ਭਾਰਤ ਸਰਕਾਰ

25 ਅਪ੍ਰੈਲ ਦੀ ਸ਼ਾਮ ਨੂੰ ਜਦੋਂ ਮੈਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੇ ਦਿਹਾਂਤ ਦੀ ਖ਼ਬਰ ਮਿਲੀ ਤਾਂ ਮੈਂ ਅਥਾਹ ਉਦਾਸੀ ਨਾਲ ਭਰ ਗਿਆ। ਉਨ੍ਹਾਂ ਦੇ ਦਿਹਾਂਤ ਨਾਲ, ਮੈਂ ਇਕ ਪਿਤਾ ਸਮਾਨ ਸ਼ਖ਼ਸੀਅਤ ਨੂੰ ਗੁਆ ਦਿੱਤਾ ਹੈ, ਜਿਨ੍ਹਾਂ ਨੇ ਦਹਾਕਿਆਂ ਤੱਕ ਮੇਰਾ ਮਾਰਗਦਰਸ਼ਨ ਕੀਤਾ। ਇਕ ਤੋਂ ਵੱਧ ਢੰਗਾਂ ਨਾਲ, ਉਨ੍ਹਾਂ ਭਾਰਤ ਅਤੇ ਪੰਜਾਬ ਦੀ ਰਾਜਨੀਤੀ ਨੂੰ ਆਕਾਰ ਦਿੱਤਾ, ਜਿਸ ਨੂੰ ਬੇਮਿਸਾਲ ਆਖਿਆ ਜਾ ਸਕਦਾ ਹੈ।

ਬਾਦਲ ਸਾਹਿਬ ਇੱਕ ਵੱਡੇ ਨੇਤਾ ਸਨ, ਇਸ ਗੱਲ ਨੂੰ ਆਮ ਤੌਰ ’ਤੇ ਮੰਨਿਆ ਜਾਂਦਾ ਹੈ ਪਰ ਸਭ ਤੋਂ ਵੱਡੀ ਗੱਲ ਇਹ ਕਿ ਉਹ ਇੱਕ ਵੱਡੇ ਦਿਲ ਵਾਲੇ ਇਨਸਾਨ ਸਨ। ਵੱਡਾ ਨੇਤਾ ਬਣਨਾ ਸੌਖਾ ਹੈ ਪਰ ਵੱਡੇ ਦਿਲ ਵਾਲੇ ਹੋਣ ਲਈ ਹੋਰ ਵੀ ਬਹੁਤ ਕੁਝ ਕਰਨਾ ਪੈਂਦਾ ਹੈ। ਪੰਜਾਬ ਭਰ ਦੇ ਲੋਕ ਕਹਿੰਦੇ ਹਨ - ਬਾਦਲ ਸਾਹਿਬ ਦੀ ਗੱਲ ਤਾਂ ਵੱਖਰੀ ਸੀ! (‘ਬਾਦਲ ਸਾਹਿਬ ਕੀ ਬਾਤ ਅਲਗ ਥੀ’)

ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਸਾਡੇ ਸਮਿਆਂ ਦੇ ਸਭ ਤੋਂ ਕੱਦਾਵਰ ਕਿਸਾਨ ਨੇਤਾਵਾਂ ਵਿਚ ਸ਼ੁਮਾਰ ਹਨ। ਖੇਤੀਬਾੜੀ ਉਨ੍ਹਾਂ ਦਾ ਅਸਲ ਸ਼ੌਕ ਸੀ। ਜਦੋਂ ਵੀ ਉਹ ਕਿਸੇ ਵੀ ਮੌਕੇ ’ਤੇ ਬੋਲਦੇ ਸਨ ਤਾਂ ਉਨ੍ਹਾਂ ਦੇ ਭਾਸ਼ਨ ਤੱਥਾਂ, ਤਾਜ਼ਾ ਜਾਣਕਾਰੀ ਅਤੇ ਬਹੁਤ ਸਾਰੀ ਨਿੱਜੀ ਸੂਝ-ਬੂਝ ਨਾਲ ਭਰਪੂਰ ਹੁੰਦੇ ਸਨ। 1990 ਦੇ ਦਹਾਕੇ ਵਿਚ ਜਦੋਂ ਮੈਂ ਉੱਤਰੀ ਭਾਰਤ ਵਿਚ ਪਾਰਟੀ ਦੇ ਕੰਮ ਵਿਚ ਜੁਟਿਆ ਹੋਇਆ ਸੀ ਤਾਂ ਮੇਰੀ ਬਾਦਲ ਸਾਹਿਬ ਨਾਲ ਨੇੜਿਓਂ ਗੱਲਬਾਤ ਹੁੰਦੀ ਸੀ। ਬਾਦਲ ਸਾਹਿਬ ਦੀ ਸਾਖ ਉਨ੍ਹਾਂ ਤੋਂ ਵੀ ਉੱਪਰ ਸੀ - ਉਹ ਇੱਕ ਸਿਆਸੀ ਦਿੱਗਜ਼ ਸਨ, ਜੋ ਪੰਜਾਬ ਦੇ ਸਭ ਤੋਂ ਘੱਟ ਉਮਰ ਦੇ ਮੁੱਖ ਮੰਤਰੀ, ਇੱਕ ਕੇਂਦਰੀ ਕੈਬਨਿਟ ਮੰਤਰੀ ਅਤੇ ਦੁਨੀਆ ਭਰ ਦੇ ਕਰੋੜਾਂ ਪੰਜਾਬੀਆਂ ਦੇ ਦਿਲਾਂ ’ਤੇ ਰਾਜ ਕਰਨ ਵਾਲੇ ਵਿਅਕਤੀ ਸਨ। ਦੂਜੇ ਪਾਸੇ, ਮੈਂ ਇੱਕ ਆਮ ਕਾਰਜਕਰਤਾ ਸੀ। ਫਿਰ ਵੀ, ਆਪਣੇ ਸੁਭਾਅ ਅਨੁਸਾਰ, ਉਨ੍ਹਾਂ ਕਦੇ ਵੀ ਇਸ ਨੂੰ ਸਾਡੇ ਦਰਮਿਆਨ ਪਾੜਾ ਨਹੀਂ ਬਣਨ ਦਿੱਤਾ। ਉਹ ਨਿੱਘ ਅਤੇ ਦਿਆਲਤਾ ਨਾਲ ਭਰਪੂਰ ਸਨ। ਇਹ ਉਹ ਗੁਣ ਸਨ, ਜੋ ਆਖਰੀ ਸਾਹ ਤੱਕ ਉਨ੍ਹਾਂ ਦੇ ਨਾਲ ਰਹੇ। ਹਰ ਕੋਈ ਜਿਸ ਨੇ ਬਾਦਲ ਸਾਹਿਬ ਨਾਲ ਨੇੜਿਓਂ ਗੱਲਬਾਤ ਕੀਤੀ ਸੀ, ਉਨ੍ਹਾਂ ਦੀ ਸਿਆਣਪ ਅਤੇ ਮਜ਼ਾਕੀਆ ਸੁਭਾਅ ਨੂੰ ਯਾਦ ਕਰੇਗਾ। 1990 ਦੇ ਦਹਾਕੇ ਦੇ ਅੱਧ ਅਤੇ ਅੰਤ ਵਿਚ ਪੰਜਾਬ ਵਿਚ ਸਿਆਸੀ ਮਾਹੌਲ ਬਹੁਤ ਵੱਖਰਾ ਸੀ। 1997 ਵਿਚ ਸੂਬੇ ਵਿਚ ਬਹੁਤ ਗੜਬੜ ਹੋਈ ਅਤੇ ਚੋਣਾਂ ਹੋਣੀਆਂ ਸਨ। ਸਾਡੀਆਂ ਪਾਰਟੀਆਂ ਇਕੱਠੀਆਂ ਹੋ ਕੇ ਲੋਕਾਂ ਵਿਚ ਗਈਆਂ ਅਤੇ ਬਾਦਲ ਸਾਹਿਬ ਸਾਡੇ ਨੇਤਾ ਸਨ। ਉਨ੍ਹਾਂ ਦੀ ਭਰੋਸੇਯੋਗਤਾ ਇੱਕ ਮੁੱਖ ਕਾਰਨ ਸੀ ਕਿ ਲੋਕਾਂ ਨੇ ਸਾਨੂੰ ਸ਼ਾਨਦਾਰ ਜਿੱਤ ਨਾਲ ਨਿਵਾਜਿਆ। ਇੰਨਾ ਹੀ ਨਹੀਂ, ਸਾਡੇ ਗੱਠਜੋੜ ਨੇ ਚੰਡੀਗੜ੍ਹ ਦੀਆਂ ਨਗਰ ਨਿਗਮ ਚੋਣਾਂ ਅਤੇ ਸ਼ਹਿਰ ਦੀ ਲੋਕ ਸਭਾ ਸੀਟ ਵੀ ਸਫ਼ਲਤਾਪੂਰਵਕ ਜਿੱਤੀ। ਉਨ੍ਹਾਂ ਦੀ ਸ਼ਖ਼ਸੀਅਤ ਅਜਿਹੀ ਸੀ ਕਿ ਸਾਡਾ ਗੱਠਜੋੜ 1997 ਤੋਂ 2017 ਤੱਕ 15 ਸਾਲ ਸੂਬੇ ਦੀ ਸੇਵਾ ਕਰਦਾ ਰਿਹਾ!

ਇੱਕ ਕਿੱਸਾ ਹੈ, ਜੋ ਮੈਂ ਕਦੇ ਨਹੀਂ ਭੁੱਲ ਸਕਦਾ। ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ, ਬਾਦਲ ਸਾਹਿਬ ਨੇ ਮੈਨੂੰ ਕਿਹਾ ਕਿ ਅਸੀਂ ਇਕੱਠੇ ਅੰਮ੍ਰਿਤਸਰ ਜਾਵਾਂਗੇ, ਜਿੱਥੇ ਅਸੀਂ ਰਾਤ ਰੁਕਾਂਗੇ ਅਤੇ ਅਗਲੇ ਦਿਨ ਅਰਦਾਸ ਕਰਾਂਗੇ ਅਤੇ ਲੰਗਰ ਛਕਾਂਗੇ। ਮੈਂ ਇੱਕ ਗੈਸਟ ਹਾਊਸ ਵਿਚ ਆਪਣੇ ਕਮਰੇ ਵਿਚ ਸੀ, ਪਰ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਮੇਰੇ ਕਮਰੇ ਵਿਚ ਆਏ ਅਤੇ ਮੇਰਾ ਸਾਮਾਨ ਚੁੱਕਣ ਲੱਗੇ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਅਜਿਹਾ ਕਿਉਂ ਕਰ ਰਹੇ ਹਨ, ਤਦ ਉਨ੍ਹਾਂ ਮੈਨੂੰ ਕਿਹਾ ਕਿ ਮੈਨੂੰ ਉਨ੍ਹਾਂ ਦੇ ਨਾਲ ਮੁੱਖ ਮੰਤਰੀ ਵਾਲੇ ਕਮਰੇ ਵਿਚ ਆਉਣਾ ਪਵੇਗਾ ਅਤੇ ਉੱਥੇ ਹੀ ਰਹਿਣਾ ਪਵੇਗਾ। ਮੈਂ ਉਨ੍ਹਾਂ ਨੂੰ ਕਹਿੰਦਾ ਰਿਹਾ ਕਿ ਅਜਿਹਾ ਕਰਨ ਦੀ ਕੋਈ ਜ਼ਰੂਰਤ ਨਹੀਂ, ਪਰ ਉਨ੍ਹਾਂ ਨੇ ਜ਼ੋਰ ਪਾਇਆ। ਆਖ਼ਰਕਾਰ ਅਜਿਹਾ ਹੀ ਹੋਇਆ ਅਤੇ ਬਾਦਲ ਸਾਹਿਬ ਦੂਜੇ ਕਮਰੇ ਵਿਚ ਠਹਿਰੇ। ਮੇਰੇ ਵਰਗੇ ਇੱਕ ਬਹੁਤ ਹੀ ਸਾਧਾਰਨ ਕਾਰਜਕਰਤਾ ਪ੍ਰਤੀ ਉਨ੍ਹਾਂ ਦੇ ਇਸ ਰਵੱਈਏ ਦੀ ਮੈਂ ਹਮੇਸ਼ਾ ਕਦਰ ਕਰਦਾ ਰਹਾਂਗਾ।

ਬਾਦਲ ਸਾਹਿਬ ਦੀ ਗਊਸ਼ਾਲਾਵਾਂ ਵਿਚ ਵਿਸ਼ੇਸ਼ ਰੁਚੀ ਸੀ ਅਤੇ ਉਨ੍ਹਾਂ ਨੇ ਵਿਭਿੰਨ ਕਿਸਮਾਂ ਦੀਆਂ ਗਊਆਂ ਰੱਖੀਆਂ ਹੋਈਆਂ ਸਨ। ਸਾਡੀ ਇੱਕ ਮੁਲਾਕਾਤ ਦੌਰਾਨ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦੀ ਗਿਰ ਦੀਆਂ ਗਊਆਂ ਪਾਲਣ ਦੀ ਇੱਛਾ ਹੈ। ਮੈਂ ਉਨ੍ਹਾਂ ਲਈ 5 ਗਊਆਂ ਦਾ ਪ੍ਰਬੰਧ ਕੀਤਾ ਅਤੇ ਉਸ ਤੋਂ ਬਾਅਦ, ਜਦੋਂ ਅਸੀਂ ਮਿਲਦੇ, ਤਾਂ ਉਹ ਮੇਰੇ ਨਾਲ ਗਊਆਂ ਬਾਰੇ ਗੱਲ ਕਰਦੇ ਅਤੇ ਮਜ਼ਾਕ ਵੀ ਕਰਦੇ ਕਿ ਇਹ ਗਊਆਂ ਹਰ ਤਰ੍ਹਾਂ ਨਾਲ ਗੁਜਰਾਤੀ ਹਨ- ਜਦੋਂ ਕਦੇ ਬੱਚੇ ਆਸ-ਪਾਸ ਖੇਡ ਰਹੇ ਹੁੰਦੇ ਹਨ ਤਾਂ ਉਹ ਕਦੇ ਗੁੱਸੇ ਤੇ ਉਤੇਜਿਤ ਨਹੀਂ ਹੁੰਦੀਆਂ ਜਾਂ ਕਿਸੇ ’ਤੇ ਹਮਲਾ ਨਹੀਂ ਕਰਦੀਆਂ। ਉਹ ਇਹ ਵੀ ਟਿੱਪਣੀ ਕਰਦੇ ਸਨ ਕਿ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਗੁਜਰਾਤੀ ਇੰਨੇ ਕੋਮਲ ਹਨ ...ਕਿਉਂਕਿ ਉਹ ਗਿਰ ਦੀਆਂ ਗਊਆਂ ਦਾ ਦੁੱਧ ਪੀਂਦੇ ਹਨ।

2001 ਤੋਂ ਬਾਅਦ, ਮੈਂ ਬਾਦਲ ਸਾਹਿਬ ਨਾਲ ਇੱਕ ਵੱਖਰੀ ਹੈਸੀਅਤ ਵਿਚ ਗੱਲਬਾਤ ਕਰਨ ਲਈ ਮਿਲਿਆ - ਅਸੀਂ ਹੁਣ ਆਪਣੇ-ਆਪਣੇ ਰਾਜਾਂ ਦੇ ਮੁੱਖ ਮੰਤਰੀ ਸਾਂ।

ਮੈਨੂੰ ਅਨੇਕ ਮੁੱਦਿਆਂ, ਖਾਸ ਤੌਰ ’ਤੇ ਪਾਣੀ ਦੀ ਸੰਭਾਲ਼, ਪਸ਼ੂ ਪਾਲਣ ਅਤੇ ਡੇਅਰੀ ਸਮੇਤ ਖੇਤੀਬਾੜੀ ਨਾਲ ਸੰਬੰਧਿਤ ਮੁੱਦਿਆਂ ’ਤੇ ਬਾਦਲ ਸਾਹਿਬ ਦਾ ਮਾਰਗਦਰਸ਼ਨ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹ ਅਜਿਹੇ ਵਿਅਕਤੀ ਵੀ ਸਨ ਜੋ ਭਾਰਤੀ ਪ੍ਰਵਾਸੀਆਂ ਦੀ ਸਮਰੱਥਾ ਨੂੰ ਵਰਤਣ ਵਿਚ ਵਿਸ਼ਵਾਸ ਰੱਖਦੇ ਸਨ, ਇਹ ਸਮਝਦੇ ਹੋਏ ਕਿ ਵਿਦੇਸ਼ਾਂ ਵਿਚ ਬਹੁਤ ਸਾਰੇ ਮਿਹਨਤੀ ਪੰਜਾਬੀ ਵਸੇ ਹੋਏ ਹਨ।

ਇੱਕ ਵਾਰ ਉਨ੍ਹਾਂ ਨੇ ਮੈਨੂੰ ਕਿਹਾ ਕਿ ਉਹ ਸਮਝਣਾ ਚਾਹੁੰਦੇ ਹਨ ਕਿ ਅਲੰਗ ਸ਼ਿਪਯਾਰਡ ਕੀ ਹੈ। ਫਿਰ ਉਹ ਉੱਥੇ ਆਏ ਅਤੇ ਸਾਰਾ ਦਿਨ ਅਲੰਗ ਸ਼ਿਪਯਾਰਡ ਵਿਚ ਬਿਤਾਇਆ ਅਤੇ ਸਮਝਿਆ ਕਿ ਰੀਸਾਈਕਲਿੰਗ ਕਿਵੇਂ ਕੀਤੀ ਜਾਂਦੀ ਹੈ। ਪੰਜਾਬ ਕੋਈ ਤਟਵਰਤੀ ਸੂਬਾ ਨਹੀਂ ਹੈ, ਇਸ ਲਈ ਇੱਕ ਤਰ੍ਹਾਂ ਨਾਲ ਸ਼ਿਪਯਾਰਡ ਦੀ ਉਨ੍ਹਾਂ ਲਈ ਕੋਈ ਪ੍ਰਤੱਖ ਪ੍ਰਾਸੰਗਿਕਤਾ ਨਹੀਂ ਸੀ ਪਰ ਇਹ ਉਨ੍ਹਾਂ ਦੀ ਨਵੀਆਂ ਚੀਜ਼ਾਂ ਸਿੱਖਣ ਦੀ ਇੱਛਾ ਸੀ ਕਿ ਉਨ੍ਹਾਂ ਨੇ ਉੱਥੇ ਦਿਨ ਬਿਤਾਇਆ ਅਤੇ ਸੈਕਟਰ ਦੇ ਵੱਖੋ-ਵੱਖਰੇ ਪਹਿਲੂਆਂ ਨੂੰ ਸਮਝਿਆ।

2001 ਦੇ ਭੂਚਾਲ ਦੌਰਾਨ ਨੁਕਸਾਨੇ ਗਏ ਕੱਛ ਦੇ ਪਵਿੱਤਰ ਲਖਪਤ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੀ ਮੁਰੰਮਤ ਕਰਨ ਅਤੇ ਉਸ ਨੂੰ ਬਹਾਲ ਕਰਨ ਦੇ ਯਤਨਾਂ ਲਈ, ਗੁਜਰਾਤ ਸਰਕਾਰ ਦੀ ਸ਼ਲਾਘਾ ਵਿਚ ਉਨ੍ਹਾਂ ਵਲੋਂ ਕਹੇ ਗਏ ਸ਼ਬਦਾਂ ਨੂੰ ਮੈਂ ਹਮੇਸ਼ਾ ਯਾਦ ਰੱਖਾਂਗਾ। 2014 ਵਿਚ ਕੇਂਦਰ ਵਿਚ ਐੱਨਡੀਏ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ, ਉਨ੍ਹਾਂ ਇੱਕ ਵਾਰ ਫਿਰ ਆਪਣੇ ਸਮ੍ਰਿੱਧ ਸਰਕਾਰੀ ਤਜਰਬੇ ਦੇ ਆਧਾਰ ’ਤੇ ਉਨ੍ਹਾਂ ਨੇ ਕੀਮਤੀ ਸਮਝ ਸਾਨੂੰ ਪ੍ਰਦਾਨ ਕੀਤੀ। ਉਨ੍ਹਾਂ ਨੇ ਇਤਿਹਾਸਕ ਜੀ.ਐੱਸ.ਟੀ. ਸਮੇਤ ਕਈ ਸੁਧਾਰਾਂ ਦਾ ਜ਼ੋਰਦਾਰ ਸਮਰਥਨ ਕੀਤਾ।

ਮੈਂ ਉਨ੍ਹਾਂ ਨਾਲ ਹੋਈ ਆਪਣੀ ਗੱਲਬਾਤ ਦੇ ਕੁਝ ਪਹਿਲੂਆਂ ਨੂੰ ਹੀ ਉਜਾਗਰ ਕੀਤਾ ਹੈ। ਆਮ ਤੌਰ ’ਤੇ, ਆਪਣੇ ਦੇਸ਼ ਲਈ ਉਨ੍ਹਾਂ ਦਾ ਯੋਗਦਾਨ ਬੇਮਿਸਾਲ ਹੈ। ਉਹ ਐਮਰਜੈਂਸੀ ਦੇ ਕਾਲੇ ਦਿਨਾਂ ਵਿਚ ਲੋਕਤੰਤਰ ਦੀ ਬਹਾਲੀ ਲਈ ਜੂਝਣ ਵਾਲੇ ਸਭ ਤੋਂ ਬਹਾਦਰ ਸੈਨਿਕਾਂ ਵਿਚੋਂ ਇੱਕ ਸਨ। ਜਦੋਂ ਉਨ੍ਹਾਂ ਦੀਆਂ ਸਰਕਾਰਾਂ ਬਰਖ਼ਾਸਤ ਕੀਤੀਆਂ ਗਈਆਂ ਤਾਂ ਉਨ੍ਹਾਂ ਨੇ ਖ਼ੁਦ ਕਾਂਗਰਸ ਦੇ ਹੰਕਾਰੀ ਸੱਭਿਆਚਾਰ ਦਾ ਸਾਹਮਣਾ ਕੀਤਾ ਅਤੇ ਇਨ੍ਹਾਂ ਤਜਰਬਿਆਂ ਨੇ ਹੀ ਲੋਕਤੰਤਰ ਵਿਚ ਉਨ੍ਹਾਂ ਦਾ ਵਿਸ਼ਵਾਸ ਮਜ਼ਬੂਤ ਕੀਤਾ।

ਪੰਜਾਬ ਵਿਚ 1970 ਅਤੇ 1980 ਦੇ ਦਹਾਕੇ ਦੇ ਅਸ਼ਾਂਤ ਕਾਲ ਦੌਰਾਨ ਬਾਦਲ ਸਾਹਿਬ ਨੇ ਪੰਜਾਬ ਪਹਿਲਾਂ ਅਤੇ ਭਾਰਤ ਨੂੰ ਪਹਿਲਾਂ ਸਾਹਮਣੇ ਰੱਖਿਆ। ਉਨ੍ਹਾਂ ਕਿਸੇ ਵੀ ਅਜਿਹੀ ਯੋਜਨਾ ਦਾ ਸਖ਼ਤ ਵਿਰੋਧ ਕੀਤਾ ਜੋ ਭਾਰਤ ਨੂੰ ਕਮਜ਼ੋਰ ਕਰੇ ਜਾਂ ਪੰਜਾਬ ਦੇ ਲੋਕਾਂ ਦੇ ਹਿਤਾਂ ਨਾਲ ਸਮਝੌਤਾ ਕਰੇ, ਭਾਵੇਂ ਇਸ ਦਾ ਮਤਲਬ ਸੱਤਾ ਦਾ ਨੁਕਸਾਨ ਹੀ ਕਿਉਂ ਨਾ ਹੋਵੇ।


ਉਹ ਮਹਾਨ ਗੁਰੂ ਸਾਹਿਬ ਦੇ ਆਦਰਸ਼ਾਂ ਨੂੰ ਪੂਰਾ ਕਰਨ ਲਈ ਗਹਿਰੇ ਪ੍ਰਤੀਬੱਧ ਵਿਅਕਤੀ ਸਨ। ਉਨ੍ਹਾਂ ਨੇ ਸਿੱਖ ਵਿਰਸੇ ਦੀ ਸੰਭਾਲ ਕਰਨ ਅਤੇ ਉਸ ਨੂੰ ਮਨਾਉਣ ਲਈ ਵੀ ਜ਼ਿਕਰਯੋਗ ਉਪਰਾਲੇ ਕੀਤੇ। 1984 ਦੇ ਦੰਗਾ ਪੀੜਤਾਂ ਨੂੰ ਇਨਸਾਫ਼ ਦਿਵਾਉਣ ਵਿਚ ਉਨ੍ਹਾਂ ਦੀ ਭੂਮਿਕਾ ਨੂੰ ਕੌਣ ਭੁੱਲ ਸਕਦਾ ਹੈ?

ਬਾਦਲ ਸਾਹਿਬ ਲੋਕਾਂ ਨੂੰ ਜੋੜਨ ਵਾਲੇ ਵਿਅਕਤੀ ਸਨ। ਉਹ ਹਰ ਵਿਚਾਰਧਾਰਾ ਦੇ ਆਗੂਆਂ ਨਾਲ ਕੰਮ ਕਰ ਸਕਦੇ ਸਨ। ਬਾਦਲ ਸਾਹਿਬ ਨੇ ਕਦੇ ਵੀ ਆਪਣੇ ਸੰਬੰਧਾਂ ਨੂੰ ਸਿਆਸੀ ਫਾਇਦਿਆਂ ਅਤੇ ਨੁਕਸਾਨਾਂ ਨਾਲ ਨਹੀਂ ਸੀ ਜੋੜਿਆ। ਇਹ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਅੱਗੇ ਵਧਾਉਣ ਲਈ ਵਿਸ਼ੇਸ਼ ਤੌਰ ’ਤੇ ਲਾਭਦਾਇਕ ਸੀ।

ਬਾਦਲ ਸਾਹਿਬ ਦੇ ਦਿਹਾਂਤ ਨਾਲ ਪਏ ਖਲਾਅ ਨੂੰ ਭਰਨਾ ਔਖਾ ਹੋ ਜਾਵੇਗਾ। ਉਹ ਇਕ ਅਜਿਹੇ ਰਾਜਨੇਤਾ ਸਨ ਜਿਨ੍ਹਾਂ ਦੀ ਜ਼ਿੰਦਗੀ ਨੇ ਬਹੁਤ ਸਾਰੀਆਂ ਚੁਣੌਤੀਆਂ ਦੇਖੀਆਂ ਪਰ ਉਨ੍ਹਾਂ ਨੇ ਉਨ੍ਹਾਂ ਨੂੰ ਪਾਰ ਕੀਤਾ ਅਤੇ ਕੁਕੂਨੁਸ ਵਾਂਗ ਫਿਰ ਉੱਠੇ। ਉਨ੍ਹਾਂ ਦੀ ਕਮੀ ਜ਼ਰੂਰ ਰਹੇਗੀ ਪਰ ਉਹ ਸਾਡੇ ਦਿਲਾਂ ਵਿਚ ਜਿਉਂਦੇ ਰਹਿਣਗੇ ਅਤੇ ਉਹ ਦਹਾਕਿਆਂ ਦੌਰਾਨ ਕੀਤੇ ਗਏ ਸ਼ਾਨਦਾਰ ਕੰਮ ਦੁਆਰਾ ਵੀ ਜਿਊਂਦੇ ਰਹਿਣਗੇ।

# ਰਾਜਨੀਤੀ ’ਤੇ ਵੱਡਾ ਪ੍ਰਭਾਵ ਪਾਵੇਗੀ ਜਲੰਧਰ ਲੋਕ ਸਭਾ ਦੀ ਉਪ ਚੋਣ

ਹਰਜਿੰਦਰ ਸਿੰਘ ਲਾਲ




*ਜੇਕਰ ਇਸ ਚੋਣ ਵਿਚ ਆਮ ਆਦਮੀ ਪਾਰਟੀ ਹਾਰਦੀ ਹੈ ਤਾਂ ਇਹ ਉਸ ਦੀ ਪੰਜਾਬ ਵਿਧਾਨ ਸਭਾ ਵਿਚ ਸ਼ਾਨਦਾਰ ਜਿੱਤ ਤੋਂ ਬਾਅਦ ਲਗਾਤਾਰ ਦੂਸਰੀ ਵੱਡੀ ਹਾਰ ਹੋਵੇਗੀ। ਸੰਗਰੂਰ ਲੋਕ ਸਭਾ ਦੀ ਉਪ-ਚੋਣ ਦੀ ਹਾਰ ਭਾਵੇਂ ਜਲੰਧਰ ਨਾਲੋਂ ਇਸ ਲਈ ਵੱਧ ਮਹੱਤਵਪੂਰਨ ਰੱਖਦੀ ਸੀ ਕਿ ਉਹ ਇਲਾਕਾ ਆਮ ਆਦਮੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਗੜ੍ਹ ਸੀ।*

ਜਲੰਧਰ ਲੋਕ ਸਭਾ ਦੀ ਉਪ-ਚੋਣ ਬਹੁਤ ਮਹੱਤਵਪੂਰਨ ਹੈ। ਇਸ ਚੋਣ ਦਾ ਨਤੀਜਾ ਸਿਰਫ਼ ਪੰਜਾਬ ’ਤੇ ਹੀ ਨਹੀਂ ਸਗੋਂ ਉੱਤਰ ਭਾਰਤ ਦੀ ਭਵਿੱਖ ਦੀ ਰਾਜਨੀਤੀ ’ਤੇ ਵੀ ਪ੍ਰਭਾਵ ਪਾਵੇਗਾ ਤੇ ਇਸ ਦੇ ਨਾਲ ਹੀ ਕਰਨਾਟਕ ਵਿਧਾਨ ਸਭਾ ਦੀ ਚੋਣ ਦਾ ਨਤੀਜਾ ਵੀ ਦੇਸ਼ ਦੀ ਰਾਜਨੀਤੀ ਵਿਚ ਇਕ ਵੱਡਾ ਬਦਲਾਅ ਲਿਆਉਣ ਦਾ ਮੁੱਢ ਬੰਨ੍ਹ ਸਕਦਾ ਹੈ।

ਜਲੰਧਰ ਲੋਕ ਸਭਾ ਦੀ ਉਪ-ਚੋਣ ਦਾ ਨਤੀਜਾ ਭਾਵੇਂ ਲੋਕ ਸਭਾ ਵਿਚ ਰਾਜਸੀ ਪਾਰਟੀਆਂ ਦੀ ਤਾਕਤ ’ਤੇ ਕੋਈ ਖ਼ਾਸ ਫ਼ਰਕ ਨਹੀਂ ਪਾ ਸਕੇਗਾ ਪਰ ਫਿਰ ਵੀ ਇਸ ਚੋਣ ਦਾ ਨਤੀਜਾ ਕਈ ਵੱਡੇ-ਵੱਡੇ ਪ੍ਰਭਾਵ ਸਿਰਜਣ ਵਾਲਾ ਹੋਵੇਗਾ। ਜੇਕਰ ਇਸ ਚੋਣ ਵਿਚ ਆਮ ਆਦਮੀ ਪਾਰਟੀ ਹਾਰਦੀ ਹੈ ਤਾਂ ਇਹ ਉਸ ਦੀ ਪੰਜਾਬ ਵਿਧਾਨ ਸਭਾ ਵਿਚ ਸ਼ਾਨਦਾਰ ਜਿੱਤ ਤੋਂ ਬਾਅਦ ਲਗਾਤਾਰ ਦੂਸਰੀ ਵੱਡੀ ਹਾਰ ਹੋਵੇਗੀ। ਸੰਗਰੂਰ ਲੋਕ ਸਭਾ ਦੀ ਉਪ-ਚੋਣ ਦੀ ਹਾਰ ਭਾਵੇਂ ਜਲੰਧਰ ਨਾਲੋਂ ਇਸ ਲਈ ਵੱਧ ਮਹੱਤਵਪੂਰਨ ਰੱਖਦੀ ਸੀ ਕਿ ਉਹ ਇਲਾਕਾ ਆਮ ਆਦਮੀ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਗੜ੍ਹ ਸੀ। ਪਰ ਉਹ ਹਾਰ ਪੰਜਾਬ ਅਤੇ ਉੱਤਰ ਭਾਰਤ ਵਿਚ ਇਸ ਲਈ ਜ਼ਿਆਦਾ ਅਸਰ-ਅੰਦਾਜ਼ ਨਹੀਂ ਸੀ ਹੋਈ ਕਿਉਂਕਿ ਉਸ ਤੋਂ ਫੌਰਨ ਬਾਅਦ ਆਮ ਚੋਣਾਂ ਨਹੀਂ ਸਨ। ਉਂਜ ਉਸ ਹਾਰ ਦਾ ਕੁਝ ਨਾ ਕੁਝ ਅਸਰ ਆਮ ਆਦਮੀ ਪਾਰਟੀ ’ਤੇ ਹਿਮਾਚਲ ਦੀਆਂ ਚੋਣਾਂ ਵਿਚ ਪਿਆ ਦਿਖਾਈ ਵੀ ਦਿੱਤਾ ਸੀ। ਪਰ ਜੇ ‘ਆਪ’ ਜਲੰਧਰ ਚੋਣ ਵੀ ਹਾਰ ਜਾਂਦੀ ਹੈ ਤਾਂ ਇਹ ਪਾਰਟੀ ਨੂੰ ਲਗਭਗ ਪੂਰੇ ਉੱਤਰ ਭਾਰਤ ਵਿਚ ਨੁਕਸਾਨ ਪਹੁੰਚਾਏਗੀ। ਜਦੋਂ ਕਿ ਆਮ ਆਦਮੀ ਪਾਰਟੀ ਦੀ ਇਸ ਚੋਣ ਵਿਚ ਜਿੱਤ 2024 ਦੀਆਂ ਆਮ ਚੋਣਾਂ ਵਿਚ ਉਸ ਲਈ ਸਫਲਤਾ ਦੇ ਕਈ ਨਵੇਂ ਦਿਸਹੱਦੇ ਖੋਲ੍ਹ ਸਕਦੀ ਹੈ। ਜੇ ਇਸ ਚੋਣ ਵਿਚ ਕਾਂਗਰਸ ਹਾਰਦੀ ਹੈ ਤਾਂ ਉਸ ਦੀ ਹਾਲਤ ਵਿਚ ਸੁਧਾਰ ਹੋਣ ਦੀ ਸੰਭਾਵਨਾ ਹੋਰ ਘੱਟ ਜਾਵੇਗੀ। ਪਰ ਜੇਕਰ ਉਹ ਇਹ ਚੋਣ ਜਿੱਤਦੀ ਹੈ ਤਾਂ ਉਸ ਲਈ ਇਹ ਸੀਟ ਆਪਣੀ ਪਹਿਲਾਂ ਜਿੱਤੀ ਹੋਈ ਸੀਟ ਦੁਬਾਰਾ ਜਿੱਤਣ ਜਿੰਨੀ ਗੱਲ ਤੱਕ ਸੀਮਤ ਨਹੀਂ ਹੋਵੇਗੀ। ਸਗੋਂ ਇਹ 2024 ਦੀਆਂ ਆਮ ਚੋਣਾਂ ਵਿਚ ਪੰਜਾਬ ਤੋਂ ਇਲਾਵਾ ਦਿੱਲੀ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ ਤੇ ਰਾਜਸਥਾਨ ਆਦਿ ਰਾਜਾਂ ਵਿਚ ਚੰਗੇ ਚੋਣ ਨਤੀਜਿਆਂ ਵਾਸਤੇ ਉਤਸ਼ਾਹ ਪੈਦਾ ਕਰੇਗੀ। ਜੇਕਰ ਇਸ ਚੋਣ ਵਿਚ ਅਕਾਲੀ ਦਲ ਵਿਧਾਨ ਸਭਾ ਚੋਣਾਂ ਨਾਲੋਂ ਚੰਗੀ ਕਾਰਗੁਜ਼ਾਰੀ ਦਿਖਾਉਂਦਾ ਹੈ ਤਾਂ ਇਹ ਆਪਣੇ ਇਤਿਹਾਸ ਦੇ ਸਭ ਤੋਂ ਮਾੜੇ ਦੌਰ ਵਿਚੋਂ ਗੁਜ਼ਰ ਰਹੇ ਅਕਾਲੀ ਦਲ ਲਈ ਇਕ ਵੱਡਾ ਹੁਲਾਰਾ ਹੋਵੇਗਾ। ਇਹ ਸਥਿਤੀ ਅਕਾਲੀ ਦਲ ਨੂੰ 2024 ਦੀਆਂ ਆਮ ਚੋਣਾਂ ਵਿਚ ਇਕ ਵਾਰ ਫਿਰ ਪ੍ਰਸੰਗਿਕ ਬਣਾ ਦੇਵੇਗੀ ਅਤੇ ਇਹ ਬਸਪਾ ਦਾ ਗਵਾਚਿਆ ਅਧਾਰ ਵੀ ਫਿਰ ਤੋਂ ਮਜ਼ਬੂਤ ਕਰਨ ਵਿਚ ਸਫ਼ਲ ਹੋਵੇਗੀ। ਉਂਝ ਹਵਾ ਵਿਚ ‘ਸਰਗੋਸ਼ੀਆਂ’ ਹਨ ਕਿ ਅਕਾਲੀ ਦਲ ਨੇ ਇਸ ਸੀਟ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੂੰ ਉਮੀਦਵਾਰ ਹੀ ਬਸਪਾ ਨੇਤਾਵਾਂ ਦੇ ਜ਼ੋਰ ਦੇਣ ’ਤੇ ਬਣਾਇਆ ਹੈ ਤੇ ਉਨ੍ਹਾਂ ਵਿਚ ਇਕ ਗੁਪਤ ਸਮਝੌਤਾ ਵੀ ਹੋਇਆ ਹੈ ਕਿ ਜੇ ਅਕਾਲੀ ਉਮੀਦਵਾਰ ਜਿੱਤ ਗਿਆ ਤਾਂ ਬੰਗਾ ਵਿਧਾਨ ਸਭਾ ਦੀ ਖਾਲੀ ਹੋਈ ਸੀਟ ਬਸਪਾ ਉਮੀਦਵਾਰ ਨੂੰ ਦਿੱਤੀ ਜਾਵੇਗੀ ਪਰ ਜੇ ਅਕਾਲੀ ਦਲ ਇਸ ਚੋਣ ਵਿਚ ਬਹੁਤ ਪਛੜ ਗਿਆ ਤੇ ਵਿਧਾਨ ਸਭਾ ਚੋਣਾਂ ਦੀ ਕਾਰਗੁਜ਼ਾਰੀ ਨਾਲੋਂ ਚੰਗੀ ਕਾਰਗੁਜ਼ਾਰੀ ਨਾ ਦਿਖਾ ਸਕਿਆ ਤਾਂ ਫਿਰ ਉਸ ਦਾ 2024 ਦੀਆਂ ਆਮ ਚੋਣਾਂ ਵਿਚ ਵੀ ਹਾਸ਼ੀਏ ’ਤੇ ਚਲਾ ਜਾਣਾ ਤੈਅ ਹੈ। ਭਾਜਪਾ ਨੇ ਵੀ ਇਸ ਵਾਰ ਜਲੰਧਰ ਲੋਕ ਸਭਾ ਦੀ ਉਪ-ਚੋਣ ਵਿਚ ਪੂਰਾ ਜ਼ੋਰ ਲਾਇਆ ਹੋਇਆ ਹੈ ਤੇ ਉਹ ਆਪਣੇ ਕੇਡਰ ਤੋਂ ਇਲਾਵਾ ਇਹ ਚੋਣ ਅਕਾਲੀ ਦਲ ਅਤੇ ਕਾਂਗਰਸ ਤੋਂ ਆਏ ਨੇਤਾਵਾਂ ਦੀਆਂ ਵੈਸਾਖੀਆਂ ਦੇ ਆਸਰੇ ਲੜ ਰਹੀ ਹੈ। ਇਸ ਲਈ ਭਾਜਪਾ ਭਾਵੇਂ ਇਹ ਚੋਣ ਜਿੱਤੇ ਜਾਂ ਨਾ ਪਰ ਜੇ ਉਹ ਦੂਸਰੇ, ਤੀਸਰੇ ਨੰਬਰ ’ਤੇ ਵੀ ਆ ਜਾਂਦੀ ਹੈ ਤਾਂ ਉਹ 2024 ਦੀਆਂ ਆਮ ਚੋਣਾਂ ਵਿਚ ਪੰਜਾਬ ਵਿਚ ਇਕ ਵੱਡੀ ਧਿਰ ਵਜੋਂ ਉੱਭਰ ਸਕੇਗੀ ਤੇ 2027 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੀ ਆਪਣੇ ਬਲਬੂਤੇ ਹੀ ਲੜਨ ਦੀਆਂ ਤਿਆਰੀਆਂ ਕਰੇਗੀ। ਪਰ ਜੇਕਰ ਇਸ ਚੋਣ ਵਿਚ ਭਾਜਪਾ ਚੌਥੇ ਨੰਬਰ ’ਤੇ ਹੀ ਰਹਿ ਗਈ ਤਾਂ ਇਸ ਗੱਲ ਦੀ ਸੰਭਾਵਨਾ ਬਣ ਸਕਦੀ ਹੈ ਕਿ ਭਾਜਪਾ ਅਕਾਲੀ ਦਲ ਪ੍ਰਤੀ ਆਪਣੀ ਮੌਜੂਦਾ ਨੀਤੀ ਵਿਚ ਬਦਲ ਕਰਨ ਲਈ ਸੋਚਣ ’ਤੇ ਮਜਬੂਰ ਹੋਵੇ।

ਜਿਥੋਂ ਤੱਕ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਦਾ ਅਸਰ ਹੈ ਤਾਂ ਉਹ ਅਸਰ ਦੇਸ਼ ਵਿਆਪੀ ਹੋਵੇਗਾ। ਕਿਉਂਕਿ ਇਸ ਵੇਲੇ ਭਾਜਪਾ ਵਿਰੋਧੀ ਦਲਾਂ ਵਿਚ ਗੱਠਜੋੜ ਦੀ ਕਵਾਇਤ ਚੱਲ ਰਹੀ ਹੈ। ਜੇਕਰ ਕਰਨਾਟਕ ਵਿਧਾਨ ਸਭਾ ਚੋਣ ਕਾਂਗਰਸ ਜਿੱਤਦੀ ਹੈ ਤੇ ਜਿੱਤ ਤੋਂ ਬਾਅਦ ਭਾਜਪਾ ਦੀ ਸਾਮ, ਦਾਮ, ਦੰਡ, ਭੇਦ ਦੀ ਨੀਤੀ ਦਾ ਮੁਕਾਬਲਾ ਕਰਦੇ ਹੋਏ ਸਰਕਾਰ ਵੀ ਬਣਾ ਲੈਂਦੀ ਹੈ ਤਾਂ ਭਾਜਪਾ ਵਿਰੋਧੀ ਗੱਠਜੋੜ ਦੀ ਅਗਵਾਈ ਕਾਂਗਰਸ ਨੂੰ ਸੌਖਿਆਂ ਹੀ ਮਿਲ ਜਾਵੇਗੀ। ਇਥੋਂ ਤੱਕ ਕਿ ਜੇਕਰ ਕਾਂਗਰਸ ਨਹੀਂ ਵੀ ਜਿੱਤਦੀ ਪਰ ਆਪਣੀ ਪਿਛਲੀ ਕਾਰਗੁਜ਼ਾਰੀ ਵਿਚ ਵੱਡਾ ਸੁਧਾਰ ਕਰਨ ਵਿਚ ਸਫਲ ਰਹਿੰਦੀ ਹੈ ਤਾਂ ਵੀ ਉਸ ਦੀ ਵਿਰੋਧੀ ਧਿਰਾਂ ਨੂੰ ਇਕੱਠਾ ਕਰਨ ਦੀ ਸਮਰੱਥਾ ਵਧੇਗੀ। ਪਰ ਜੇਕਰ ਕਰਨਾਟਕ ਵਿਚ ਫਿਰ ਭਾਜਪਾ ਹੀ ਜਿੱਤਦੀ ਹੈ ਤੇ ਕਾਂਗਰਸ ਦੀ ਕਾਰਗੁਜ਼ਾਰੀ ਵਿਚ ਕੋਈ ਵੱਡਾ ਸੁਧਾਰ ਨਹੀਂ ਆਉਂਦਾ ਤਾਂ ਅਜਿਹੀ ਸਥਿਤੀ ਵਿਚ ਭਾਜਪਾ ਵਿਰੋਧੀ ਪਾਰਟੀਆਂ ਦੇ ਗੱਠਜੋੜ ਦੀਆਂ ਸਭਾਵਨਾਵਾਂ ਘਟ ਜਾਣਗੀਆਂ।

**ਅਬ ਹਵਾਏਂ ਹੀ ਕਰੇਂਗੀ ਰੌਸ਼ਨੀ ਕਾ ਫ਼ੈਸਲਾ,**
**ਜਿਸ ਦੀਏ ਮੇਂ ਜਾਨ ਹੋਗੀ ਵੋ ਦੀਆ ਰਹਿ ਜਾਏਗਾ।**

**ਵਿਸ਼ਵ ਭਰ ਵਿਚ ਸਿੱਖ ਪ੍ਰਭਾਵ ਵਧਿਆ**

ਇਸ ਵਾਰ ਖ਼ਾਲਸਾ ਸਾਜਨਾ ਦਿਵਸ ਤੇ ਵਿਸਾਖੀ ਮੌਕੇ ਦੁਨੀਆ ਭਰ ਦੇ ਕਈ ਦਰਜਨ ਦੇਸ਼ਾਂ ਵਿਚ ਸਿੱਖਾਂ ਵਲੋਂ ਕੱਢੇ ਗਏ ਨਗਰ ਕੀਰਤਨਾਂ ਨੇ ਦੁਨੀਆ ਭਰ ਵਿਚ ਸਿੱਖਾਂ ਦੇ ਪ੍ਰਭਾਵ ਤੇ ਸਮਰੱਥਾ ਨੂੰ ਹੋਰ ਉਭਾਰਿਆ ਹੈ। ਇਸ ਨਾਲ ਸਿੱਖ ਪਹਿਚਾਣ ਪ੍ਰਤੀ ਵੀ ਵਿਸ਼ਵ ਸੁਚੇਤ ਹੋਇਆ ਹੈ। ਇਹ ਖ਼ੁਸ਼ੀ ਦੀ ਗੱਲ ਹੈ ਕਿ ਇਸ ਵਾਰ ਬਹੁਤੀਆਂ ਥਾਵਾਂ ’ਤੇ ਵਿਦੇਸ਼ੀਂ ਵਸਦੇ ਸਿੱਖ ਨੇਤਾਵਾਂ ਨੇ ਇਨ੍ਹਾਂ ਨਗਰ ਕੀਰਤਨਾਂ ਸਮੇਂ ਸਿਰਫ਼ ਜੋਸ਼ ਤੋਂ ਹੀ ਕੰਮ ਨਹੀਂ ਲਿਆ, ਸਗੋਂ ਹੋਸ਼ ਤੋਂ ਵੀ ਕੰਮ ਲਿਆ ਹੈ। ਇਕ ਤਾਂ ਇਸ ਵਾਰ ਬਹੁਤੇ ਨਗਰ ਕੀਰਤਨ ਸਿੱਖਾਂ ਵਿਚ ਏਕਤਾ ਦਾ ਪ੍ਰਤੀਕ ਰਹੇ ਤੇ ਦੂਸਰਾ ਇਸ ਵਾਰ ਸਿੱਖਾਂ ਨੇ ਬਹੁਤੇ ਦੇਸ਼ਾਂ ਵਿਚ ਆਪਣੀ ਤਾਕਤ ਦਾ ਮੁਜ਼ਾਹਰਾ ਕਰਦਿਆਂ ਭਾਵੇਂ ਆਪਣੀ ਵੱਖਰੀ ਪਛਾਣ ਨੂੰ ਉਭਾਰਿਆ ਪਰ ਹੈਰਾਨੀਜਨਕ ਤੌਰ ’ਤੇ ਇਸ ਵਾਰ ਬਹੁਤੀ ਥਾਈਂ ਖਾੜਕੂ ਨੇਤਾ ਇਨ੍ਹਾਂ ਨਗਰ ਕੀਰਤਨਾਂ ’ਤੇ ਹਾਵੀ ਨਹੀਂ ਹੋ ਸਕੇ।

ਖ਼ੈਰ ਸਾਰੀ ਦੁਨੀਆ ਵਿਚ ਇਨ੍ਹਾਂ ਨਗਰ ਕੀਰਤਨਾਂ ਵਿਚ ਸਾਹਮਣੇ ਆਈ ਸਿੱਖ ਏਕਤਾ, ਸਮਰੱਥਾ ਅਤੇ ਸਿੱਖੀ ਜਜ਼ਬੇ ਨਾਲ ਭਰਪੂਰ ਨਗਰ ਕੀਰਤਨਾਂ ਦਾ ਨੋਟਿਸ ਸ਼?ਰੋਮਣੀ ਕਮੇਟੀ ਨੂੰ ਲੈਣਾ ਚਾਹੀਦਾ ਹੈ ਤੇ ਜਿੰਨੇ ਵੀ ਦੇਸ਼ਾਂ ਵਿਚ ਇਹ ਨਗਰ ਕੀਰਤਨ ਕੱਢੇ ਗਏ ਹਨ, ਉਨ੍ਹਾਂ ਦੀਆਂ ਵੀਡੀਓਜ਼ ਪ੍ਰਾਪਤ ਕਰਕੇ ਇਨ੍ਹਾਂ ਦੀ ਇਕ ਡਾਕੂਮੈਂਟਰੀ ਬਣਾ ਕੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰੀ ਜਾਣੀ ਚਾਹੀਦੀ ਹੈ, ਹੋਰ ਵੀ ਚੰਗਾ ਹੋਵੇ ਜੇਕਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਪ੍ਰੋਗਰਾਮਾਂ ਦੇ ਆਗੂਆਂ ਨਾਲ ਸੰਪਰਕ ਕਰਕੇ ਇਕ ਵਿਸ਼ਵ ਪੱਧਰ ਦੀ ਵਿਦੇਸ਼ੀਂ ਵਸਦੇ ਸਿੱਖਾਂ ਦੀ ਤਾਲਮੇਲ ਕਮੇਟੀ ਬਣਾਉਣ ਦਾ ਯਤਨ ਕਰੇ। ਜੋ ਭਵਿੱਖ ਵਿਚ ਦੁਨੀਆ ਦੇ ਕਿਸੇ ਵੀ ਦੇਸ਼ ਵਿਚ ਸਿੱਖ ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਵਿਚ ਉਨ੍ਹਾਂ ਦਾ ਸਾਥ ਦੇ ਸਕਦੀ ਹੈ ਅਤੇ ਭਾਰਤ ਵਿਚ ਸਿੱਖਾਂ ਦੇ ਹਿਤਾਂ ਲਈ ਇਕ ਸਹਾਇਕ ਦਬਾਅ ਗਰੁੱਪ ਵਜੋਂ ਵੀ ਕੰਮ ਕਰ ਸਕਦੀ ਹੈ।

**ਹੋਸ਼ ਤੋ ਹੋਸ਼ ਹੈ ’ਗ਼ਰ ਨਹੀ ਕੁਛ ਭੀ ਨਹੀ,**
**ਜੋਸ਼ ਤਾਕਤ ਹੈ ਅ਼ਗਰ ਹੋਸ਼ ਕੇ ਕਾਬੂ ਮੇਂ ਰਹੇ।**
**(ਲਾਲ ਫ਼ਿਰੋਜ਼ਪੁਰੀ)**

**ਪ੍ਰਕਾਸ਼ ਸਿੰਘ ਬਾਦਲ ਇਕ ਯੁੱਗ ਦਾ ਅੰਤ**

**ਆਸਮਾਂ ਭਰ ਗਿਆ ਪਰਿੰਦੋਂ ਸੇ**
**ਪੇੜ ਕੋਈ ਬੜਾ ਗ਼ਿਰਾ ਹੋਗਾ।**
**ਕਿਤਨਾ ਦੁਸ਼ਵਾਰ ਥਾ ਸਫ਼ਰ ਉਸਕਾ,**
**ਵੋ ਸਰ-ਏ-ਸ਼ਾਮ ਸੋ ਗਿਆ ਹੋਗਾ।**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇਸ ਜਹਾਨ ਤੋਂ ਤੁਰ ਜਾਣ ਤੋਂ ਬਾਅਦ ਅੱਜ ਜਦੋਂ ਉਨ੍ਹਾਂ ਬਾਰੇ ਇਸ ਕਾਲਮ ਵਿਚ ਲਿਖਣ ਲੱਗਾ ਹਾਂ ਤਾਂ ਪ੍ਰਸਿੱਧ ਉਰਦੂ ਸ਼ਾਇਰ ਬਸ਼ੀਰ ਬਦਰ ਦਾ ਇਹ ਸ਼ਿਅਰ ਆਪ-ਮੁਹਾਰੇ ਹੀ ਮੇਰੇ ਜ਼ਿਹਨ ਵਿਚ ਆ ਗਿਆ। ਸ: ਬਾਦਲ ਦੀ ਮ੍ਰਿਤਕ ਦੇਹ ਦੇ ਸਵਾਗਤ ਵਿਚ ਜਿਸ ਤਰ੍ਹਾਂ ਪੰਜਾਬ ਦੀਆਂ ਸੜਕਾਂ ’ਤੇ ਲੋਕ ਆਪ-ਮੁਹਾਰੇ ਉਮੜੇ ਹਨ, ਉਹ ਇਹ ਸਾਬਤ ਕਰਦਾ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਕਿੰਨੀ ਵੱਡੀ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਸਫ਼ਰ ਕਿੰਨਾ ਦੁਸ਼ਵਾਰ (ਮੁਸ਼ਕਿਲਾਂ ਭਰਿਆ) ਰਿਹਾ, ਉਹ ਵੀ ਇਤਿਹਾਸ ਦਾ ਹਿੱਸਾ ਬਣ ਗਿਆ ਹੈ।

ਬੇਸ਼ੱਕ ਉਨ੍ਹਾਂ ਦੀਆਂ ਵੱਡੀਆਂ ਪ੍ਰਾਪਤੀਆਂ, ਗ਼ਲਤੀਆਂ, ਸਫਲਤਾਵਾਂ, ਅਸਫਲਤਾਵਾਂ ਤੇ ਹਾਰਾਂ-ਜਿੱਤਾਂ ਅਤੇ ਪੰਜਾਬ ਲਈ ਕੀਤੇ ਉਨ੍ਹਾਂ ਦੇ ਕੰਮਾਂ ਦੇ ਚੰਗੇ-ਮੰਦੇ ਪ੍ਰਭਾਵਾਂ ਦਾ ਫ਼ੈਸਲਾ ਤਾਂ ਆਉਣ ਵਾਲਾ ਵਕਤ ਤੇ ਇਤਿਹਾਸ ਹੀ ਕਰੇਗਾ, ਅੱਜ ਇਸ ਦਾ ਮੁਲਾਂਕਣ ਕਰਨਾ ਠੀਕ ਨਹੀਂ। ਪਰ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਹ ਪਿਛਲੇ ਕਰੀਬ 60 ਸਾਲਾਂ ਤੋਂ ਪੰਜਾਬ ਦੇ ਇਤਿਹਾਸ ਦਾ ਹਿੱਸਾ ਹੀ ਨਹੀਂ ਰਹੇ ਸਗੋਂ ਉਹ ਅਜਿਹੇ ਅਹਿਮ ਪਾਤਰ ਰਹੇ ਹਨ ਜਿਨ੍ਹਾਂ ਤੋਂ ਬਿਨਾਂ ਇਨ੍ਹਾਂ 60 ਸਾਲਾਂ ਦਾ ਪੰਜਾਬ ਦਾ ਇਤਿਹਾਸ ਲਿਖਿਆ ਹੀ ਨਹੀਂ ਜਾ ਸਕਦਾ। ਉਨ੍ਹਾਂ ਨੇ ਇਤਿਹਾਸ ਸਿਰਜਿਆ ਹੈ। ਉਨ੍ਹਾਂ ਦੇ ਕੀਤੇ ਕੰਮਾਂ ਨਾਲ ਸਹਿਮਤੀ ਜਾਂ ਅਸਹਿਮਤੀ ਦਾ ਜ਼ਿਕਰ ਇਥੇ ਕਰਨਾ ਨਾ ਤਾਂ ਸੰਭਵ ਹੈ ਤੇ ਨਾ ਹੀ ਇਸ ਵਕਤ ਸ਼ੋਭਦਾ ਹੈ। ਪਰ ਉਹ ਇਕ ਦਿਓ-ਕੱਦ ਸ਼ਖ਼ਸੀਅਤ ਸਨ ਤੇ ਉਨ੍ਹਾਂ ਦਾ ਆਪਣੇ ਵਿਰੋਧੀਆਂ ਪ੍ਰਤੀ ਵਤੀਰਾ ਉਨ੍ਹਾਂ ਨੂੰ ਹੋਰ ਵੀ ਵੱਡਾ ਬਣਾ ਦਿੰਦਾ ਸੀ।

ਕਾਸ਼! ਉਹ ਆਪਣੇ ਜਿਊਂਦੇ ਜੀਅ ਆਪਣੀ ਜੀਵਨੀ (ਆਟੋ ਬਾਇਓਗ੍ਰਾਫ਼ੀ) ਖ਼ੁਦ ਆਪਣੀ ਦੇਖ-ਰੇਖ ਵਿਚ ਲਿਖਵਾ ਜਾਂਦੇ ਤਾਂ ਪੰਜਾਬ ਦੇ ਪਿਛਲੇ 60 ਵਰ੍ਹ?ਆਂ ਦੇ ਇਤਿਹਾਸ, ਸਿੱਖਾਂ ਤੇ ਪੰਜਾਬ ਦੇ ਸੰਤਾਪ ਦੇ ਕਈ ਅਣਸੁਲਝੇ ਸਵਾਲਾਂ ਦੇ ਜਵਾਬ ਮਿਲ ਜਾਂਦੇ। ਅਸੀਂ ਸਮਝਦੇ ਹਾਂ ਕਿ ਹੁਣ ਵੀ ਉਨ੍ਹਾਂ ਦੇ ਨੇੜੇ ਰਹੇ ਤੇ ਰਾਜ਼ਦਾਰ ਅਕਾਲੀ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਜੀਵਨੀ ਬਾਰੇ ਉਹ ਜੋ ਵੀ ਜਾਣਦੇ ਹਨ, ਉਸ ਨੂੰ ਆਪਣੇ ਜਿਊਂਦੇ-ਜੀਅ ਕਲਮਬੰਦ ਕਰਵਾ ਕੇ ਇਕ ਕਿਤਾਬ ਦਾ ਰੂਪ ਦੇਣ। ਅਸੀਂ ਸਮਝਦੇ ਹਾਂ ਕਿ ਜਿਥੇ ਇਹ ਉਨ੍ਹਾਂ ਦੀ ਸ. ਬਾਦਲ ਨੂੰ ਇਕ ਸ਼ਰਧਾਂਜਲੀ ਹੋਵੇਗੀ, ਉਥੇ ਅਜਿਹੀ ਪੁਸਤਕ ਪੰਜਾਬ ਵਿਚ ਵਾਪਰੀਆਂ ਅਹਿਮ ਘਟਨਾਵਾਂ ਸੰਬੰਧੀ ਸ. ਬਾਦਲ ਦੀ ਸੋਚ ਦਾ ਪ੍ਰਗਟਾਵਾ ਵੀ ਹੋਵੇਗੀ, ਜੋ ਇਤਿਹਾਸਕਾਰਾਂ ਤੇ ਇਤਿਹਾਸ ਦੇ ਵਿਦਿਆਰਥੀਆਂ ਦੀ ਖੋਜ ਲਈ ਇਕ ਵਡਮੁੱਲੀ ਜਾਣਕਾਰੀ ਦਾ ਸਰੋਤ ਵੀ ਬਣੇਗੀ।

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਲੋਕਾਂ ਦੇ ਮਨਾਂ 'ਤੇ ਵੱਡੇ ਪ੍ਰਭਾਵ ਪਾਉਣ ਵਾਲੀ 'ਮਨ ਕੀ ਬਾਤ'

-ਜਗਤ ਪ੍ਰਕਾਸ਼ ਨੱਡਾ




ਜਨ-ਜਨ ਵਿਚ ਲੋਕਪ੍ਰਿਆ ਹੋ ਚੁੱਕਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪ੍ਰੇਰਕ ਅਤੇ ਪਰਿਵਰਤਨਕਾਰੀ ਪ੍ਰੋਗਰਾਮ 'ਮਨ ਕੀ ਬਾਤ' ਇਕ ਇਤਿਹਾਸਕ ਅਤੇ ਮਹੱਤਵਪੂਰਨ ਪੜਾਅ 'ਤੇ ਪੁੱਜ ਰਿਹਾ ਹੈ। ਇਸ ਦੇ ਸੌ ਐਪੀਸੋਡ ਪੂਰੇ ਹੋ ਰਹੇ ਹਨ। ਦੇਸ਼ ਨੇ 'ਮਨ ਕੀ ਬਾਤ' ਨੂੰ ਹਰ ਨੁੱਕੜ ਅਤੇ ਹਰ ਕੋਨੇ ਵਿਚ ਗੂੰਜਦੇ ਦੇਖਿਆ ਹੈ। ਜਿੱਥੇ ਭਾਰਤ ਦੇ ਜਨ-ਜਨ ਦੇ ਮਨ ਦੀ ਗੱਲ ਹੋਵੇ, ਉੱਥੇ ਦੀ ਪ੍ਰੇਰਨਾ ਹੀ ਕੁਝ ਹੋਰ ਹੁੰਦੀ ਹੈ। ਇਹ ਭਾਰਤ ਦੀ ਅਤੇ ਭਾਰਤ ਦੇ ਮਨ ਦੀ ਗੱਲ ਹੈ। ਇਹ ਜਨਭਾਗੀਦਾਰੀ ਦੇ ਪ੍ਰਗਟਾਵੇ ਦਾ ਇਕ ਅਦਭੁਤ ਪਲੇਟਫਾਰਮ ਹੈ। ਇਸ ਵਿਚ ਅੱਜ ਤਕ ਪ੍ਰਧਾਨ ਮੰਤਰੀ ਨੇ ਨਾ ਕੋਈ ਰਾਜਨੀਤਕ ਗੱਲ ਕੀਤੀ ਅਤੇ ਨਾ ਹੀ ਸਿਆਸੀ ਮਨੋਰਥਾਂ ਲਈ ਇਸ ਮੰਚ ਦਾ ਕਦੇ ਇਸਤੇਮਾਲ ਕੀਤਾ। ਦੇਸ਼ ਅਤੇ ਸਮਾਜ ਨੂੰ ਇਕ ਪ੍ਰੋਗਰਾਮ ਦੇ ਮਾਧਿਅਮ ਨਾਲ ਇਕ ਸੂਤਰ ਵਿਚ ਕਿਵੇਂ ਪਿਰੋਇਆ ਜਾ ਸਕਦਾ ਹੈ, 'ਮਨ ਕੀ ਬਾਤ' ਇਸ ਦੀ ਇਕ ਉਮਦਾ ਮਿਸਾਲ ਹੈ।

ਮੈਂ ਰਾਜਾ ਰਾਮ ਮੋਹਨ ਰਾਏ, ਮਹਾਤਮਾ ਗਾਂਧੀ, ਈਸ਼ਵਰਚੰਦ ਵਿੱਦਿਆਸਾਗਰ, ਜਯੋਤਿਬਾ ਫੂਲੇ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਜੈਪ੍ਰਕਾਸ਼ ਨਾਰਾਇਣ ਜੀ ਨੂੰ ਪੜ੍ਹਦੇ ਹੋਏ ਵੱਡਾ ਹੋਇਆ ਹਾਂ। ਕਿਸ ਤਰ੍ਹਾਂ ਉਨ੍ਹਾਂ ਦੇ ਸੱਦੇ 'ਤੇ ਸਮਾਜ ਵਿਚ ਤਬਦੀਲੀ ਦੇ ਸਬੱਬ ਬਣੇ ਅਤੇ ਕਿਸ ਤਰ੍ਹਾਂ ਉਨ੍ਹਾਂ ਨੇ ਹਾਸ਼ੀਏ 'ਤੇ ਖੜ੍ਹੇ ਲੋਕਾਂ ਨੂੰ ਆਵਾਜ਼ ਦਿੱਤੀ, ਅਸੀਂ ਸਭ ਨੇ ਇਸ ਦਾ ਅਹਿਸਾਸ ਕੀਤਾ ਹੈ। ਮੈਨੂੰ ਲੰਬੇ ਸਮੇਂ ਤਕ ਮੋਦੀ ਜੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਮੈਂ ਅਹਿਸਾਸ ਕੀਤਾ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਬਹੁ-ਪੱਖੀ ਹੈ। ਉਹ ਸਮਾਜ ਸੁਧਾਰਕ ਵੀ ਹਨ, ਬੱਚਿਆਂ ਦੇ ਸਰਪ੍ਰਸਤ ਵੀ ਹਨ, ਅਧਿਆਪਕ ਵੀ ਹਨ, ਕਠੋਰ ਪ੍ਰਸ਼ਾਸਕ ਵੀ ਹਨ, ਫ਼ੈਸਲਾ ਲੈਣ ਵਾਲੀ ਸ਼ਖ਼ਸੀਅਤ ਵੀ ਹਨ, ਪ੍ਰੇਰਕ ਵਿਸ਼ਵ ਨੇਤਾ ਵੀ ਹਨ, ਮੋਟੀਵੇਸ਼ਨਲ ਸਪੀਕਰ ਵੀ ਹਨ, ਸੰਵੇਦਨਸ਼ੀਲ ਸਟੇਟਸਮੈਨ ਵੀ ਹਨ, ਸੰਸਕ੍ਰਿਤਕ ਪੁਨਰਜਾਗਰਣ ਦੇ ਮੋਹਰੀ ਦੂਤ ਵੀ ਹਨ ਅਤੇ ਦੇਸ਼ ਨੂੰ ਵਿਕਾਸ ਦੇ ਰਸਤੇ 'ਤੇ ਅੱਗੇ ਲੈ ਕੇ ਜਾਣ ਵਾਲੇ ਮਹਾਨਾਇਕ ਵੀ। ਜਦ ਉਹ ਹਿੰਦੁਸਤਾਨ ਦੇ 'ਮਨ ਕੀ ਬਾਤ' ਕਰਦੇ ਹਨ ਤਾਂ ਜਨ-ਜਨ 'ਤੇ ਇਸ ਦਾ ਵਿਆਪਕ ਅਤੇ ਗਹਿਰਾ ਅਸਰ ਹੁੰਦਾ ਹੈ ਅਤੇ ਜ਼ਮੀਨ 'ਤੇ ਇਸ ਦਾ ਹਾਂ-ਪੱਖੀ ਅਸਰ ਵੀ ਦਿਖਾਈ ਦਿੰਦਾ ਹੈ। ਚਾਹੇ ਖੇਡਾਂ ਦੀ ਗੱਲ ਹੋਵੇ ਜਾਂ ਖਿਡੌਣੇ ਦੀ, ਯੋਗਾ ਦੀ ਗੱਲ ਹੋਵੇ ਜਾਂ ਵੈਕਸੀਨੇਸ਼ਨ ਦੀ- 'ਮਨ ਕੀ ਬਾਤ' ਲੋਕਾਂ ਦੇ ਜੀਵਨ ਵਿਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦਾ ਕਾਰਕ ਬਣੀ।

ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਵਿਚ ਸੰਸਕ੍ਰਿਤੀ, ਖੇਡ, ਕਲਾ, ਇਮਤਿਹਾਨ, ਪਾਣੀ ਦੀ ਸੰਭਾਲ, ਜੰਗਲਾਂ ਦੀ ਹਿਫ਼ਾਜ਼ਤ ਅਤੇ ਆਪਣੇ ਜੀਵਨ ਨੂੰ ਦੀਪਕ ਦੀ ਤਰ੍ਹਾਂ ਬਾਲ ਕੇ ਸਮਾਜ ਦੀ ਬਿਹਤਰੀ ਖ਼ਾਤਰ ਪੁਰਸ਼ਾਰਥ ਕਰਨ ਵਾਲੇ ਲੋਕਾਂ ਦੀ ਚਰਚਾ ਕਰ ਕੇ ਆਮ ਲੋਕਾਂ ਵਿਚ ਪ੍ਰੇਰਨਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਕੁਦਰਤੀ ਖੇਤੀ, ਸ੍ਰੀ ਅੰਨ ਅਰਥਾਤ ਮਿਲੇਟਸ, ਨਵੀਆਂ ਨੀਤੀਆਂ, ਮਾਵਾਂ ਦਾ ਸਸ਼ਕਤੀਕਰਨ, ਸਵੱਛਤਾ ਅਭਿਆਨ, ਸਵੈ-ਸੇਵਾ, ਫਿੱਟ ਇੰਡੀਆ ਮੂਵਮੈਂਟ, ਬੇਟੀ ਬਚਾਓ-ਬੇਟੀ ਪੜ੍ਹਾਓ, ਖੇਲੋ ਇੰਡੀਆ, ਵੱਖ-ਵੱਖ ਮਹਾਪੁਰਸ਼ਾਂ, ਹਰ ਘਰ ਤਿਰੰਗਾ, ਨੌਜਵਾਨਾਂ ਦੇ ਇਨੋਵੇਸ਼ਨ, ਸਟਾਰਟ-ਅੱਪਸ, ਸਿਹਤ ਤੇ ਰੱਖਿਆ ਖੇਤਰ ਵਿਚ ਭਾਰਤ ਦੇ ਵਧਦੇ ਕਦਮਾਂ ਆਦਿ ਬਾਰੇ ਵਿਸਥਾਰ ਨਾਲ ਚਰਚਾ ਕੀਤੀ।

ਨਰਿੰਦਰ ਮੋਦੀ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਜੰਮੂ-ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤਕ ਅਤੇ ਕੱਛ ਤੋਂ ਲੈ ਕੇ ਉੱਤਰ-ਪੂਰਬ ਤਕ, ਹਰ ਜਗ੍ਹਾ ਦੀ ਸੰਸਕ੍ਰਿਤੀ ਨਾਲ ਲੋਕਾਂ ਨੂੰ ਰੂਬਰੂ ਕਰਵਾਇਆ ਹੈ। ਉਨ੍ਹਾਂ ਨੇ ਇਸ ਪ੍ਰੋਗਰਾਮ ਜ਼ਰੀਏ ਅਲੱਗ-ਅਲੱਗ ਖੇਤਰਾਂ ਦੇ ਤਿਉਹਾਰਾਂ ਨਾਲ ਵੀ ਰੂਬਰੂ ਕਰਵਾਇਆ ਹੈ। ਪ੍ਰਧਾਨ ਮੰਤਰੀ ਵਾਤਾਵਰਨ, ਜਲਵਾਯੂ ਪਰਿਵਰਤਨ ਬਾਰੇ ਵੀ ਚਰਚਾ ਕਰਦੇ ਹਨ ਅਤੇ ਇਨ੍ਹਾਂ ਨੂੰ ਹੋ ਰਹੇ ਨੁਕਸਾਨਾਂ ਬਾਰੇ ਵੀ ਸਾਵਧਾਨ ਕਰਦੇ ਰਹਿੰਦੇ ਹਨ। ਉਨ੍ਹਾਂ ਨੇ 'ਮਨ ਕੀ ਬਾਤ' ਵਿਚ ਕਈ ਵਾਰ ਸਵੈ-ਸਹਾਇਤਾ ਸਮੂਹਾਂ ਅਤੇ ਮਹਿਲਾ ਉੱਦਮੀਆਂ ਬਾਰੇ ਚਰਚਾ ਵੀ ਕੀਤੀ ਹੈ ਜਿਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਉਹ ਕਿਸ ਤਰ੍ਹਾਂ ਬਹੁਤ ਮੁਸ਼ਕਲ ਹਾਲਾਤ ਵਿਚ ਵੀ ਸਰਕਾਰ ਦੀਆਂ ਯੋਜਨਾਵਾਂ ਤੋਂ ਲਾਹਾ ਲੈਂਦੇ ਹੋਏ ਦੇਸ਼ ਦੇ ਆਰਥਿਕ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਦੇ ਰਹੀਆਂ ਹਨ। ਚਾਹੇ ਕਰਨਾਟਕ ਦੀ ਹੁਲਸੂਰ ਮਿਲੇਟ ਪ੍ਰੋਡਿਊਸਰ ਕੰਪਨੀ ਦੀ ਗੱਲ ਹੋਵੇ, ਸ੍ਰੀਰੰਗਪਟਨਮ ਵਿਚ ਸਵੱਛਤਾ ਅਭਿਆਨ ਤਹਿਤ ਪ੍ਰਾਚੀਨ ਵੀਰਭੱਦਰ ਸਵਾਮੀ ਸ਼ਿਵਾ ਮੰਦਰ ਦੀ ਯੁਵਾ ਬ੍ਰਿਗੇਡ ਦੀ ਗੱਲ ਹੋਵੇ, ਕਟਕ ਦੇ ਚਾਹ ਵੇਚਣ ਵਾਲੇ ਡੀ. ਪ੍ਰਕਾਸ਼ ਰਾਓ ਹੋਣ, ਬਿਹਾਰ ਦੀ ਮਹਿਲਾ ਉੱਦਮੀ ਸਾਧਨਾ ਦੇਵੀ ਹੋਵੇ ਜਾਂ ਫਿਰ ਮਹਿਲਾ ਕਿਸਾਨਾਂ ਦੀ ਗੱਲ ਹੋਵੇ-ਅਸੀਂ ਸਾਰਿਆਂ ਨੇ 'ਮਨ ਕੀ ਬਾਤ' ਵਿਚ ਅਜਿਹੇ ਕਈ ਕਿੱਸੇ ਸੁਣੇ ਹਨ ਜਿਨ੍ਹਾਂ ਨਾਲ ਦੇਸ਼ ਦੇ ਬਾਕੀ ਹਿੱਸਿਆਂ ਦੇ ਲੋਕਾਂ ਦੇ ਜੀਵਨ ਵਿਚ ਤਬਦੀਲੀ ਆਈ।

ਪ੍ਰਧਾਨ ਮੰਤਰੀ ਸਮਾਜਿਕ ਤਬਦੀਲੀਆਂ ਦੀ ਅਗਵਾਈ ਕਰਨ ਲਈ 'ਮਨ ਕੀ ਬਾਤ' ਜ਼ਰੀਏ ਇਕ ਤੰਤਰ ਸਥਾਪਤ ਕਰਨ ਵਿਚ ਕਾਮਯਾਬ ਰਹੇ ਹਨ। 'ਮਨ ਕੀ ਬਾਤ' ਨੇ ਕੋਰੋਨਾ ਰੋਕੂ ਟੀਕਾਕਰਨ ਦੌਰਾਨ ਸਮਾਜ ਨੂੰ ਇਕਜੁੱਟ ਰੱਖਣ ਅਤੇ ਕੋਰੋਨਾ ਵਿਰੁੱਧ ਭਾਰਤ ਦੀ ਫ਼ੈਸਲਾਕੁੰਨ ਜੰਗ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਨੇ ਦੇਸ਼ ਦੇ ਉਨ੍ਹਾਂ ਦੂਰ-ਦਰਾਜ ਦੇ ਇਲਾਕਿਆਂ ਵਿਚ ਵੀ ਸੰਦੇਸ਼ ਪਹੁੰਚਾਇਆ ਜਿੱਥੇ ਇੰਟਰਨੈੱਟ ਕੁਨੈਕਟਿਵਿਟੀ ਨਹੀਂ ਸੀ। 'ਮਨ ਕੀ ਬਾਤ' ਵਿਚ ਆਮ ਲੋਕਾਂ ਦੇ ਵਿਚਾਰ ਅਤੇ ਸੁਝਾਅ ਵੀ ਲਏ ਜਾਂਦੇ ਹਨ। ਨਾਗਰਿਕਾਂ ਦੇ ਵਿਚਾਰ ਰਾਸ਼ਟਰ ਦੇ ਵਿਕਾਸ ਦੇ ਥੰਮ੍ਹ ਹਨ। ਉਨ੍ਹਾਂ ਦੇ ਸੁਝਾਵਾਂ, ਚਿੰਤਾਵਾਂ ਅਤੇ ਵਿਚਾਰਾਂ ਦੀ ਭਾਗੀਦਾਰੀ ਹੀ ਸ਼ਾਸਨ ਦੀ ਜੜ੍ਹ ਹੁੰਦੀ ਹੈ। 'ਮਨ ਕੀ ਬਾਤ' ਜ਼ਰੀਏ ਪ੍ਰਧਾਨ ਮੰਤਰੀ ਮੋਦੀ ਲਗਾਤਾਰ ਉਨ੍ਹਾਂ ਵਿਅਕਤੀਆਂ 'ਤੇ ਚਾਨਣਾ ਪਾਉਂਦੇ ਰਹੇ ਹਨ ਜਿਨ੍ਹਾਂ ਨੇ ਦੇਸ਼ ਦਾ ਮਾਣ ਬਹੁਤ ਵਧਾਇਆ ਹੈ। 'ਮਨ ਕੀ ਬਾਤ' ਦੀਆਂ ਪ੍ਰੇਰਕ ਕਹਾਣੀਆਂ ਭਾਰਤੀਆਂ ਦੇ ਵਿਸ਼ਵ ਪੱਧਰੀ ਦ੍ਰਿਸ਼ਟੀਕੋਣ ਨੂੰ ਪ੍ਰਦਰਸ਼ਿਤ ਕਰਦੀਆਂ ਹਨ ਜੋ ਸੰਸਾਰ ਦੇ ਦੂਜੇ ਮੁਲਕਾਂ ਵਿਚ ਵੀ ਆਪਣੇ ਸਮਰਪਣ, ਸਖ਼ਤ ਮਿਹਨਤ ਅਤੇ ਕੁਸ਼ਲਤਾ ਦੇ ਬਲਬੂਤੇ ਖੜ੍ਹੇ ਹਨ।

ਇਹੀ ਕਾਰਨ ਹੈ ਕਿ 'ਮਨ ਕੀ ਬਾਤ' ਸਿਰਫ਼ ਭਾਰਤੀਆਂ ਵਿਚ ਹੀ ਨਹੀਂ, ਬਲਕਿ ਵਿਸ਼ਵ ਭਰ ਵਿਚ ਫੈਲੇ ਭਾਰਤੀ ਮੂਲ ਦੇ ਲੋਕਾਂ ਵਿਚਾਲੇ ਵੀ ਮਕਬੂਲ ਹੈ। ਇਸ ਨੂੰ 11 ਵਿਦੇਸ਼ੀ ਭਾਸ਼ਾਵਾਂ ਵਿਚ ਵੀ ਸੁਣਿਆ ਜਾਂਦਾ ਹੈ। ਵਿਰੋਧੀ ਧਿਰ ਨੇ ਕਈ ਵਾਰ 'ਮਨ ਕੀ ਬਾਤ' ਪ੍ਰੋਗਰਾਮ ਦਾ ਮਜ਼ਾਕ ਉਡਾਇਆ ਪਰ ਉਸ ਨੂੰ ਮਾਲੂਮ ਹੋਣਾ ਚਾਹੀਦਾ ਹੈ ਕਿ ਇਹ ਦੇਸ਼ ਦੇ ਜਨ-ਜਨ ਦੀ ਗੱਲ ਹੈ। ਜੋ ਵੀ ਵਿਅਕਤੀ ਜਾਂ ਸਿਆਸੀ ਪਾਰਟੀ ਭਾਰਤ ਦੀ ਜਨਤਾ ਦੇ ਮਨ ਦੀ ਗੱਲ ਨੂੰ ਦਰਕਿਨਾਰ ਕਰਦੀ ਹੋਈ ਆਪਣੀ ਹੀ ਚਲਾਉਣ ਦਾ ਯਤਨ ਕਰੇਗੀ, ਉਸ ਨੂੰ ਲੋਕ ਨਕਾਰ ਦੇਣਗੇ। ਦੇਸ਼ ਦੀ ਜਨਤਾ ਦੇ ਮਨ ਵਿਚ 'ਮਨ ਕੀ ਬਾਤ' ਨੂੰ ਲੈ ਕੇ ਕਿੰਨਾ ਉਤਸ਼ਾਹ ਰਹਿੰਦਾ ਹੈ, ਇਹ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ, ਰੋਹਤਕ ਦੇ ਸਰਵੇ ਤੋਂ ਸਪਸ਼ਟ ਹੋ ਜਾਂਦਾ ਹੈ। ਸਰਵੇ ਵਿਚ ਸਾਹਮਣੇ ਆਇਆ ਹੈ ਕਿ ਸੌ ਕਰੋੜ ਤੋਂ ਜ਼ਿਆਦਾ ਲੋਕ 'ਮਨ ਕੀ ਬਾਤ' ਨੂੰ ਸੁਣ ਚੁੱਕੇ ਹਨ ਅਤੇ ਇਸ ਨੂੰ ਸੁਣਨ ਤੋਂ ਬਾਅਦ ਲਗਪਗ 60 ਪ੍ਰਤੀਸ਼ਤ ਲੋਕ ਰਾਸ਼ਟਰ ਨਿਰਮਾਣ ਵਿਚ ਯੋਗਦਾਨ ਦੇਣ ਲਈ ਸੰਕਲਪਬੱਧ ਹੋਏ।

ਇਸ ਪ੍ਰੋਗਰਾਮ ਦੇ ਹਰ ਐਪੀਸੋਡ ਨੂੰ ਘੱਟੋ-ਘੱਟ 23 ਕਰੋੜ ਜਨਤਾ ਜ਼ਰੂਰ ਸੁਣਦੀ ਹੈ। ਅਲੱਗ-ਅਲੱਗ ਭਾਸ਼ਾਵਾਂ ਵਿਚ ਵੀ ਇਸ ਪ੍ਰੋਗਰਾਮ ਨੂੰ ਸੁਣਨ ਵਾਲੇ ਲੋਕਾਂ ਦੀ ਚੰਗੀ ਖ਼ਾਸੀ ਤਾਦਾਦ ਹੈ। 'ਮਨ ਕੀ ਬਾਤ' ਨੇ ਭਾਰਤੀ ਜਨਮਾਨਸ 'ਤੇ ਹਾਂ-ਪੱਖੀ ਅਸਰ ਪਾਇਆ ਹੈ ਅਤੇ ਉਨ੍ਹਾਂ 'ਚ ਆਸ਼ਾਵਾਦ ਅਤੇ ਖ਼ੁਸ਼ੀ ਦੀ ਭਾਵਨਾ ਪੈਦਾ ਕੀਤੀ ਹੈ। 'ਮਨ ਕੀ ਬਾਤ' ਦਾ ਸਭ ਤੋਂ ਵੱਡਾ ਯੋਗਦਾਨ ਇਹ ਹੈ ਕਿ ਇਸ ਨੇ ਸਮਾਜ ਵਿਚ ਹਾਂ-ਪੱਖੀ ਸੋਚਣੀ ਵਾਲੀ ਭਾਵਨਾ ਨੂੰ ਉਤਸ਼ਾਹਤ ਕੀਤਾ ਹੈ।

ਤੁਸੀਂ ਜਦ 'ਮਨ ਕੀ ਬਾਤ' ਪ੍ਰੋਗਰਾਮ ਸੁਣਦੇ ਹੋ ਤਾਂ ਪਤਾ ਲੱਗਦਾ ਹੈ ਕਿ ਤੁਹਾਡੀ ਭਾਸ਼ਾ ਵਿਚ ਕੋਈ ਤੁਹਾਡਾ ਆਪਣਾ ਤੁਹਾਡੀ ਗੱਲ ਕਰ ਰਿਹਾ ਹੈ ਅਤੇ ਉਂਗਲੀ ਫੜ ਕੇ ਤੁਹਾਨੂੰ ਅੱਗੇ ਵਧਣ ਦਾ ਰਸਤਾ ਦਿਖਾ ਰਿਹਾ ਹੈ। ਇਸ ਪ੍ਰੋਗਰਾਮ ਦੀ ਅਹਿਮੀਅਤ ਨੂੰ ਭਾਵੇਂ ਵਿਰੋਧੀ ਧਿਰ ਨਹੀਂ ਸਮਝ ਰਹੀ ਹੈ ਪਰ ਆਮ ਜਨਤਾ ਇਸ ਦੀ ਸਾਰਥਕਤਾ ਨੂੰ ਚੰਗੀ ਤਰ੍ਹਾਂ ਸਮਝਦੀ ਹੋਈ ਇਸ ਨੂੰ ਰਾਹ-ਦਸੇਰਾ ਮੰਨ ਰਹੀ ਹੈ। 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਮਕਸਦ ਹਰ ਕਿਸੇ ਦਾ ਕਲਿਆਣ ਕਰਨਾ ਹੁੰਦਾ ਹੈ।

ਉਹ ਅਜਿਹੀਆਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਨੂੰ ਤਰਜੀਹ ਦੇ ਰਹੇ ਹਨ ਜੋ ਲੋਕਾਂ ਲਈ ਵੱਡੇ ਪੱਧਰ 'ਤੇ ਲਾਭਦਾਇਕ ਹੋਣ, ਗ਼ਰੀਬਾਂ ਦਾ ਭਲਾ ਹੋਵੇ ਅਤੇ ਦੇਸ਼ ਵਿਚ ਰੁਜ਼ਗਾਰ ਦੇ ਮੌਕੇ ਵਧਣ। ਮੈਨੂੰ ਉਮੀਦ ਹੈ ਕਿ ਇਹ ਪ੍ਰੋਗਰਾਮ ਆਉਣ ਵਾਲੇ ਸਮੇਂ ਵਿਚ ਵੀ ਖ਼ੁਸ਼ਹਾਲੀ ਨਾਲ ਭਰਪੂਰ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਮਹੱਤਵਪੂਰਨ ਜ਼ਰੀਆ ਬਣਿਆ ਰਹੇਗਾ।

# ਭਾਰਤ ਨੂੰ ਅੱਤਵਾਦ ਦੇ ਖ਼ਤਰੇ ਤੋਂ ਸੁਚੇਤ ਹੋਣਾ ਪਵੇਗਾ

ਕਰਨ ਵਾਲੇ ਅੱਤਵਾਦੀਆਂ ਤਕ ਪੁੱਜਿਆ ਜਾਵੇ। ਇਨ੍ਹਾਂ ਅੱਤਵਾਦੀਆਂ ਤਕ ਪੁੱਜਣ ਦੇ ਨਾਲ-ਨਾਲ ਉਨ੍ਹਾਂ ਦੇ ਹਮਾਇਤੀਆਂ ਅਤੇ ਉਨ੍ਹਾਂ ਦੇ ਆਕਾਵਾਂ 'ਤੇ ਵੀ ਸ਼ਿਕੰਜਾ ਕੱਸਿਆ ਜਾਣਾ ਚਾਹੀਦਾ ਹੈ। ਆਮ ਤੌਰ 'ਤੇ ਅਜਿਹੇ ਹਮਲੇ ਉਦੋਂ ਹੁੰਦੇ ਹਨ ਜਦ ਅੱਤਵਾਦੀਆਂ ਨੂੰ ਸਥਾਨਕ ਪੱਧਰ 'ਤੇ ਸਹਿਯੋਗ ਅਤੇ ਸਮਰਥਨ ਮਿਲਦਾ ਹੈ। ਇਹ ਚਿੰਤਾਜਨਕ ਹੈ ਕਿ ਅੱਤਵਾਦੀ ਸੰਗਠਨ ਕਸ਼ਮੀਰ ਤੋਂ ਬਾਅਦ ਜੰਮੂ ਖੇਤਰ ਵਿਚ ਵੀ ਆਪਣੀਆਂ ਸਰਗਰਮੀਆਂ ਵਧਾ ਰਹੇ ਹਨ। ਬੀਤੇ ਕੁਝ ਸਮੇਂ 'ਚ ਉਹ ਜੰਮੂ ਡਵੀਜ਼ਨ ਵਿਚ ਕਈ ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ। ਸਪਸ਼ਟ ਹੈ ਕਿ ਜਿਵੇਂ ਕਸ਼ਮੀਰ ਵਾਦੀ ਵਿਚ ਅੱਤਵਾਦੀਆਂ ਦੇ ਸਫ਼ਾਏ ਲਈ ਮੁਹਿੰਮ ਚਲਾਈ ਜਾ ਰਹੀ ਹੈ, ਉਸੇ ਤਰ੍ਹਾਂ ਹੀ ਜੰਮੂ ਡਵੀਜ਼ਨ ਵਿਚ ਵੀ ਚਲਾਈ ਜਾਵੇ। ਅਜਿਹੀ ਕਿਸੇ ਵੀ ਮੁਹਿੰਮ ਨੂੰ ਕਾਮਯਾਬੀ ਉਦੋਂ ਮਿਲੇਗੀ ਜਦ ਅੱਤਵਾਦੀਆਂ ਨੂੰ ਪਨਾਹ ਦੇਣ ਅਤੇ ਉਨ੍ਹਾਂ ਦੀ ਮਦਦ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੁਣਛ ਵਿਚ ਹੋਏ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਕਿਉਂਕਿ ਪਾਕਿਸਤਾਨ ਆਧਾਰਤ ਅੱਤਵਾਦੀ ਸੰਗਠਨ ਨਾਲ ਜੁੜੇ ਇਕ ਅੱਤਵਾਦੀ ਧੜੇ ਨੇ ਲਈ ਹੈ, ਇਸ ਲਈ ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਪਾਕਿਸਤਾਨ ਅਜੇ ਵੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ। ਪਾਕਿਸਤਾਨ ਦੀਆਂ ਹਰਕਤਾਂ ਨੂੰ ਦੇਖਦੇ ਹੋਏ ਇਸ ਦਾ ਕੋਈ ਮਤਲਬ ਨਹੀਂ ਕਿ ਸ਼ੰਘਾਈ ਸਹਿਯੋਗ ਸੰਗਠਨ ਦੀ ਬੈਠਕ ਵਿਚ ਹਿੱਸਾ ਲੈਣ ਭਾਰਤ ਆ ਰਹੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਦੀ ਆਓ-ਭਗਤ ਕੀਤੀ ਜਾਵੇ ਜਾਂ ਫਿਰ ਉਨ੍ਹਾਂ ਨਾਲ ਦੁਵੱਲੇ ਸਬੰਧਾਂ ਨੂੰ ਲੈ ਕੇ ਗੱਲਬਾਤ ਕੀਤੀ ਜਾਵੇ। ਭਾਰਤ ਨੂੰ ਆਪਣੇ ਇਸ ਰੁਖ਼ 'ਤੇ ਕਾਇਮ ਰਹਿਣਾ ਚਾਹੀਦਾ ਹੈ ਕਿ ਪਾਕਿਸਤਾਨ ਜਦ ਤਕ ਅੱਤਵਾਦੀ ਸੰਗਠਨਾਂ ਨੂੰ ਪਾਲਣ-ਪੋਸਣ ਤੋਂ ਬਾਜ਼ ਨਹੀਂ ਆਉਂਦਾ, ਉਦੋਂ ਤਕ ਉਸ ਨਾਲ ਕੋਈ ਗੱਲਬਾਤ ਨਹੀਂ ਹੋ ਸਕਦੀ। ਉਂਜ ਵੀ ਪਾਕਿਸਤਾਨ ਇਸ ਸਮੇਂ ਜਿਸ ਬਦਹਾਲੀ ਵਿਚੋਂ ਗੁਜ਼ਰ ਰਿਹਾ ਹੈ, ਉਸ ਵਿਚ ਉਸ ਨੂੰ ਤਾਂ ਭਾਰਤ ਦੀ ਜ਼ਰੂਰਤ ਹੈ ਪਰ ਭਾਰਤ ਨੂੰ ਉਸ ਦੀ ਕੋਈ ਲੋੜ ਨਹੀਂ ਹੈ। ਪਾਕਿਸਤਾਨ ਜਦ ਤਕ ਦੁਸ਼ਮਣਾਂ ਵਾਂਗ ਵਿਵਹਾਰ ਕਰਦਾ ਰਹੇਗਾ, ਉਦੋਂ ਤਕ ਉਸ ਪ੍ਰਤੀ ਕਿਤੇ ਵੀ ਕੋਈ ਨਰਮੀ ਨਹੀਂ ਵਰਤੀ ਜਾਣੀ ਚਾਹੀਦੀ। ਇਸ ਤੋਂ ਇਲਾਵਾ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਉਸ ਨੂੰ ਸਬਕ ਕਿਵੇਂ ਸਿਖਾਇਆ ਜਾਵੇ? ਮੌਜੂਦਾ ਸਮੇਂ ਪਾਕਿਸਤਾਨ ਭਾਵੇਂ ਬਹੁਤ ਬਦਹਾਲ ਹੈ ਪਰ ਉਹ ਕਸ਼ਮੀਰ ਨੂੰ ਅਸ਼ਾਂਤ ਰੱਖਣ ਤੋਂ ਬਾਜ਼ ਨਹੀਂ ਆ ਰਿਹਾ। ਉਹ ਉਦੋਂ ਤਕ ਸੁਧਰਨ ਵਾਲਾ ਵੀ ਨਹੀਂ ਜਦ ਤਕ ਉਹ ਉਸ ਅੱਤਵਾਦੀ ਢਾਂਚੇ ਨੂੰ ਮਜ਼ਬੂਤੀ ਨਾਲ ਖੜ੍ਹਾ ਰੱਖਣ ਦੀ ਕੀਮਤ ਨਹੀਂ ਤਾਰਦਾ ਜੋ ਜੰਮੂ-ਕਸ਼ਮੀਰ ਵਿਚ ਭਾਰਤੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦਾ ਰਹਿੰਦਾ ਹੈ। ਪਾਕਿਸਤਾਨ ਵਿਚ ਕਿਉਂਕਿ ਅੱਤਵਾਦੀ ਢਾਂਚਾ ਪਹਿਲਾਂ ਵਾਂਗ ਹੀ ਕਾਇਮ ਹੈ, ਇਸ ਲਈ ਸਰਹੱਦ ਪਾਰ ਤੋਂ ਅੱਤਵਾਦੀਆਂ ਦੀ ਘੁਸਪੈਠ ਦੀ ਕੋਸ਼ਿਸ਼ ਹੁੰਦੀ ਹੀ ਰਹਿੰਦੀ ਹੈ। ਹੈਰਾਨੀ ਨਹੀਂ ਕਿ ਪੁਣਛ ਵਿਚ ਹਮਲਾ ਕਰਨ ਵਾਲੇ ਅੱਤਵਾਦੀ ਸਰਹੱਦ ਪਾਰ ਤੋਂ ਹੀ ਆਏ ਹੋਣ। ਪੁਣਛ ਵਿਚ ਹੋਏ ਜਿਸ ਅੱਤਵਾਦੀ ਹਮਲੇ ਵਿਚ ਸਾਡੇ ਪੰਜ ਜਵਾਨਾਂ ਨੂੰ ਬਲੀਦਾਨ ਦੇਣਾ ਪਿਆ, ਉਸ ਤੋਂ ਫ਼ੌਜ ਨੂੰ ਇਹ ਸਬਕ ਸਿੱਖਣ ਦੀ ਜ਼ਰੂਰਤ ਵੀ ਹੈ ਕਿ ਫ਼ੌਜੀਆਂ ਦੀ ਸੁਰੱਖਿਆ ਵਿਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਘਾਤਕ ਹੋ ਸਕਦੀ ਹੈ।



# Kings Sports Club Sacramento

# 8th World ਕਬੱਡੀ ਕੱਪ




KINGS SPORTS CULTURE CLUB of SACRAMENTO

EST. 2010

KINGS OF KABADDI

ਸਮੂਹ ਸੰਗਤ ਨੂੰ

**27 ਮਈ 2023 ਦਿਨ ਸ਼ਨੀਵਾਰ**

**ਨੂੰ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ**

ਸੈਕਰਾਮੈਂਟੋ ਵਿਖੇ 8th World ਕਬੱਡੀ ਕੱਪ

ਦੇਖਣ ਲਈ ਪਹੁੰਚਣ ਦੀ ਬੇਨਤੀ

8th World Kabbddi Cup - Saturday May 27th 2023

**Kings sports Club-Sacramento**

Gurdwara Dashmesh Darbar Sahib


7733 ELK Grove Florin Rd. Sacramento 95829

ਗੁਰੂ ਘਰ ਦੀ ਗਰਾਊਂਡ ਵਿਚ ਹਥਿਆਰ ਲੈ ਕੇ ਆਉਣਾ, ਕਿਸੇ ਵੀ ਕਿਸਮ ਦਾ ਨਸ਼ਾ ਕਰਕੇ ਜਾਂ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ।

ਬੀਬੀਆਂ ਅਤੇ ਪਰਿਵਾਰ ਦੇ ਬੈਠਣ ਲਈ ਖਾਸ ਪ੍ਰਬੰਧ ਕੀਤਾ ਗਿਆ।

• ਗੁਰੂ ਕੇ ਲੰਗਰ ਅਤੁੱਟ ਵਰਤਣਗੇ। • ਸਕਿਊਰਿਟੀ ਦਾ ਖਾਸ ਪ੍ਰਬੰਧ ਹੈ।

**ਇਸ ਵਾਰ ਕਬੱਡੀ ਦੀ ਗਰਾਊਂਡ ਦੇ ਵਿਚ ਸ਼ਾਨਦਾਰ ਘਾਹ ਲੱਗੇ ਹੋਏ ਹਨ**



www.youtube.com/LIVEKABADDI

LIVE LIVE KABADDI

www.facebook.com/LIVEKABADDI

CHANNEL 422 CHANNEL 136 CHANNEL 323

# ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀਆਂ ਅਸਥੀਆਂ ਗੁਰਦੁਆਰਾ ਸ੍ਰੀ ਪਤਾਲਪੁਰੀ ਸਾਹਿਬ ਵਿਖੇ ਕੀਤੀਆਂ ਗਈਆਂ ਜਲ ਪ੍ਰਵਾਹ





ਸ੍ਰੀ ਕੀਰਤਪੁਰ ਸਾਹਿਬ/ਸ੍ਰੀ ਅਨੰਦਪੁਰ ਸਾਹਿਬ : ਪੰਥ ਰਤਨ ਫ਼ਖ਼ਰ-ਏ-ਕੌਮ, ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਮਰਹੂਮ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀਆਂ ਅਸਥੀਆਂ ਸ੍ਰੀ ਕੀਰਤਪੁਰ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਪਤਾਲਪੁਰੀ ਸਾਹਿਬ ਲਾਗੇ ਸਤਲੁਜ ਦਰਿਆ 'ਤੇ ਬਣੇ ਅਸਥਘਾਟ ਘਾਟ ਤੋਂ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ ਹਨ। ਪਿੰਡ ਬਾਦਲ ਤੋਂ ਉਨ੍ਹਾਂ ਦੇ ਪੁੱਤਰ ਸ. ਸੁਖਬੀਰ ਬਾਦਲ ਅਤੇ ਪਰਿਵਾਰਕ ਮੈਂਬਰ ਉਨ੍ਹਾਂ ਦੀਆਂ ਅਸਥੀਆਂ ਲੈ ਕੇ ਸ੍ਰੀ ਕੀਰਤਪੁਰ ਸਾਹਿਬ ਲਈ ਕਾਫ਼ਲੇ ਦੇ ਰੂਪ ਵਿਚ ਲੈ ਕੇ ਸਵੇਰੇ ਰਵਾਨਾ ਹੋਏ ਸਨ। ਗੁਰਦੁਆਰਾ ਸ੍ਰੀ ਪਤਾਲਪੁਰੀ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰ ਦਿੱਤਾ ਗਿਆ।

ਇਸ ਗਮਗੀਨ ਮਾਹੌਲ ਵਿਚ ਸੁਖਬੀਰ ਸਿੰਘ, ਬੀਬੀ ਹਰਸਿਮਰਤ ਕੌਰ ਬਾਦਲ ਤੇ ਹੋਰ ਪਰਿਵਾਰਕ ਮੈਂਬਰਾਂ ਸਮੇਤ ਅਕਾਲੀ ਦਲ ਦੀ ਲੀਡਰਸ਼ਿਪ ਵੀ ਮੌਜੂਦ ਰਹੀ। ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਸਵ. ਸ.ਪ੍ਰਕਾਸ਼ ਸਿੰਘ ਬਾਦਲ ਦੀਆਂ ਅਸਤੀਆਂ ਜਲ ਪ੍ਰਵਾਹ ਕਰਨ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਸ਼ਾਸਨ ਵੱਲੋਂ ਪ੍ਰਬੰਧ ਕੀਤੇ ਗਏ ਸਨ।

ਜ਼ਿਕਰਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ 25 ਅਪ੍ਰੈਲ 2023 ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਖੇ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਦੇਸ਼ ਭਰ ਤੋਂ ਵੱਡੇ ਸਿਆਸੀ ਆਗੂ ਅਤੇ ਕਈ ਹਸਤੀਆਂ ਪਿੰਡ ਬਾਦਲ ਵਿਖੇ ਬਾਦਲ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚ ਰਹੀਆਂ ਹਨ। ਇਸ ਲਈ ਪਰਿਵਾਰ ਵੱਲੋਂ ਖ਼ਾਸ ਤੌਰ 'ਤੇ ਬੀਤੇ ਦਿਨ ਜਾਣਕਾਰੀ ਸਾਂਝੀ ਕਰਕੇ ਦੱਸਿਆ ਗਿਆ ਸੀ ਕਿ 3 ਮਈ ਨੂੰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀਆਂ ਅਸਥੀਆਂ ਜਲ-ਪ੍ਰਵਾਹ ਕੀਤੀਆਂ ਜਾਣਗੀਆਂ, ਜਿਸ ਦੇ ਚੱਲਦਿਆਂ ਬਾਦਲ ਪਰਿਵਾਰ ਪਿੰਡ ਬਾਦਲ ਵਿਖੇ ਮੌਜੂਦ ਨਹੀਂ ਹੋਵੇਗਾ।

ਉਥੇ ਹੀ ਦੂਜੇ ਪਾਸੇ 4 ਮਈ ਨੂੰ ਹੋਣ ਵਾਲੀ ਅੰਤਿਮ ਅਰਦਾਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਦੇਣ ਲਈ ਪਿੰਡ ਬਾਦਲ ਦੇ ਮਾਤਾ ਜਸਵੰਤ ਕੌਰ ਮੈਮੋਰੀਅਲ ਸਕੂਲ ਵਿੱਚ ਪੰਡਾਲ ਲਗਾਏ ਜਾ ਰਹੇ ਹਨ। ਅਧਿਕਾਰੀਆਂ ਵੱਲੋਂ ਥਾਂ-ਥਾਂ ਦਾ ਮੁਆਇਨਾ ਕੀਤਾ ਜਾ ਰਿਹਾ ਹੈ ਤਾਂ ਜੋ ਵੀ. ਵੀ. ਆਈ. ਪੀਜ਼. ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੌਰਾਨ ਆਮ ਲੋਕਾਂ ਦੀਆਂ ਮੁਸ਼ਕਿਲਾਂ ਦੇ ਮੱਦੇਨਜ਼ਰ ਪ੍ਰੋਗਰਾਮ ਦਾ ਰੂਟ ਪਲਾਨ ਵੀ ਜਾਰੀ ਕੀਤਾ ਗਿਆ। ਸਥਾਨਕ ਪ੍ਰਸ਼ਾਸਨ ਵੱਲੋਂ ਇਸ ਗੱਲ ਦਾ ਪੂਰਾ ਧਿਆਨ ਰੱਖਿਆ ਗਿਆ ਹੈ ਕਿ ਪਿੰਡ ਬਾਦਲ ਵਿੱਚ ਆਉਣ ਵਾਲੇ ਜਾਂ ਇੱਥੋਂ ਲੰਘਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

## ਪਹਿਲਾਂ ਕਾਂਗਰਸ ਤੇ ਹੁਣ 'ਆਪ' ਨੇ ਪੰਜਾਬ ਨੂੰ ਜੰਗਲ ਰਾਜ 'ਚ ਧੱਕਿਆ: ਅਨੁਰਾਗ ਠਾਕੁਰ

### ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਤੇ ਸਮ੍ਰਿਤੀ ਇਰਾਨੀ ਜਲੰਧਰ ਪੁੱਜੇ



ਜਲੰਧਰ : ਕੇਂਦਰੀ ਸੂਚਨਾ ਤੇ ਪ੍ਰਸਾਰਨ ਅਤੇ ਯੁਵਾ ਮਾਮਲੇ ਅਤੇ ਖੇਡਾਂ ਬਾਰੇ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਪੰਜਾਬ ਵਿੱਚ ਵਿਗੜੀ ਅਮਨ ਕਾਨੂੰਨ ਦੀ ਸਥਿਤੀ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ 'ਆਪ' ਨੇ ਪੰਜਾਬ ਨੂੰ ਜੰਗਲ ਰਾਜ ਵਿੱਚ ਧੱਕ ਦਿੱਤਾ ਹੈ। ਅਨੁਰਾਗ ਠਾਕੁਰ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਖਤਮ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਪੰਜਾਬ ਦਾ ਜ਼ਿਕਰ ਬਦਅਮਨੀ, ਗੁੰਡਾਗਰਦੀ, ਗੈਂਗਵਾਰ ਤੇ ਮਾਫੀਆ ਲਈ ਹੁੰਦਾ ਹੈ। ਮੁੱਖ ਮੰਤਰੀ ਆਪਣਾ ਜ਼ਿਆਦਾਤਰ ਸਮਾਂ ਸੂਬੇ ਤੋਂ ਬਾਹਰ ਹੀ ਬਿਤਾ ਰਹੇ ਹਨ। ਇਸੇ ਦੌਰਾਨ ਅੱਜ ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਵੀ ਇੱਥੇ ਭਾਜਪਾ ਉਮੀਦਵਾਰ ਦੇ ਹੱਕ ਵਿੱਚ ਪ੍ਰੈੱਸ ਕਾਨਫਰੰਸ ਕੀਤੀ ਅਤੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਵੀ ਚੋਣ ਪ੍ਰਚਾਰ ਲਈ ਜਲੰਧਰ ਪੁੱਜ ਚੁੱਕੇ ਹਨ, ਜਿਨ੍ਹਾਂ ਦਾ ਅੱਜ ਇਥੇ ਸਥਾਨਕ ਭਾਜਪਾ ਆਗੂਆਂ ਨੇ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਆਗੂ ਕਹਿੰਦੇ ਸਨ ਕਿ ਜੇਕਰ ਦਿੱਲੀ ਸਰਕਾਰ ਨੂੰ ਪੁਲੀਸ ਦਾ ਕੰਟਰੋਲ ਸੌਂਪ ਦਿੱਤਾ ਜਾਵੇ ਤਾਂ ਉਹ ਵੱਡੇ ਸੁਧਾਰ ਲਿਆਉਣਗੇ, ਪਰ ਅੱਜ ਪੰਜਾਬ ਪੁਲੀਸ 'ਤੇ ਸਰਕਾਰ ਦਾ ਪੂਰਾ ਕੰਟਰੋਲ ਹੋਣ ਦੇ ਬਾਵਜੂਦ 'ਆਪ' ਸਫ਼ਲ ਨਹੀਂ ਹੋਈ ਹੈ। ਅਨੁਰਾਗ ਠਾਕੁਰ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਵਿਕਾਸ, ਸ਼ਾਂਤੀ ਤੇ ਭਾਈਚਾਰਾ ਚਾਹੁੰਦੀ ਹੈ, ਪਰ ਕਾਂਗਰਸ ਤੇ 'ਆਪ' ਪੰਜਾਬ ਵਿੱਚ ਹੀ ਨਹੀਂ, ਸਗੋਂ ਪੂਰੇ ਭਾਰਤ ਵਿੱਚ ਨਫ਼ਰਤ ਅਤੇ ਵੱਖਵਾਦ ਦੀ ਰਾਜਨੀਤੀ ਕਰਕੇ ਵੋਟਾਂ ਹਾਸਲ ਕਰਨਾ ਚਾਹੁੰਦੇ ਹਨ। 'ਆਪ' ਪੰਜਾਬ ਵਿੱਚ ਕਿਸ ਤਰ੍ਹਾਂ ਦੀ ਵਿਚਾਰਧਾਰਾ ਨੂੰ ਪ੍ਰਫੁੱਲਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਇਹ ਦੁਨੀਆ ਸਾਹਮਣੇ ਸਪੱਸ਼ਟ ਹੋ ਚੁੱਕਾ ਹੈ ਅਤੇ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਕਈ ਵਾਰ ਇਸ ਦਾ ਪ੍ਰਤੱਖ ਸਬੂਤ ਵੀ ਦੇ ਚੁੱਕਿਆ ਹੈ।

## ਡਾ. ਮਨਮੋਹਨ ਸਿੰਘ ਦੇ ਭਰਾ ਵੱਲੋਂ ਭਾਜਪਾ ਉਮੀਦਵਾਰ ਦੇ ਹੱਕ 'ਚ ਪ੍ਰਚਾਰ




ਜਲੰਧਰ : ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਭਰਾ ਦਲਜੀਤ ਸਿੰਘ ਕੋਹਲੀ ਨੇ ਅੱਜ ਇੱਥੇ ਭਾਜਪਾ ਦੇ ਚੋਣ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਭਾਰੀ ਵੋਟਾਂ ਨਾਲ ਜਿਤਾ ਕੇ ਸੂਬੇ ਦੇ ਵਿਕਾਸ ਅਤੇ ਤਰੱਕੀ ਲਈ ਭਾਜਪਾ ਦੇ ਹੱਥ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਇਸ ਦੌਰਾਨ ਕੋਹਲੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਦੇ ਵਧੇਰੇ ਨੇੜੇ ਹਨ। ਇਸੇ ਕਰਕੇ ਉਹ ਦੇਸ਼ ਦੇ ਹਿੱਤ ਅਤੇ ਪੰਜਾਬ ਦੇ ਭਵਿੱਖ ਲਈ ਭਾਜਪਾ ਦਾ ਸਾਥ ਦੇ ਰਹੇ ਹਨ। ਡਾ. ਮਨਮੋਹਨ ਸਿੰਘ ਨੂੰ ਪਿਤਾ ਸਮਾਨ ਦੱਸਦਿਆਂ ਕੋਹਲੀ ਨੇ ਕਿਹਾ ਕਿ ਪੂਰਾ ਦੇਸ਼ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਭਾਜਪਾ ਵੀ ਉਨ੍ਹਾਂ ਦਾ ਪੂਰਾ ਸਤਿਕਾਰ ਕਰਦੀ ਹੈ। ਇਸ ਲਈ ਉਹ ਉਨ੍ਹਾਂ 'ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ। ਕਾਂਗਰਸ ਵਿੱਚ ਜਾਣਾ ਉਨ੍ਹਾਂ ਦਾ ਨਿੱਜੀ ਫੈਸਲਾ ਸੀ। ਕੋਹਲੀ ਨੇ ਕਿਹਾ ਕਿ ਦੇਸ਼ ਵਿੱਚ ਜਿੱਥੇ ਵੀ ਭਾਜਪਾ ਦੀ ਸਰਕਾਰ ਹੈ, ਉਹ ਸੂਬੇ ਪੰਜਾਬ ਨਾਲੋਂ ਕਿਤੇ ਅੱਗੇ ਹਨ। ਪੰਜਾਬ ਨੂੰ ਵੀ ਤਰੱਕੀ ਦੇ ਰਾਹ 'ਤੇ ਤੋਰਨ ਲਈ ਉਹ ਭਾਜਪਾ ਦੀ ਹਮਾਇਤ ਕਰ ਰਹੇ ਹਨ। ਭਾਜਪਾ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਕਿਹਾ ਕਿ ਦਲਜੀਤ ਸਿੰਘ ਕੋਹਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਲੋਕ ਭਲਾਈ ਸਕੀਮਾਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਦੇ ਸਮਰਥਨ ਵਿੱਚ ਆਏ ਹਨ ਅਤੇ ਉਹ ਚਾਹੁੰਦੇ ਹਨ ਕਿ ਬਾਕੀ ਸੂਬਿਆਂ ਵਾਂਗ ਪੰਜਾਬ ਵੀ ਆਰਥਿਕ ਤੌਰ 'ਤੇ ਮਜ਼ਬੂਤ ਹੋਵੇ।

## 'ਆਪ' ਸਰਕਾਰ ਔਰਤਾਂ ਦੇ ਖਾਤਿਆਂ 'ਚ ਪਾਵੇ 12-12 ਹਜ਼ਾਰ ਰੁਪਏ: ਡਾ. ਸੁੱਖੀ



ਜਲੰਧਰ : ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਵੱਖ-ਵੱਖ ਥਾਵਾਂ 'ਤੇ ਕੀਤੀਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਭੱਜ ਗਈ ਹੈ ਤੇ ਉਹ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੇ ਸਮਾਜ ਭਲਾਈ ਲਾਭ ਵੀ ਲੋਕਾਂ ਨੂੰ ਦੇਣ ਤੋਂ ਇਨਕਾਰੀ ਹੈ। ਇਥੇ ਛਾਉਣੀ ਵਿਧਾਨ ਸਭਾ ਹਲਕੇ ਵਿਚ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਡਾ. ਸੁਖਵਿੰਦਰ ਸੁੱਖੀ ਨੇ ਕਿਹਾ ਕਿ ਆਪ ਸਰਕਾਰ ਨੇ ਸਮਾਜ ਦੇ ਹਰ ਵਰਗ ਨਾਲ ਧੋਖਾ ਕੀਤਾ ਹੈ। ਭਾਵੇਂ ਉਹ ਔਰਤਾਂ ਹੋਣ, ਨੌਜਵਾਨ, ਕਮਜ਼ੋਰ ਵਰਗ, ਕਿਸਾਨ, ਸਰਕਾਰੀ ਮੁਲਾਜ਼ਮ ਜਾਂ ਫਿਰ ਵਪਾਰੀ ਜਾਂ ਉਦਯੋਗਪਤੀ, ਹਰੇਕ ਨਾਲ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ ਪਰ ਜ਼ਮੀਨੀ ਪੱਧਰ 'ਤੇ ਕੱਖ ਨਹੀਂ ਕੀਤਾ ਗਿਆ। ਡਾ. ਸੁੱਖੀ ਨੇ ਜ਼ੋਰ ਦੇ ਕੇ ਕਿਹਾ ਕਿ ਆਪ ਸਰਕਾਰ ਨੇ ਤਾਂ ਔਰਤਾਂ ਕੋਲੋਂ ਵੋਟਾਂ ਮੰਗਣ ਦਾ ਹੱਕ ਵੀ ਗੁਆ ਲਿਆ ਹੈ। ਉਹਨਾਂ ਕਿਹਾ ਕਿ ਆਪ ਸਰਕਾ ਨੇ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਅਤੇ ਇਸ ਵਾਅਦੇ ਅਨੁਸਾਰ ਹਰ ਬਾਲਗ ਔਰਤ ਦਾ ਸਾਲ ਦਾ 12 ਹਜ਼ਾਰ ਰੁਪਏ ਬਕਾਇਆ ਬਣਦਾ ਹੈ ਜੋ ਸਰਕਾਰ ਨੂੰ 10 ਮਈ ਤੋਂ ਪਹਿਲਾਂ ਔਰਤਾਂ ਦੇ ਖਾਤਿਆਂ ਵਿਚ ਪਾਉਣਾ ਚਾਹੀਦਾ ਹੈ ਫਿਰ ਹੀ ਇਹ ਵੋਟਾਂ ਮੰਗ ਸਕਦੀ ਹੈ।

# 'ਮਨ ਕੀ ਬਾਤ' ਮੇਰੇ ਲਈ ਅਧਿਆਤਮਕ ਸਫ਼ਰ: ਮੋਦੀ

## ਮਾਸਿਕ ਰੇਡੀਓ ਪ੍ਰੋਗਰਾਮ ਦੀਆਂ 100 ਲੜੀਆਂ ਪੂਰੀਆਂ



ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੀ 100ਵੀਂ ਲੜੀ ਮੌਕੇ ਕਿਹਾ ਕਿ ਸਾਲ 2014 ਵਿੱਚ ਦਿੱਲੀ ਆਉਣ ਮੌਕੇ ਉਨ੍ਹਾਂ ਨੂੰ ਕੁਝ 'ਖਲਾਅ' ਮਹਿਸੂਸ ਹੋ ਰਿਹਾ ਸੀ, ਜਿਸ ਨੂੰ ਇਸ ਪ੍ਰਸਾਰਣ ਨੇ ਭਰਿਆ ਹੈ। ਉਨ੍ਹਾਂ ਇਸ ਪ੍ਰੋਗਰਾਮ ਨੂੰ ਕਰੋੜਾਂ ਭਾਰਤੀਆਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਦੱਸਿਆ, ਜਿਸ ਨੇ ਯਕੀਨੀ ਬਣਾਇਆ ਕਿ ਉਹ ਲੋਕਾਂ ਨਾਲ ਹਮੇਸ਼ਾ ਜੁੜੇ ਰਹਿਣ। ਇਹ ਮੀਲਪੱਥਰ ਪ੍ਰਸਾਰਣ ਸ੍ਰੀ ਮੋਦੀ ਲਈ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਦਾ ਮੌਕਾ ਸੀ। ਉਨ੍ਹਾਂ ਕਿਹਾ ਕਿ ਇਹ ਮਹਿਜ਼ ਸਿਰਫ਼ ਇਕ ਰੇਡੀਓ ਪ੍ਰੋਗਰਾਮ ਨਹੀਂ ਬਲਕਿ ਉਨ੍ਹਾਂ ਲਈ ਵਿਸ਼ਵਾਸ ਤੇ ਅਧਿਆਤਮਕ ਸਫ਼ਰ ਦਾ ਮਸਲਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ, "ਮਨ ਦੀ ਬਾਤ ਇਕ ਤਿਓਹਾਰ ਬਣ ਗਿਆ ਹੈ, ਜੋ ਭਾਰਤ ਤੇ ਇਸ ਦੇ ਲੋਕਾਂ ਦੀ ਸਕਾਰਾਤਮਕਤਾ ਦਾ ਜਸ਼ਨ ਮਨਾਉਂਦਾ ਹੈ।" ਸ੍ਰੀ ਮੋਦੀ ਨੇ ਕਿਹਾ ਕਿ ਇਸ ਰੇਡੀਓ ਪ੍ਰੋਗਰਾਮ ਦੀ 100ਵੀਂ ਕੜੀ ਮੌਕੇ ਉਨ੍ਹਾਂ ਨੂੰ ਸ਼ਰੋਤਾਵਾਂ ਵੱਲੋਂ ਹਜ਼ਾਰਾਂ ਪੱਤਰ ਮਿਲੇ, ਜਿਸ ਨਾਲ ਉਹ ਭਾਵੁਕ ਹੋ ਗਏ ਹਨ। ਸੀਨੀਅਰ ਭਾਜਪਾ ਆਗੂਆਂ, ਜਿਨ੍ਹਾਂ ਵਿੱਚ ਕੇਂਦਰੀ ਮੰਤਰੀ ਵੀ ਸ਼ਾਮਲ ਸਨ, ਨੇ ਵੱਖ ਵੱਖ ਥਾਈਂ ਸ੍ਰੀ ਮੋਦੀ ਦੇ ਸੰਬੋਧਨ ਨੂੰ ਸੁਣਿਆ। ਪ੍ਰੋਗਰਾਮ ਦੀ 100ਵੀਂ ਕਿਸ਼ਤ ਨੂੰ ਵੱਡੀ ਮਸ਼ਕ ਬਣਾਉਣ ਲਈ ਸੱਤਾਧਾਰੀ ਪਾਰਟੀ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਭਾਜਪਾ ਨੇ ਲੰਘੇ ਦਿਨੀਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੇ ਪ੍ਰਸਾਰਣ ਨੂੰ ਸੁਣਨ ਲਈ ਲੋਕਾਂ ਵਾਸਤੇ ਕਰੀਬ ਚਾਰ ਲੱਖ ਥਾਵਾਂ 'ਤੇ ਤਿਆਰੀਆਂ ਕੀਤੀਆਂ ਗਈਆਂ ਹਨ। ਇਸ ਦੌਰਾਨ ਐਤਵਾਰ ਵੱਡੇ ਤੜਕੇ ਨਿਊ ਯਾਰਕ ਸਥਿਤ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰਜ਼ ਵਿੱਚ ਵੀ 'ਮਨ ਕੀ ਬਾਤ' ਦਾ ਸਿੱਧਾ ਪ੍ਰਸਾਰਣ ਕੀਤਾ ਗਿਆ। ਯੂਕੇ, ਚੀਨ, ਦੱਖਣੀ ਅਫਰੀਕਾ, ਚਿਲੀ, ਮੋਰੱਕੋ, ਮੈਕਸਿਕੋ, ਕੌਂਗੋ, ਇਰਾਕ ਤੇ ਇੰਡੋਨੇਸ਼ੀਆ ਸਣੇ ਕੁਝ ਹੋਰਨਾਂ ਮੁਲਕਾਂ ਦੇ ਭਾਰਤੀ ਮਿਸ਼ਨਾਂ 'ਤੇ ਰੇਡੀਓ ਪ੍ਰੋਗਰਾਮ ਦੀ ਲਾਈਵ ਸਟ ?ੀਮਿੰਗ ਲਈ ਪ੍ਰਬੰਧ ਕੀਤੇ ਗਏ। ਸ੍ਰੀ ਮੋਦੀ ਨੇ ਕਿਹਾ ਕਿ ਇਹ ਪ੍ਰੋਗਰਾਮ ਕਰੋੜਾਂ ਭਾਰਤੀਆਂ ਦੀ 'ਮਨ ਕੀ ਬਾਤ' ਦਾ ਪਰਛਾਵਾਂ ਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ 'ਸਵੱਛ ਭਾਰਤ', 'ਖਾਦੀ' ਜਾਂ 'ਆਜ਼ਾਦੀ ਦਾ ਮਹੋਤਸਵ' ਹੋਵੇ...'ਮਨ ਕੀ ਬਾਤ' ਵਿੱਚ ਰੱਖੇ ਮਸਲੇ ਜਨ ਅੰਦੋਲਨ ਬਣੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮਾਸਿਕ ਰੇਡੀਓ ਪ੍ਰੋਗਰਾਮ, ਜੋ ਜ਼ਿਆਦਾਤਰ ਸਿਆਸਤ ਤੋਂ ਪਰ੍ਹੇ ਸੀ, ਹੋਰਨਾਂ ਤੋਂ ਸਬਕ ਸਿੱਖਣ ਦਾ ਅਹਿਮ ਮਾਧਿਅਮ ਬਣਿਆ। ਉਨ੍ਹਾਂ ਕਿਹਾ, "ਇਸ ਪ੍ਰੋਗਰਾਮ ਨੇ ਯਕੀਨੀ ਬਣਾਇਆ ਕਿ ਮੈਂ ਲੋਕਾਂ ਨਾਲ ਜੁੜਿਆ ਰਹਾਂ।" 100ਵੀਂ ਕੜੀ ਦੌਰਾਨ ਸ੍ਰੀ ਮੋਦੀ ਨੇ ਕੁਝ ਲੋਕਾਂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ, ਜੋ ਉਨ੍ਹਾਂ ਦੀਆਂ ਨਿਵੇਕਲੀਆਂ ਪੇਸ਼ਕਦਮੀਆਂ ਲਈ ਪਹਿਲਾਂ ਵੀ ਇਸ ਪ੍ਰੋਗਰਾਮ ਦਾ ਹਿੱਸਾ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਰੇਡੀਓ ਪ੍ਰੋਗਰਾਮ 3 ਅਕਤੂਬਰ 2014 ਨੂੰ ਦਸਹਿਰੇ ਮੌਕੇ ਸ਼ੁਰੂ ਹੋਇਆ ਸੀ ਤੇ ਇਹ ਦੇਸ਼ਵਾਸੀਆਂ ਦੀ ਚੰਗਿਆਈ ਤੇ ਸਕਾਰਾਤਮਕਤਾ ਦਾ ਨਿਵੇਕਲਾ ਤਿਓਹਾਰ ਬਣ ਗਿਆ ਹੈ।

ਸ੍ਰੀ ਮੋਦੀ ਨੇ ਆਪਣੇ ਮੈਂਟਰ ਲਕਸ਼ਮਣਰਾਓ ਇਨਾਮਦਾਰ ਨੂੰ ਵੀ ਯਾਦ ਕੀਤਾ, ਜੋ ਉਨ੍ਹਾਂ ਨੂੰ ਹਮੇਸ਼ਾਂ ਸਲਾਹ ਦਿੰਦੇ ਸਨ ਕਿ ਹੋਰਨਾਂ, ਜਿਨ੍ਹਾਂ ਵਿੱਚ ਰਵਾਇਤੀ ਵਿਰੋਧੀ ਵੀ ਸ਼ਾਮਲ ਹਨ, ਦੇ ਚੰਗੇ ਗੁਣਾਂ ਦੀ ਕਦਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਨੇ ਉਨ੍ਹਾਂ ਨੂੰ ਲੋਕਾਂ ਨਾਲੋਂ ਟੁੱਟਣ ਨਹੀਂ ਦਿੱਤਾ ਤੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਉਹ ਅਕਸਰ ਆਮ ਲੋਕਾਂ ਦੇ ਰੂਬਰੂ ਹੁੰਦੇ ਸਨ। ਉਨ੍ਹਾਂ ਕਿਹਾ, "ਪਰ 2014 ਵਿੱਚ ਦਿੱਲੀ ਆਉਣ 'ਤੇ, ਮੈਨੂੰ ਪਤਾ ਲੱਗਾ ਕਿ ਇਥੇ ਜ਼ਿੰਦਗੀ ਬਹੁਤ ਵੱਖਰੀ ਹੈ। ਕੰਮ ਦਾ ਸੁਭਾਅ ਵੱਖਰਾ ਹੈ, ਜ਼ਿੰਮੇਵਾਰੀ ਵੱਖਰੀ ਤਰ੍ਹਾਂ ਦੀ ਹੈ, ਮੈਂ ਹਾਲਾਤ, ਸੁਰੱਖਿਆ ਨਾਲ ਜੁੜੀ ਸਖ਼ਤੀ ਤੇ ਸਮੇਂ ਸੀਮਾਂ 'ਚ ਬੱਝਾ ਹਾਂ। ਸ਼ੁਰੂਆਤੀ ਦਿਨਾਂ ਵਿੱਚ ਕੁਝ ਵੱਖਰਾ ਮਹਿਸੂਸ ਹੁੰਦਾ ਸੀ, ਇਕ ਖਲਾਅ ਸੀ, ਜਿਸ ਨੂੰ 'ਮਨ ਕੀ ਬਾਤ' ਨੇ ਭਰਿਆ।" ਸ੍ਰੀ ਮੋਦੀ ਨੇ ਕਿਹਾ, 'ਜਿਨ੍ਹਾਂ ਲੋਕਾਂ ਦਾ ਅਸੀਂ 'ਮਨ ਕੀ ਬਾਤ' ਵਿੱਚ ਜ਼ਿਕਰ ਕੀਤਾ, ਉਹ ਸਾਰੇ ਸਾਡੇ ਨਾਇਕ ਹਨ, ਜਿਨ੍ਹਾਂ ਇਸ ਪ੍ਰੋਗਰਾਮ ਵਿੱਚ ਜਾਨ ਪਾ ਦਿੱਤੀ।" ਅੱਜ ਦੇ ਪ੍ਰੋਗਰਾਮ ਦੌਰਾਨ ਯੂਨੈਸਕੋ ਦੀ ਡਾਇਰੈਕਟਰ ਜਨਰਲ ਔਡਰੇ ਅਜ਼ੂਲੇ ਵੱਲੋਂ ਦਿੱਤਾ ਵਿਸ਼ੇਸ਼ ਸੁਨੇਹਾ ਵੀ ਚਲਾਇਆ ਗਿਆ, ਜਿਸ ਵਿੱਚ ਉਨ੍ਹਾਂ ਰੇਡੀਓ ਪ੍ਰੋਗਰਾਮ ਦੀ ਤਾਰੀਫ਼ ਕੀਤੀ।

ਸੀਨੀਅਰ ਭਾਜਪਾ ਆਗੂਆਂ 'ਚੋਂ ਅਮਿਤ ਸ਼ਾਹ ਮੁੰਬਈ, ਰਾਜਨਾਥ ਸਿੰਘ ਦਿੱਲੀ ਜਦੋਂਕਿ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ.ਨੱਢਾ ਕਰਨਾਟਕ ਤੋਂ ਪ੍ਰੋਗਰਾਮ ਨਾਲ ਜੁੜੇ। ਉਧਰ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ, ਜੋ ਤਿੰਨ ਚਾਰ ਮੁਲਕਾਂ ਦੇ ਸਰਕਾਰੀ ਦੌਰੇ ਤੇ ਹਨ, ਨੇ ਨਿਊ ਜਰਸੀ ਵਿੱਚ ਭਾਰਤੀ ਭਾਈਚਾਰੇ ਨਾਲ ਮਿਲ ਕੇ 'ਮਨ ਕੀ ਬਾਤ' ਪ੍ਰੋਗਰਾਮ ਸੁਣਿਆ। ਜੈਸ਼ੰਕਰ ਨੇ ਕਿਹਾ ਕਿ 'ਮਨ ਕੀ ਬਾਤ' ਪਿਛਲੇ ਨੌਂ ਸਾਲਾਂ ਤੋਂ ਬਦਲਦੇ ਭਾਰਤ ਦੀ ਕਹਾਣੀ ਹੈ। ਇਸ ਮੌਕੇ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ, ਨਿਊ ਯਾਰਕ ਵਿੱਚ ਭਾਰਤ ਦੇ ਕੌਂਸੁਲਰ ਜਨਰਲ ਰਣਧੀਰ ਜੈਸਵਾਲ ਮੌਜੂਦ ਸਨ।

# ਕਾਂਗਰਸ ਦਾ 'ਦਹਿਸ਼ਤਗਰਦਾਂ' ਨੂੰ ਖ਼ੁਸ਼ ਕਰਨ ਦਾ ਇਤਿਹਾਸ: ਮੋਦੀ

## ਭਾਜਪਾ ਵੱਲੋਂ ਕਰਨਾਟਕ ਨੂੰ ਨੰਬਰ ਇਕ ਸੂਬਾ ਬਣਾਉਣ ਦੀ ਵਚਨਬੱਧਤਾ ਦੁਹਰਾਈ



ਚਿੱਤਰਦੁਰਗ/ਹੋਸਪੇਟ/ਸਿੰਧਨੂਰ(ਕਰਨਾਟਕ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਾਂਗਰਸ ਦਾ 'ਦਹਿਸ਼ਤ ਤੇ ਦਹਿਸ਼ਤਗਰਦਾਂ ਨੂੰ ਖ਼ੁਸ਼ ਕਰਨ' ਦਾ ਕਥਿਤ ਇਤਿਹਾਸ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਸਰਜੀਕਲ ਤੇ ਹਵਾਈ ਹਮਲਿਆਂ ਉੱਤੇ ਸਵਾਲ ਉਠਾ ਕੇ ਦੇਸ਼ ਦੇ ਸੁਰੱਖਿਆ ਬਲਾਂ ਨੂੰ ਵੀ ਕਟਹਿਰੇ 'ਚ ਖੜ੍ਹਾ ਕੀਤਾ ਸੀ। ਉਨ੍ਹਾਂ ਜੰਗ ਦੇ ਝੰਬੇ ਸੂਡਾਨ ਤੇ ਯੂਕਰੇਨ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਲਈ ਸਰਕਾਰ ਵੱਲੋਂ ਵਿੱਢੇ ਅਪਰੇਸ਼ਨ ਦੌਰਾਨ ਕਾਂਗਰਸ ਤੇ ਜੇਡੀਐੱਸ 'ਤੇ ਕਥਿਤ ਸਿਆਸਤ ਕਰਨ ਦਾ ਵੀ ਦੋਸ਼ ਲਾਇਆ। ਉਨ੍ਹਾਂ 'ਜ਼ਹਿਰੀਲਾ ਸੱਪ' ਤੇ 'ਨਲਾਇਕ' ਟਿੱਪਣੀਆਂ ਲਈ ਖੜਗੇ ਪਿਉ-ਪੁੱਤ ਨੂੰ ਵੀ ਨਿਸ਼ਾਨਾ ਬਣਾਇਆ। ਸ੍ਰੀ ਮੋਦੀ ਕਰਨਾਟਕ ਦੇ ਚਿੱਤਰਦੁਰਗ, ਵਿਜੈਨਗਰ ਤੇ ਸਿੰਧਨੂਰ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਮੋਦੀ ਨੇ ਬਜਰੰਗ ਦਲ 'ਤੇ ਪਾਬੰਦੀ ਲਾਉਣ ਦੇ ਕਾਂਗਰਸ ਦੇ ਚੋਣ ਵਾਅਦੇ ਦੇ ਹਵਾਲੇ ਨਾਲ ਕਿਹਾ ਕਿ ਵਿਰੋਧੀ ਪਾਰਟੀ ਹੁਣ ਹਨੂਮਾਨ ਦੀ ਪੂਜਾ ਕਰਨ ਵਾਲਿਆਂ ਨੂੰ ਸਲਾਖਾਂ ਪਿੱਛੇ ਡੱਕਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਸ੍ਰੀ ਮੋਦੀ ਨੇ ਦਾਅਵਾ ਕੀਤਾ ਕਿ ਕਾਂਗਰਸ ਨੇ ਪਹਿਲਾਂ ਭਗਵਾਨ ਰਾਮ ਨੂੰ ਡੱਕੀ ਰੱਖਿਆ ਤੇ ਹੁਣ ਉਹ 'ਜੈ ਬਜਰੰਗ ਬਲੀ' ਦੇ ਮੰਤਰ ਦਾ ਉਚਾਰਣ ਕਰਨ ਵਾਲਿਆਂ ਨੂੰ ਸਲਾਖਾਂ ਪਿੱਛੇ ਡੱਕਣਾ ਚਾਹੁੰਦੀ ਹੈ। ਉਨ੍ਹਾਂ ਕਰਨਾਟਕ ਨੂੰ ਨੰਬਰ ਇਕ ਸੂਬਾ ਬਣਾਉਣ ਦੀ ਭਾਜਪਾ ਦੀ ਵਚਨਬੱਧਤਾ ਵੀ ਦੁਹਰਾਈ। ਚੇਤੇ ਰਹੇ ਕਿ ਕਾਂਗਰਸ ਨੇ ਕਰਨਾਟਕ ਅਸੈਂਬਲੀ ਚੋਣਾਂ ਲਈ ਅੱਜ ਜਾਰੀ ਕੀਤੇ ਮੈਨੀਫੈਸਟੋ ਵਿੱਚ ਸੱਤਾ ਵਿੱਚ ਆਉਣ 'ਤੇ ਬਜਰੰਗ ਦਲ ਸਣੇ ਹੋਰਨਾਂ ਕੁਝ ਜਥੇਬੰਦੀਆਂ 'ਤੇ ਪਾਬੰਦੀ ਲਾਉਣ ਦਾ ਵਾਅਦਾ ਕੀਤਾ ਹੈ। ਸ੍ਰੀ ਮੋਦੀ ਨੇ ਕਿਹਾ, "ਮੈਂ ਹਨੂਮਾਨ ਦੀ ਧਰਤੀ 'ਤੇ ਆਇਆ ਹਾਂ। ਮੈਂ ਕਿਸਮਤ ਵਾਲਾ ਹਾਂ ਕਿ ਮੈਨੂੰ ਹਨੂਮਾਨ ਦੀ ਧਰਤੀ 'ਤੇ ਮੱਥਾ ਟੇਕਣ ਦਾ ਮੌਕਾ ਮਿਲਿਆ, ਪਰ ਬਦਕਿਸਮਤੀ ਵੇਖੋ ਕਿ ਠੀਕ ਉਸੇ ਵੇਲੇ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਭਗਵਾਨ ਹਨੂਮਾਨ ਨੂੰ ਸਲਾਖਾਂ ਪਿੱਛੇ ਡੱਕਣ ਦਾ ਫੈਸਲਾ ਕੀਤਾ ਹੈ।" ਪ੍ਰਧਾਨ ਮੰਤਰੀ ਨੇ ਕਿਹਾ, "ਪਹਿਲਾਂ ਉਨ੍ਹਾਂ (ਕਾਂਗਰਸ) ਭਗਵਾਨ ਰਾਮ ਨੂੰ ਬੰਦ ਕੀਤਾ ਤੇ ਹੁਣ ਉਹ 'ਜੈ ਬਜਰੰਗ ਬਲੀ' ਦੇ ਮੰਤਰ ਦਾ ਉਚਾਰਨ ਕਰਨ ਵਾਲਿਆਂ ਨੂੰ ਬੰਦ ਕਰਨਾ ਚਾਹੁੰਦੇ ਹਨ। ਦੇਸ਼ ਦੀ ਬਦਕਿਸਮਤੀ ਰਹੀ ਹੈ ਕਿ ਕਾਂਗਰਸ ਨੂੰ ਭਗਵਾਨ ਰਾਮ ਨਾਲ ਸਮੱਸਿਆ ਰਹੀ ਹੈ ਤੇ ਹੁਣ ਇਸ ਨੂੰ 'ਜੈ ਬਜਰੰਗ ਬਲੀ' ਕਹਿਣ ਵਾਲਿਆਂ ਨਾਲ ਦਿੱਕਤ ਹੈ।" ਸ੍ਰੀ ਮੋਦੀ ਨੇ ਹਜੂਮ ਨੂੰ ਕਿਹਾ ਕਿ ਭਾਜਪਾ ਕਰਨਾਟਕ ਨੂੰ ਨੰਬਰ ਇਕ ਸੂਬਾ ਬਣਾਉਣ ਲਈ ਵਚਨਬੱਧ ਹੈ।

# ਭਾਜਪਾ ਸਰਕਾਰ ਨੇ ਚਾਰ ਫ਼ੀਸਦੀ ਮੁਸਲਿਮ ਰਾਖਵਾਂਕਰਨ ਖ਼ਤਮ ਕੀਤਾ: ਸ਼ਾਹ

## ਪਾਰਟੀ ਉਮੀਦਵਾਰ ਦੇ ਹੱਕ 'ਚ ਰੋਡ ਸ਼ੋਅ ਕੱਢਿਆ; ਕਰਨਾਟਕ 'ਚ ਡਬਲ ਇੰਜਣ ਸਰਕਾਰ ਲਿਆਉਣ ਦੀ ਅਪੀਲ ਦੁਹਰਾਈ



ਗੁੱਬੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇੱਥੇ ਭਾਜਪਾ ਉਮੀਦਵਾਰ ਦੇ ਹੱਕ 'ਚ ਰੋਡ ਸ਼ੋਅ ਕੱਢਦਿਆਂ ਲੋਕਾਂ ਤੋਂ 10 ਮਈ ਨੂੰ ਹੋ ਰਹੀਆਂ ਕਰਨਾਟਕ ਵਿਧਾਨ ਚੋਣਾਂ ਲਈ ਸਮਰਥਨ ਮੰਗਿਆ। ਸ਼ਾਹ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਇੱਕ ਗੱਡੀ ਵਿੱਚ ਖੜ੍ਹੇ ਸਨ ਅਤੇ ਸੜਕ ਦੇ ਦੋਵੇਂ ਪਾਸੇ ਅਤੇ ਛੱਤਾਂ 'ਤੇ ਖੜ੍ਹੇ ਲੋਕਾਂ ਨੇ ਕੇਂਦਰੀ ਮੰਤਰੀ 'ਤੇ ਫੁੱਲ ਬਰਸਾਏ। ਇੱਥੇ ਟੁਮਕੁਰੂ ਜ਼ਿਲ੍ਹੇ ਵਿੱਚ ਰੋਡ ਸ਼ੋਅ ਦੀ ਸਮਾਪਤੀ 'ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਭਾਜਪਾ ਉਮੀਦਵਾਰ ਨੂੰ ਬਹੁਮੱਤ ਨਾਲ ਜਿਤਾਉਣ ਦੀ ਅਪੀਲ ਕੀਤੀ ਤਾਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸੂਬੇ ਵਿੱਚ 'ਡਬਲ ਇੰਜਣ ਦੀ ਸਰਕਾਰ' ਸੱਤਾ ਵਿੱਚ ਲਿਆਂਦੀ ਜਾ ਸਕੇ। ਸ਼ਾਹ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਬੀਐੱਸ ਯੇਦੀਯੁਰੱਪਾ ਅਤੇ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਰਨਾਟਕ ਲਈ ਕਾਫ਼ੀ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਮੁਸਲਮਾਨਾਂ ਨੂੰ ਮਿਲਣ ਵਾਲਾ ਚਾਰ ਫ਼ੀਸਦੀ ਰਾਖਵਾਂਕਰਨ ਖ਼ਤਮ ਕੀਤਾ ਅਤੇ ਐੱਸਸੀ/ਐੱਸਟੀ ਵਰਗਾਂ ਲਈ ਕੋਟਾ ਵਧਾ ਦਿੱਤਾ ਹੈ। ਉਨ੍ਹਾਂ ਕਿਹਾ, "ਜੇਕਰ ਕਾਂਗਰਸ ਸੱਤਾ ਵਿੱਚ ਆਵੇਗੀ ਤਾਂ ਉਹ (ਵਧਾਏ ਗਏ) ਇਨ੍ਹਾਂ ਸਾਰੇ ਕੋਟਿਆਂ ਨੂੰ ਵਾਪਸ ਲੈ ਲਵੇਗੀ ਅਤੇ ਇੱਕ ਵਾਰ ਮੁੜ ਤੋਂ ਮੁਸਲਿਮ ਰਾਖਵਾਂਕਰਨ ਲੈ ਆਵੇਗੀ। ਕੀ ਤੁਸੀਂ ਚਾਰ ਫ਼ੀਸਦੀ ਮੁਸਲਿਮ ਰਾਖਵਾਂਕਰਨ ਚਾਹੁੰਦੇ ਹੋ?" ਉਨ੍ਹਾਂ ਕਿਹਾ, "ਜੇਕਰ ਤੁਸੀਂ ਕਰਨਾਟਕ ਵਿੱਚ ਡਬਲ ਇੰਜਣ ਦੀ ਸਰਕਾਰ ਲਿਆਉਂਦੇ ਹੋ ਤਾਂ ਮੋਦੀ ਜੀ ਇਸ ਵਾਰ ਮੁੜ 2024 ਵਿੱਚ ਪ੍ਰਧਾਨ ਮੰਤਰੀ ਬਣਨਗੇ।"

# ਸਿਮਰਜੀਤ ਬੈਂਸ ਵੱਲੋਂ ਭਾਜਪਾ ਉਮੀਦਵਾਰ ਦੀ ਹਮਾਇਤ



ਜਲੰਧਰ : ਜਲੰਧਰ ਜ਼ਿਮਨੀ ਚੋਣ 'ਚ ਭਾਜਪਾ ਉਮੀਦਵਾਰ ਨੂੰ ਉਦੋਂ ਹੁਲਾਰਾ ਮਿਲਿਆ ਜਦੋਂ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਭਾਜਪਾ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਅੱਜ ਇੱਥੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਦੀ ਹਾਜ਼ਰੀ ਵਿੱਚ ਉਨ੍ਹਾਂ ਨੇ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਸਿਮਰਜੀਤ ਸਿੰਘ ਬੈਂਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਿਫ਼ਤਾਂ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਹੁੰਚ ਪੰਜਾਬ ਤੇ ਸਿੱਖ ਪੱਖੀ ਹੈ। ਬੈਂਸ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਕੇਂਦਰ ਵਿੱਚ 2024 ਵਿਚ ਮੁੜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਸਰਕਾਰ ਬਣੇ ਤੇ ਪੰਜਾਬ ਵਿੱਚ 2027 ਵਿੱਚ ਭਾਜਪਾ ਦੀ ਸਰਕਾਰ ਬਣੇ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿੱਚ ਦੇਸ਼ ਦਾ ਨਾਂ ਉੱਚਾ ਕਰਨ ਵਿੱਚ ਨਰਿੰਦਰ ਮੋਦੀ ਦੀ ਮੋਹਰੀ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰਾਂ ਸਮੇਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਰਿਹਾ ਹੈ। ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਨੇ 2012 'ਚ ਪੰਜਾਬ ਵਿਧਾਨ ਸਭਾ ਦੀ ਚੋਣ ਆਜ਼ਾਦ ਉਮੀਦਵਾਰ ਵਜੋਂ ਲੜੀ ਅਤੇ ਦੋਵੇਂ ਭਰਾ ਵੱਡੇ ਫ਼ਰਕ ਨਾਲ ਜਿੱਤੇ ਸਨ। ਸਿਮਰਜੀਤ ਸਿੰਘ ਬੈਂਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਇਨਸਾਫ਼ ਪਾਰਟੀ ਬਣਾਈ ਤੇ 'ਆਪ' ਨਾਲ ਵੀ ਗੱਠਜੋੜ ਕੀਤਾ, ਪਰ ਉਹ ਸਿਰਫ਼ ਦੋ ਸੀਟਾਂ ਹੀ ਬਚਾ ਸਕੇ। ਇਸ ਵਾਰ 2022 ਦੀਆਂ ਚੋਣਾਂ ਇਕੱਲਿਆਂ ਲੜੀਆਂ, ਪਰ ਝਾੜੂ ਅੱਗੇ ਉਹ ਟਿਕ ਨਾ ਸਕੇ। ਇਸ ਮੌਕੇ ਭਾਜਪਾ ਆਗੂ ਵਿਜੈ ਰੁਪਾਨੀ, ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਸਿਮਰਜੀਤ ਸਿੰਘ ਬੈਂਸ ਦੇ ਸਮਰਥਨ ਨਾਲ ਭਾਜਪਾ ਮਜ਼ਬੂਤ ਹੋਈ ਹੈ।



# ਪੰਜਾਬ 'ਚੋਂ ਨੌਜਵਾਨ ਵਰਗ ਦੇ ਧੜੱਲੇ ਨਾਲ ਵਿਦੇਸ਼ ਜਾਣ ਦਾ ਰੁਝਾਨ ਚਿੰਤਾਜਨਕ

*ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਦੇ ਉਜਵਲ ਭਵਿੱਖ ਲਈ ਹੀ ਉਨ੍ਹਾਂ ਨੂੰ ਵਿਦੇਸ਼ ਭੇਜ ਰਹੇ ਹਨ। ਉੱਥੇ ਉਹ ਛੋਟੀ ਉਮਰ ਵਿਚ ਹੀ ਆਪਣੇ ਸਾਰਿਆਂ ਸਕੇ-ਸਬੰਧੀਆਂ ਤੋਂ ਦੂਰ ਜ਼ਿੰਦਗੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਚੁੱਕਣ ਲੱਗ ਜਾਂਦੇ ਹਨ ਤੇ ਕਈ ਇਨ੍ਹਾਂ ਜ਼ਿੰਮੇਵਾਰੀਆਂ ਦਾ ਬੋਝ ਮਹਿਸੂਸ ਕਰਦੇ ਕੁਰਾਹੇ ਪੈ ਜਾਂਦੇ ਹਨ। ਪਰ ਮਾਪਿਆਂ ਦੇ ਇਸ ਰੁਝਾਨ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਦੇਸ਼ ਦੇ ਢਾਂਚੇ ਵਿਚ ਲੋਹੜੇ ਦਾ ਨਿਘਾਰ ਆਇਆ ਹੈ।*

**-ਸਿਮਰਜੀਤ ਸਿੰਮੀ**

ਬੱਚਾ ਸੰਸਾਰ ਵਿਚ ਆਉਣ ਤੋਂ ਪਹਿਲਾਂ ਹੀ ਆਪਣੇ ਮਾਪਿਆਂ ਨਾਲ ਜੁੜ ਜਾਂਦਾ ਹੈ। ਮਾਪੇ ਉਸ ਬਾਰੇ ਸੋਚਣ ਲੱਗ ਜਾਂਦੇ ਹਨ। ਉਹ ਭਾਵਨਾਤਮਕ ਤੌਰ 'ਤੇ ਉਸ ਨਾਲ ਜੁੜ ਜਾਂਦੇ ਹਨ। ਉਹ ਸੋਚਦੇ ਹਨ ਕਿ ਆਪਾਂ ਇਸ ਦਾ ਕੀ ਨਾਂ ਰੱਖਣਾ ਹੈ? ਉਹ ਬੱਚੇ ਦੇ ਜਨਮ ਉਪਰੰਤ ਉਸ ਦੀਆਂ ਸਭ ਦੁੱਖ-ਬਲਾਵਾਂ ਆਪਣੇ ਉੱਪਰ ਲੈਣ ਨੂੰ ਤਿਆਰ ਹੋ ਜਾਂਦੇ ਹਨ। ਉਨ੍ਹਾਂ ਲਈ ਆਪਣਾ ਬੱਚਾ ਹੀ ਸਾਰਾ ਸੰਸਾਰ ਬਣ ਜਾਂਦਾ ਹੈ। ਉਸ ਦੇ ਪਾਲਣ-ਪੋਸ਼ਣ ਵਾਸਤੇ ਮਾਪਿਆਂ ਨੇ ਆਪਣੀਆਂ ਨੀਂਦਾਂ ਅਤੇ ਅਨੇਕਾਂ ਸ਼ੌਕ ਕੁਰਬਾਨ ਕੀਤੇ ਹੁੰਦੇ ਹਨ। ਇਨ੍ਹਾਂ ਨੂੰ ਕੁਰਬਾਨ ਕਰਦਿਆਂ ਕਦੇ ਵੀ ਉਨ੍ਹਾਂ ਨੂੰ ਦੁੱਖ ਮਹਿਸੂਸ ਨਹੀਂ ਹੁੰਦਾ ਸਗੋਂ ਉਹ ਅੰਦਰੋਂ ਬਹੁਤ ਖ਼ੁਸ਼ ਹੁੰਦੇ ਹਨ। ਆਪਣੇ ਬੱਚੇ ਨੂੰ ਦਿਨ-ਬ-ਦਿਨ ਜਵਾਨ ਹੁੰਦਾ ਵੇਖ ਕੇ ਮਾਪੇ ਦੂਣ-ਸੁਆਏ ਹੁੰਦੇ ਹਨ। ਇਹ ਸਭ ਤੋਂ ਅਨਮੋਲ ਤੇ ਨਿਰਸਵਾਰਥ ਰਿਸ਼ਤਾ ਹੁੰਦਾ ਹੈ। ਮਾਪਿਆਂ ਨੂੰ ਇਹ ਦੱਸਣ ਦੀ ਜ਼ਰੂਰਤ ਨਹੀਂ ਹੁੰਦੀ ਹੈ ਕਿ ਉਹ ਆਪਣੇ ਜਾਇਆਂ ਨੂੰ ਕਿੰਨਾ ਪਿਆਰ ਕਰਦੇ ਹਨ। ਅਜੇ ਤਕ ਅਜਿਹਾ ਕੋਈ ਤਰਾਜ਼ੂ ਨਹੀਂ ਬਣਿਆ ਹੈ ਜਿਹੜਾ ਉਨ੍ਹਾਂ ਦੇ ਨਿਰਛਲ ਪਿਆਰ ਨੂੰ ਤੋਲ ਸਕੇ। ਉਹੀ ਮਾਵਾਂ ਜਿਹੜੀਆਂ ਆਪਣੇ ਬੱਚਿਆਂ ਨੂੰ ਸੁੱਤੇ ਪਿਆਂ ਨੂੰ ਵੀ ਵਾਰ-ਵਾਰ ਵੇਖਦੀਆਂ ਹਨ, ਉਨ੍ਹਾਂ ਲਈ ਆਪਣੇ ਘਰਾਂ ਦੀਆਂ ਰੌਣਕਾਂ ਨੂੰ ਐਨੀ ਦੂਰ ਸੱਤ ਸਮੁੰਦਰ ਪਾਰ ਸਥਿਤ ਦੇਸ਼ਾਂ ਵਿਚ ਭੇਜਣਾ ਕਿੰਨਾ ਔਖਾ ਹੁੰਦਾ ਹੋਵੇਗਾ, ਇਸ ਬਾਰੇ ਬਿਆਨ ਕਰਨਾ ਵੀ ਮੁਸ਼ਕਲ ਹੈ।

ਕਿਹੋ ਜਿਹਾ ਰੁਝਾਨ ਚੱਲ ਪਿਆ ਜਾਂ ਮਜਬੂਰੀ ਬਣ ਗਈ ਕਿ ਹਰ ਪਰਿਵਾਰ ਦੇ ਬੱਚੇ ਦੀ ਸਰਵਉੱਚ ਡਿਗਰੀ ਹੀ ਆਈਲੈਟਸ ਹੋ ਗਈ ਹੈ। ਹਰੇਕ ਆਪਣੀ ਕਲਾਸ ਦਾ ਟਾਪਰ ਵਿਦਿਆਰਥੀ ਵੀ ਏਹੀ ਧਾਰਨਾ ਬਣਾ ਕੇ ਬੈਠਾ ਹੈ ਕਿ ਉਹ +2 ਤੋਂ ਬਾਅਦ ਵਿਦੇਸ਼ ਚਲਾ ਜਾਵੇਗਾ। ਪਰ ਪਰਿਵਾਰ ਲਈ ਇਹ ਖ਼ੁਸ਼ੀ ਨਾਲੋਂ ਤ੍ਰਾਸਦੀ ਜ਼ਿਆਦਾ ਬਣ ਗਈ ਹੈ। ਘਰਾਂ ਵਿੱਚੋਂ ਬੱਚਿਆਂ ਦਾ ਜਾਣਾ ਮਾਪਿਆਂ ਨੂੰ ਜਿਹੜੀ ਅੰਦਰੂਨੀ ਖੋਹ ਪਾਉਂਦਾ ਹੈ, ਉਸ ਬਾਰੇ ਸਿਰਫ਼ ਉਹੀ ਜਾਣਦੇ ਹਨ। ਸੱਚਾਈ ਇਹ ਹੈ ਕਿ ਉਹ ਆਪਣੀ ਹਿੱਕ 'ਤੇ ਪੱਥਰ ਰੱਖ ਕੇ ਆਪਣੇ ਜਿਗਰ ਦੇ ਟੋਟਿਆਂ ਨੂੰ ਸੱਤ ਸਮੁੰਦਰ ਪਾਰ ਸਤਰੰਗੀਆਂ ਪੀਂਘਾਂ ਝੂਟਣ ਭੇਜਦੇ ਹਨ। ਸਭ ਮਾਪੇ ਆਪਣੇ ਬੱਚਿਆਂ ਨੂੰ ਕਾਮਯਾਬ ਹੋਇਆ ਵੇਖਣਾ ਚਾਹੁੰਦੇ ਹਨ ਪਰ ਨਾਲ ਉਹ ਉਨ੍ਹਾਂ ਦੀ ਕਾਮਯਾਬੀ ਨੂੰ ਮਾਣਨਾ ਵੀ ਚਾਹੁੰਦੇ ਹਨ। ਕੀ ਅਸੀਂ ਉਨ੍ਹਾਂ ਦੀਆਂ ਵਿਦੇਸ਼ਾਂ 'ਚ ਕੀਤੀਆਂ ਤਰੱਕੀਆਂ ਨੂੰ ਮਾਣ ਸਕਦੇ ਹਾਂ? ਸਾਡੇ ਦੇਸ਼ ਖ਼ਾਸ ਤੌਰ 'ਤੇ ਪੰਜਾਬ ਦਾ ਨੌਜਵਾਨ ਵਰਗ ਇੱਥੇ ਬੇਰੁਜ਼ਗਾਰੀ ਨੂੰ ਵੇਖਦਿਆਂ ਵੱਡੇ ਪੱਧਰ 'ਤੇ ਵਿਦੇਸ਼ਾਂ ਵੱਲ ਕੂਚ ਕਰਨ ਕਾਰਨ ਘਰਾਂ ਵਿਚ ਉਦਾਸ ਮਾਪਿਆਂ ਦਾ ਦਿਲ ਲੱਗਣਾ ਹੀ ਮੁਸ਼ਕਲ ਹੋ ਜਾਂਦਾ ਹੈ। ਸਾਰਾ ਦਿਨ ਉਨ੍ਹਾਂ ਦੇ ਕੰਨ ਫੋਨਾਂ ਵੱਲ ਲੱਗੇ ਰਹਿੰਦੇ ਹਨ। ਪਰ ਫੋਨਾਂ 'ਤੇ ਗੱਲਾਂ ਕਰ ਲੈਣਾ ਜਾਂ ਵੀਡੀਓ ਕਾਲ ਕਰ ਲੈਣਾ ਗਲਵਕੜੀ ਵਰਗਾ ਅਹਿਸਾਸ ਕਦੇ ਨਹੀਂ ਦੇ ਸਕਦਾ। ਜਿਨ੍ਹਾਂ ਬੱਚਿਆਂ ਦੇ ਚਿਹਰੇ ਵੇਖ ਕੇ ਮਾਂ-ਪਿਉ ਨੂੰ ਦਿਲੋਂ ਖ਼ੁਸ਼ੀ ਹੁੰਦੀ ਹੈ, ਉਨ੍ਹਾਂ ਦੇ ਵਿਦੇਸ਼ ਚਲੇ ਜਾਣ ਕਾਰਨ ਮਾਪੇ ਉਨ੍ਹਾਂ ਨੂੰ ਮਸਾਂ ਹੀ ਮਿਲ ਸਕਦੇ ਹਨ। ਜਾਂ ਜਿਹੜੇ ਮਾਪੇ ਆਪਣੇ ਮਾਨਸਿਕ ਸੰਤੁਲਨ ਨੂੰ ਠੀਕ ਕਰਨ ਲਈ ਆਪਣੇ ਰੁਜ਼ਗਾਰ ਨੂੰ ਛੱਡ ਕੇ ਬਾਹਰ ਉਨ੍ਹਾਂ ਕੋਲ ਚਲੇ ਜਾਂਦੇ ਹਨ ਜਿਹੜਾ ਕਿ ਕਈ ਵਾਰ ਵਧੀਆ ਫ਼ੈਸਲਾ ਨਹੀਂ ਹੁੰਦਾ, ਉਨ੍ਹਾਂ ਦਾ ਓਥੇ ਵੀ ਦਿਲ ਨਹੀਂ ਲੱਗਦਾ ਕਿਉਂਕਿ ਬੱਚੇ ਤਾਂ ਵਿਦੇਸ਼ ਦੇ ਮਾਹੌਲ 'ਚ ਬਹੁਤ ਜਲਦੀ ਢਲ ਜਾਂਦੇ ਹਨ ਪਰ ਵੱਡਿਆਂ ਨੂੰ ਅਨੁਕੂਲ ਹੋਣਾ ਔਖਾ ਹੁੰਦਾ ਹੈ। ਅੰਨ੍ਹੇਵਾਹ ਵਿਦੇਸ਼ ਜਾਣ ਦਾ ਰੁਝਾਨ ਸਮਝ ਤੋਂ ਬਾਹਰ ਹੈ। ਇਹ ਕਿਹੋ ਜਿਹਾ ਸਮੇਂ ਦਾ ਚੱਕਰ ਹੈ?

ਆਪਣੇ ਆਂਢ-ਗੁਆਂਢ ਵੱਲ ਝਾਤੀ ਮਾਰੀਏ ਤਾਂ ਤਾਲੇ ਲੱਗੇ ਘਰ ਹੀ ਦਿਸਦੇ ਹਨ। ਇਸ ਵਰਤਾਰੇ ਨੇ ਸਾਡੀ ਭਾਈਚਾਰਕ ਸਾਂਝ ਨੂੰ ਵੀ ਕਾਫ਼ੀ ਕਮਜ਼ੋਰ ਕੀਤਾ ਹੈ। ਕਿਸੇ ਵੀ ਪਰਿਵਾਰ ਦੇ ਬੱਚੇ ਦਾ ਕੈਨੇਡਾ, ਅਮਰੀਕਾ, ਆਸਟਰੇਲੀਆ ਜਾਂ ਕਿਸੇ ਹੋਰ ਦੇਸ਼ 'ਚ ਚਲੇ ਜਾਣਾ ਬਹੁਤ ਵੱਡੀ ਪ੍ਰਾਪਤੀ ਨਹੀਂ ਹੈ। ਕਈ ਵਾਰ ਬੱਚੇ ਬਾਹਰ ਜਾ ਕੇ ਮਾਪਿਆਂ ਤੋਂ ਬਹੁਤ ਕੁਝ ਛੁਪਾਉਣ ਲੱਗ ਜਾਂਦੇ ਹਨ। ਭਾਵਨਾਤਮਕ ਤੌਰ 'ਤੇ ਜੁੜੇ ਮਾਪੇ ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਕਰਜ਼ੇ ਚੁੱਕ ਕੇ ਹੋਰ ਪੈਸੇ ਵੀ ਬਾਹਰ ਭੇਜਦੇ ਹਨ। ਉਮਰ ਦੇ ਅੱਲੜ ਦੌਰ ਹੋਣ ਕਰਕੇ ਉਹ ਜ਼ਿੰਦਗੀ ਦੇ ਤਜਰਬਿਆਂ ਤੋਂ ਪੂਰੀ ਤਰ੍ਹਾਂ ਵਿਹੂਣੇ ਹੁੰਦੇ ਹਨ। ਇਸ ਦਾ ਨੁਕਸਾਨ ਦੋਵੇਂ ਧਿਰਾਂ ਨੂੰ ਹੁੰਦਾ ਹੈ। ਕਈ ਸਮਝਦਾਰ ਬੱਚੇ ਜੇਕਰ ਉੱਧਰ ਕਿਸੇ ਪਰੇਸ਼ਾਨੀ ਵਿਚ ਫਸ ਵੀ ਜਾਂਦੇ ਹਨ ਤਾਂ ਉਹ ਆਪਣੇ ਮਾਪਿਆਂ ਨੂੰ ਇਹ ਸੋਚ ਕੇ ਦੱਸਦੇ ਨਹੀਂ ਕਿ ਹਜ਼ਾਰਾਂ ਮੀਲਾਂ ਦੂਰ ਬੈਠੇ ਉਹ ਕੀ ਕਰ ਸਕਦੇ ਹਨ। ਮਾਪੇ ਵੀ ਬੱਚਿਆਂ ਨੂੰ ਕੁਝ ਨਹੀਂ ਦੱਸਦੇ। ਦੁੱਖਾਂ-ਸੁੱਖਾਂ ਦੀ ਸਾਂਝ ਖ਼ਤਮ ਹੋ ਕੇ 'ਗੱਲ ਸਭ ਠੀਕ-ਠਾਕ ਹੈ' ਤਕ ਸੀਮਤ ਰਹਿ ਜਾਂਦੀ ਹੈ। ਮੈਨੂੰ ਦੋ ਦੋਸਤਾਂ ਦੀ ਗੱਲ ਬੜੀ ਯਾਦ ਆਉਂਦੀ ਹੈ। ਸੁਰਜੀਤ ਅਤੇ ਕਰਤਾਰ ਦੋਵੇਂ ਬਚਪਨ ਤੋਂ ਹੀ ਦੋਸਤ ਸਨ। ਇਕੱਠੇ ਖੇਡੇ, ਇਕੱਠੇ ਪੜ੍ਹੇ। ਵਿਆਹ ਉਪਰੰਤ ਵੀ ਇੱਕੋ ਸ਼ਹਿਰ ਵਿਚ ਰਹੇ। ਉਨ੍ਹਾਂ ਦੀ ਮਿੱਤਰਤਾ ਉਵੇਂ ਹੀ ਰਹੀ। ਵਿਆਹ ਤੋਂ ਕੁਝ ਸਮੇਂ ਬਾਅਦ ਕਰਤਾਰ ਦੇ ਘਰ ਪੁੱਤਰ ਹੋਇਆ। ਸਭ ਨੇ ਬਹੁਤ ਵਧਾਈਆਂ ਦਿੱਤੀਆਂ ਪਰ ਸੁਰਜੀਤ ਨੇ ਨਹੀਂ। ਫਿਰ ਕਰਤਾਰ ਦਾ ਪੁੱਤਰ ਉੱਚ ਸਿੱਖਿਆ ਪ੍ਰਾਪਤ ਕਰ ਗਿਆ। ਤਾਂ ਵੀ ਸੁਰਜੀਤ ਨੇ ਕੁਝ ਨਹੀਂ ਕਿਹਾ। ਕਰਤਾਰ ਅੰਦਰੋ-ਅੰਦਰੀ ਇਸ ਗੱਲ ਨੂੰ ਲੈ ਕੇ ਪਰੇਸ਼ਾਨ ਸੀ ਕਿ ਅਜਿਹਾ ਕਿਉਂ? ਪਰ ਜਿਸ ਦਿਨ ਕਰਤਾਰ ਦੇ ਮੁੰਡੇ ਨੂੰ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੀ ਨੌਕਰੀ ਮਿਲੀ ਤਾਂ ਸੁਰਜੀਤ ਖ਼ੁਦ ਮਠਿਆਈ ਦਾ ਡੱਬਾ ਲੈ ਕੇ ਉਨ੍ਹਾਂ ਦੇ ਘਰ ਗਿਆ ਅਤੇ ਉੱਚੀ ਆਵਾਜ਼ ਵਿਚ ਕਰਤਾਰ ਨੂੰ ਆਵਾਜ਼ ਮਾਰੀ ਤੇ ਕਹਿਣ ਲੱਗਾ, "ਕਰਤਾਰ ਸਿਆਂ, ਅੱਜ ਤੂੰ ਵਧਾਈ ਦਾ ਹੱਕਦਾਰ ਹੋਇਆਂ।


ਅੱਜ ਤੂੰ ਇਕ ਕਾਮਯਾਬ ਬੱਚੇ ਦਾ ਪਿਤਾ ਬਣ ਗਿਆ ਏਂ। ਮੈਨੂੰ ਇਸ ਗੱਲ ਦੀ ਬੇਇੰਤਹਾ ਖ਼ੁਸ਼ੀ ਹੈ। ਕਿਉਂਕਿ ਮਾਪੇ ਬਣਨਾ ਕੋਈ ਵੱਡੀ ਗੱਲ ਨਹੀਂ ਪਰ ਸਮਾਜ ਵਿਚ ਔਲਾਦ ਨੂੰ ਚੰਗੇ ਸੰਸਕਾਰਾਂ ਦਾ ਧਾਰਨੀ ਬਣਾਉਣਾ ਅਤੇ ਚੰਗੀ ਜ਼ਿੰਦਗੀ ਜਿਊਣ ਲਈ ਯੋਗ ਵਸੀਲੇ ਮੁਹੱਈਆ ਕਰਵਾ ਦੇਣੇ ਵੱਡੀ ਗੱਲ ਹੈ।" ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਦੇ ਉਜਵਲ ਭਵਿੱਖ ਲਈ ਹੀ ਉਨ੍ਹਾਂ ਨੂੰ ਵਿਦੇਸ਼ ਭੇਜ ਰਹੇ ਹਨ। ਉੱਥੇ ਉਹ ਛੋਟੀ ਉਮਰ ਵਿਚ ਹੀ ਆਪਣੇ ਸਾਰਿਆਂ ਸਕੇ-ਸਬੰਧੀਆਂ ਤੋਂ ਦੂਰ ਜ਼ਿੰਦਗੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਚੁੱਕਣ ਲੱਗ ਜਾਂਦੇ ਹਨ ਤੇ ਕਈ ਇਨ੍ਹਾਂ ਜ਼ਿੰਮੇਵਾਰੀਆਂ ਦਾ ਬੋਝ ਮਹਿਸੂਸ ਕਰਦੇ ਕੁਰਾਹੇ ਪੈ ਜਾਂਦੇ ਹਨ। ਪਰ ਮਾਪਿਆਂ ਦੇ ਇਸ ਰੁਝਾਨ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਦੇਸ਼ ਦੇ ਢਾਂਚੇ ਵਿਚ ਲੋਹੜੇ ਦਾ ਨਿਘਾਰ ਆਇਆ ਹੈ। ਇੱਥੇ ਬੇਰੁਜ਼ਗਾਰੀ, ਗ਼ਰੀਬੀ, ਅਨਪੜ੍ਹਤਾ, ਭ੍ਰਿਸ਼ਟਾਚਾਰ ਤੇ ਟੰਗ-ਖਿਚਾਈ ਨੇ ਲੋਕਾਂ ਦਾ ਸਭ ਤੋਂ ਉੱਤਮ ਤੇ ਉਪਜਾਊ ਧਰਤੀ ਤੋਂ ਮੋਹ ਪੂਰੀ ਤਰ੍ਹਾਂ ਭੰਗ ਕਰ ਦਿੱਤਾ ਹੈ। ਸਰਕਾਰ ਲਈ ਇਹ ਸੋਚਣ ਦਾ ਵਿਸ਼ਾ ਹੈ ਕਿ ਇਕ-ਇਕ ਬੱਚੇ ਮਗਰ ਲੱਖਾਂ ਰੁਪਏ ਬਾਹਰ ਜਾ ਰਹੇ ਹਨ ਜਿਸ ਕਾਰਨ ਸਾਡੀ ਅਰਥ-ਵਿਵਸਥਾ ਡਾਵਾਂਡੋਲ ਹੋ ਰਹੀ ਹੈ। ਪਰਵਾਸ ਰੋਕਣ ਲਈ ਸਰਕਾਰਾਂ ਨੂੰ ਹੀਲੇ-ਵਸੀਲੇ ਪਹਿਲ ਦੇ ਆਧਾਰ 'ਤੇ ਕਰਨੇ ਚਾਹੀਦੇ ਹਨ।

# ਭੂੰਡੀ ਤਾਂ ਤਿਤਲੀ ਨਿਕਲਿਆ

**ਸੁਖਵਿੰਦਰ ਕਾਕਾ ਮਾਨ**

ਬਦਲੀ ਹੋਣ ਤੋਂ ਬਾਅਦ ਨਵੇਂ ਸਕੂਲ ਵਿੱਚ ਹਾਜ਼ਰ ਹੋਣ ਦੀ ਪ੍ਰਕਿਰਿਆ ਚੱਲ ਹੀ ਰਹੀ ਸੀ ਕਿ ਇੱਕ ਵਿਦਿਆਰਥੀ ਮੇਰੇ ਕੋਲ ਆ ਕੇ ਕਹਿਣ ਲੱਗਾ, "ਸਰ! ਤੁਹਾਨੂੰ ਸਾਡੇ ਸਰ ਬੁਲਾ ਰਹੇ ਹਨ, ਆ ਕੇ ਸਾਡੇ ਪਲੇਅ ਦੀ ਰਿਹਰਸਲ ਵੇਖਿਓ।" ਮੈਨੂੰ ਇਸ ਗੱਲ ਨੇ ਬਾਗੋਬਾਗ ਕਰ ਦਿੱਤਾ ਕਿਉਂ ਜੋ ਮੇਰੀ ਕਲਾ ਪ੍ਰਤੀ ਰੁਚੀਆਂ ਦੀ ਖ਼ਬਰ ਮੈਥੋਂ ਪਹਿਲਾਂ ਹੀ ਇੱਥੇ ਪਹੁੰਚ ਚੁੱਕੀ ਸੀ। ਮੈਂ ਕਾਹਲੀ ਨਾਲ ਜੁਆਇਨ ਕੀਤਾ ਅਤੇ ਬਾਲ ਕਲਾਕਾਰਾਂ ਦੀ ਤਿਆਰੀ ਵੇਖਣ ਲਈ ਪਹੁੰਚ ਗਿਆ। ਇਨ੍ਹਾਂ ਕਲਾਕਾਰਾਂ ਨੇ ਦੂਸਰੇ ਦਿਨ ਹੀ ਆਪਣੀ ਕਲਾ ਦਾ ਮੁਜ਼ਾਹਰਾ ਕਰਨਾ ਸੀ। ਇਹ ਟੀਮ ਬਿਨਾਂ ਕੋਈ ਪੁਜੀਸ਼ਨ ਜਿੱਤੇ ਵਾਪਸ ਆ ਗਈ ਸੀ। ਇਸ ਨਾਟਕ ਦੇ ਪਾਤਰ ਪ੍ਰਤਿਭਾ ਪੱਖੋਂ ਊਣੇ ਨਹੀਂ ਸਨ, ਸੋ ਮੈਨੂੰ ਇਹ ਹਾਰ ਹਜ਼ਮ ਨਹੀਂ ਹੋ ਰਹੀ ਸੀ। ਮੈਂ ਮੁਕਾਬਲੇ ਦੇ ਪ੍ਰਬੰਧਕਾਂ ਤੱਕ ਪਹੁੰਚ ਕੀਤੀ ਤਾਂ ਪਤਾ ਚੱਲਿਆ ਕਿ ਵਿਦਿਆਰਥੀਆਂ ਨੇ ਪੇਸ਼ਕਾਰੀ ਦੌਰਾਨ ਕਈ ਵਾਰ ਦਰਸ਼ਕਾਂ ਵੱਲ ਪਿੱਠ ਕਰਨ ਦੀ ਗ਼ਲਤੀ ਕੀਤੀ ਸੀ। ਇਨ੍ਹਾਂ ਵਿਦਿਆਰਥੀਆਂ ਦੇ ਅਗਲੇ ਦੌਰ ਦੀ ਅਗਵਾਈ ਮੈਨੂੰ ਮਿਲੀ।

ਅਗਲੇ ਸਾਲ ਇਸੇ ਮੁਕਾਬਲੇ ਦਾ ਦਿਨ ਨੇੜੇ ਆ ਰਿਹਾ ਸੀ। ਸਾਡੇ ਪਲੇਅ ਵਿੱਚ ਇੱਕ ਦ੍ਰਿਸ਼ ਸੀ ਕਿ ਬੱਚੇ ਅਧਿਆਪਕ ਦੇ ਜਮਾਤ ਵਿੱਚ ਪਹੁੰਚਣ 'ਤੇ ਅਧਿਆਪਕ ਦੀ ਕੁਰਸੀ ਲਿਆ ਕੇ ਰੱਖਦੇ ਹਨ। ਰਿਹਰਸਲ ਦੌਰਾਨ ਦਰਸ਼ਕਾਂ ਵੱਲ ਪਿੱਠ ਕਰਕੇ ਕੁਰਸੀ ਰੱਖਣ ਦੀ ਗ਼ਲਤੀ ਕਈ ਵਾਰ ਦੁਹਰਾਈ ਗਈ ਜੋ ਕਿ ਇਸ ਤਰ੍ਹਾਂ ਰੱਖਣੀ ਸੀ ਜਿੱਥੋਂ ਦਰਸ਼ਕਾਂ ਨੂੰ ਅਧਿਆਪਕਾ ਅਤੇ ਬੱਚਿਆਂ ਦੇ ਮੁੱਖ ਸਾਫ ਨਜ਼ਰ ਆਉਣ। ਮੈਂ ਸਾਰਾ ਜ਼ੋਰ ਇਸ ਗ਼ਲਤੀ ਨੂੰ ਸੁਧਾਰਨ 'ਤੇ ਲਾਇਆ। ਬੱਚਿਆਂ ਨੂੰ ਇਹ ਵੀ ਸਮਝਾਇਆ ਕਿ ਭੁੱਲ ਜਾਣ ਦੀ ਸਥਿਤੀ ਵਿੱਚ ਉੱਕਣ ਜਾਂ ਰੁਕਣ ਦੀ ਥਾਂ ਮੌਕਾ-ਮੇਲ ਅਨੁਸਾਰ ਡਾਇਲਾਗ ਮਾਰ ਦੇਣਾ ਚਾਹੀਦਾ ਹੈ। ਉਸ ਦਿਨ ਦੋ ਮੁਕਾਬਲੇ ਸਨ। ਅਸੀਂ ਪਹਿਲਾਂ ਮਾਨਸਾ ਵਿਖੇ ਇੱਕ ਮੁਕਾਬਲੇ ਵਿੱਚ ਭਾਗ ਲਿਆ। ਖਿਆਲਾ ਕਲਾਂ ਤੋਂ ਵਾਰ-ਵਾਰ ਫੋਨ ਆ ਰਹੇ ਸਨ ਕਿ ਸਾਡੀ ਪੇਸ਼ਕਾਰੀ ਹੀ ਬਾਕੀ ਹੈ। ਜਲਦੀ ਆਉਣ ਦੀ ਤਾਕੀਦ ਕੀਤੀ ਜਾ ਰਹੀ ਸੀ। ਹਫੜਾ-ਦਫੜੀ ਵਿੱਚ ਗੱਡੀ ਭਜਾਈ। ਜਾਂਦਿਆਂ ਹੀ ਪੇਸ਼ਕਾਰੀ ਦਾ ਸੱਦਾ ਵੀ ਮਿਲ ਗਿਆ। ਨਾਟਕ ਸ਼ੁਰੂ ਹੁੰਦਿਆਂ ਹੀ ਹਫ਼ੇ ਹੋਏ ਬੱਚਿਆਂ ਨੇ ਕੁਰਸੀ ਦਰਸ਼ਕਾਂ ਵੱਲ ਪਿੱਠ ਕਰਕੇ ਰੱਖ ਦਿੱਤੀ। ਮੇਰਾ ਮੂੰਹ ਉੱਡਦਿਆਂ ਹੀ ਨਾਟਕ ਦੀ ਨਾਇਕਾ ਗਗਨਦੀਪ ਦੀ ਨਜ਼ਰ ਮੇਰੇ 'ਤੇ ਪਈ ਅਤੇ ਉਸ ਨੂੰ ਦੂਸਰੇ ਕਲਾਕਾਰਾਂ ਵੱਲੋਂ ਕੀਤੀ ਗ਼ਲਤੀ ਦਾ ਅਹਿਸਾਸ ਹੋ ਗਿਆ। ਉਸ ਨੇ ਆਪਣੇ ਕੋਲੋਂ ਹੀ ਡਾਇਲਾਗ ਬਣਾਇਆ, "ਬੱਚੋ! ਧੂਪ ਮੇਂ ਕਿਉਂ ਬੈਠੇ ਹੋ, ਚਲੋ ਕੁਰਸੀ ਉਠਾਓ, ਛਾਂਓਂ ਮੇਂ ਚਲਤੇ ਹੈਂ।" ਮੇਰੀ ਜਾਨ ਵਿੱਚ ਜਾਨ ਆਈ ਤੇ ਅਸੀਂ ਜ਼ਿਲ੍ਹੇ ਵਿੱਚੋਂ ਤੀਜੀ ਪੁਜੀਸ਼ਨ ਲੈ ਕੇ ਪਰਤੇ। ਇਸੇ ਵਿਦਿਆਰਥਣ ਨੇ ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲੇ ਵਿੱਚ ਦੋ ਵਾਰੀ ਬਾਜ਼ੀ ਮਾਰ ਕੇ ਸਕੂਲ ਦਾ ਮਾਣ ਵਧਾਇਆ। ਇਹ ਟੀਮ ਹਰ ਸਾਲ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਜਿੱਤ ਦੇ ਝੰਡੇ ਗੱਡਦੀ ਰਹੀ। ਇਨ੍ਹਾਂ ਵਿਚੋਂ ਅਮਨਿੰਦਰ ਸਿੰਘ ਸਾਹਿਤਕ ਕੁਇਜ਼ ਅਤੇ ਕਵਿਤਾ ਰਚਨਾ ਵਿੱਚ ਜ਼ਿਲ੍ਹਾ ਪੱਧਰ 'ਤੇ ਆਪਣੀ ਕਲਾ ਦਾ ਲੋਹਾ ਮਨਵਾਉਂਦਾ ਰਿਹਾ ਅਤੇ ਰਾਜ



ਪੱਧਰ ਤੱਕ ਵੀ ਸ਼ਮੂਲੀਅਤ ਕੀਤੀ।


ਮੈਂ ਸਕੂਲ ਦੀ ਲਾਇਬ੍ਰੇਰੀ ਦਾ ਇੰਚਾਰਜ ਸੀ। ਸਾਰੇ ਵਿਦਿਆਰਥੀ ਕਿਤਾਬਾਂ ਜਾਰੀ ਅਤੇ ਜਮ੍ਹਾਂ ਕਰਵਾਉਣ ਲਈ ਆਉਂਦੇ ਸਨ। ਇੱਕ ਦਿਨ ਬਾਰ੍ਹਵੀਂ ਦੇ ਵਿਦਿਆਰਥੀ ਮਨਦੀਪ ਸਿੰਘ ਨੇ ਮੈਨੂੰ ਪਾਰਕ ਕੋਲ ਰੋਕ ਲਿਆ ਅਤੇ ਕਹਿਣ ਲੱਗਿਆ, "ਸਰ! ਮੈਂ ਲੇਖਕ ਬਣਨਾ ਚਾਹੁੰਦਾ ਹਾਂ। ਇਸ ਵਾਸਤੇ ਕੀ ਕਰਨਾ ਪਵੇਗਾ?" ਮੈਂ ਉਸ ਦੀ ਪਿੱਠ ਥਾਪੜੀ ਅਤੇ ਕਿਹਾ, "ਚੰਗਾ ਸਾਹਿਤ ਪੜ੍ਹ ਕੇ ਚੰਗਾ ਪਾਠਕ ਬਣ, ਲੇਖਕ ਵੀ ਬਣ ਜਾਵੇਂਗਾ।" ਉਸ ਦੇ ਜਾਂਦਿਆਂ ਹੀ ਸਕੂਲ ਮੁਖੀ ਮੇਰੇ ਕੋਲ ਪਹੁੰਚ ਗਏ ਅਤੇ ਪੁੱਛਣ ਲੱਗੇ, "ਇਹ ਭੂੰਡੀ ਕੀ ਕਹਿੰਦਾ ਸੀ? ਇਹ ਬਹੁਤ ਚਤੁਰ ਬੱਚਾ, ਇਸ 'ਤੇ ਪੂਰੀ ਨਜ਼ਰ ਰੱਖਣੀ ਐਂ...।" ਮਨਦੀਪ ਦਾ ਇਹ ਉਪ ਨਾਮ ਕਿਸੇ ਨੇ ਪਿੰਡ ਵਿੱਚੋਂ ਰੱਖਿਆ ਸੀ, ਪ੍ਰਿੰਸੀਪਲ ਸਾਹਿਬ ਵੀ ਉਸੇ 'ਤੇ ਮੋਹਰ ਲਗਾ ਰਹੇ ਸਨ। ਇਸੇ ਦੌਰਾਨ ਰਾਜਨੀਤੀ ਵਿਗਿਆਨ ਦੇ ਵਿਸ਼ੇ ਦੇ ਲੈਕਚਰਾਰ ਦੀ ਬਦਲੀ ਹੋ ਗਈ। ਕਦੇ-ਕਦੇ ਇਨ੍ਹਾਂ ਵਿਦਿਆਰਥੀਆਂ ਦੀ ਜਮਾਤ ਲਾਇਬ੍ਰੇਰੀ ਵਿੱਚ ਵੀ ਲੱਗਦੀ ਸੀ। ਥੋੜ੍ਹੇ ਸਮੇਂ ਵਿੱਚ ਹੀ ਇਨ੍ਹਾਂ ਦਾ ਵਿਸ਼ਾ ਤਿੰਨ ਅਧਿਆਪਕਾਂ ਦੇ ਹਿੱਸੇ ਆਇਆ। ਮੈਨੂੰ ਅੰਦਾਜ਼ਾ ਹੋ ਗਿਆ ਸੀ ਕਿ ਇਸੇ ਵਿਸ਼ੇ ਵਿੱਚ 'ਸਭ ਅੱਛਾ' ਨਹੀਂ। ਭਾਵੇਂ ਮੈਂ ਮਾਸਟਰ ਕੇਡਰ ਵਿੱਚ ਸੀ ਅਤੇ ਮੇਰੇ ਵਿਸ਼ੇ ਦੀ ਇੱਕੋ ਅਸਾਮੀ ਹੋਣ ਕਾਰਨ ਕੰਮ ਦਾ ਬੋਝ ਕਾਫ਼ੀ ਸੀ, ਪਰ ਮੇਰਾ ਪੋਸਟ ਗ੍ਰੈਜੂਏਟ ਹੋਣਾ ਅਤੇ ਵਿਸ਼ੇ ਵਿੱਚ ਰੁਚੀ ਮੈਨੂੰ ਬੇਚੈਨ ਕਰ ਰਹੀ ਸੀ। ਰਾਜਨੀਤੀ ਦੇ ਵਿਸ਼ੇ 'ਤੇ ਮੇਰੇ ਲੇਖ ਅਖ਼ਬਾਰ ਵਿੱਚ ਮੁੱਖ ਲੇਖ ਵਜੋਂ ਵੀ ਪ੍ਰਕਾਸ਼ਿਤ ਹੋ ਚੁੱਕੇ ਸਨ। ਸੋ ਮੈਂ ਸਕੂਲ ਮੁਖੀ ਨੂੰ ਗੁਜ਼ਾਰਿਸ਼ ਕੀਤੀ, "ਇਸ ਵਿਸ਼ੇ ਨੂੰ ਪੜ੍ਹਾਉਣ ਦਾ ਮੌਕਾ ਮੈਨੂੰ ਦਿਓ।" 'ਵੇਖਦੇ ਆਂ' ਕਹਿ ਕੇ ਉਨ੍ਹਾਂ ਮੇਰੀ ਫੂਕ ਕੱਢ ਦਿੱਤੀ ਅਤੇ ਬੇਰੰਗ ਮੋੜ ਦਿੱਤਾ।

ਤਿੰਨ ਕੁ ਮਹੀਨੇ ਬਾਅਦ ਸਾਹਿਬ ਮੇਰੇ ਪਾਸ ਖ਼ੁਦ ਹੀ ਪਹੁੰਚ ਕੇ ਕਹਿਣ ਲੱਗੇ, "ਤੁਸੀਂ ਇਹ ਵਿਸ਼ਾ ਪੜ੍ਹਾ ਦਿਓਗੇ?" ਭਾਵੇਂ ਬਹੁਤ ਦੇਰ ਹੋ ਚੁੱਕੀ ਸੀ ਅਤੇ ਪੇਪਰਾਂ ਵਿੱਚ ਚਾਰ ਮਹੀਨੇ ਬਾਕੀ ਸਨ, ਫਿਰ ਵੀ ਮੈਂ ਸਤਿਬਚਨ ਕਹਿ ਕੇ ਹਾਮੀ ਭਰ ਦਿੱਤੀ। ਤਿਆਰੀ ਅਤੇ ਟੈਸਟਾਂ ਦਾ ਸਿਲਸਿਲਾ ਚੱਲਦਾ ਰਿਹਾ। ਹਰ ਜਮਾਤ ਵਿੱਚ ਅਧਿਆਪਕ ਆਪਣੇ ਚਹੇਤੇ ਬੱਚਿਆਂ ਨੂੰ ਅਕਸਰ ਹੀ ਨੰਬਰਦਾਰੀ ਦੇ ਦਿੰਦੇ ਹਨ। ਅਜਿਹੇ ਹੀ ਵਿਦਿਆਰਥੀਆਂ ਵਿਚੋਂ ਇੱਕ ਲੜਕੀ ਹਰ ਟੈਸਟ ਵਿਚੋਂ ਮਨਦੀਪ ਦੇ ਵੱਧ ਅੰਕ ਆਉਣ ਕਾਰਨ ਅੰਦਰੋਂ-ਅੰਦਰੀ ਵਾਹਵਾ ਔਖੀ ਸੀ। ਇੱਕ ਦਿਨ ਮੈਨੂੰ ਆ ਕੇ ਕਹਿਣ ਲੱਗੀ, "ਸਰ! ਮੇਰੇ ਨੰਬਰ ਕਿੱਥੋਂ ਕੱਟੇ ਗਏ ਤੇ ਇਹਦੇ ਨੰਬਰ ਕਿਵੇਂ ਵੱਧ ਆ ਗਏ?" ਮੈਂ ਕਿਹਾ, "ਬੇਟਾ! ਤੂੰ ਦੋ ਥਾਂ ਗੱਪ ਮਾਰੇ ਹਨ, ਦੱਸਾਂ ਕਿੱਥੇ-ਕਿੱਥੇ?" 'ਨਹੀਂ-ਨਹੀਂ' ਕਹਿੰਦਿਆਂ ਉਹ ਅਪਣੀ ਕਾਪੀ ਖਿੱਚ ਕੇ ਲੈ ਗਈ। ਮੈਂ ਦੋਵਾਂ ਨੂੰ ਕੋਲ ਬੁਲਾਇਆ ਅਤੇ ਇੱਕ ਭਵਿੱਖਬਾਣੀ ਵੀ ਕਰ ਦਿੱਤੀ, "ਬੇਟਾ! ਜੇ ਤਾਂ ਕਿਸੇ ਅਧਿਆਪਕ ਨੇ ਸੁੰਦਰ ਲਿਖਾਈ ਦੇਖ ਕੇ ਨੰਬਰ ਲਗਾਏ ਤਾਂ ਤੂੰ ਫਸਟ ਆਵੇਂਗੀ, ਜੇਕਰ ਮਨਦੀਪ ਦੀ ਗੰਦੀ ਲਿਖਾਈ ਪੜ੍ਹ ਕੇ ਨੰਬਰ ਲੱਗੇ ਫਿਰ ਤਾਂ ਬਾਜ਼ੀ ਏਸੇ ਨੇ ਮਾਰਨੀ ਐਂ।"

ਬਾਰ੍ਹਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ। ਸਕੂਲ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਅਮਨਿੰਦਰ ਭੱਜ ਕੇ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ, "ਸਰ! ਭੂੰਡੀ ਨੇ ਤਾਂ ਕਮਾਲ ਕਰ ਦਿੱਤੀ, ਫਸਟ ਆ ਗਿਆ।" ਉਹ ਰਾਜਨੀਤੀ ਵਿਗਿਆਨ ਵਿੱਚੋਂ ਹੀ ਨਹੀਂ, ਜਮਾਤ ਵਿੱਚੋਂ ਵੀ ਫਸਟ ਆਇਆ ਸੀ। ਇੱਕ ਹੋਰ ਵਿਸ਼ੇ ਦੇ ਲੈਕਚਰਾਰ ਨੇ ਮੈਨੂੰ ਦੱਸਿਆ ਕਿ ਇਸ ਵਿਸ਼ੇ ਦਾ ਨਤੀਜਾ ਪਹਿਲੀ ਵਾਰ ਸੌ ਪ੍ਰਤੀਸ਼ਤ ਆਇਆ ਹੈ। ਜਿੱਥੇ ਮੈਨੂੰ ਮਨਦੀਪ ਦੀ ਪ੍ਰਾਪਤੀ 'ਤੇ ਮਾਣ ਸੀ, ਉੱਥੇ ਇਸ ਗੱਲ ਦਾ ਮਨ ਵਿੱਚ ਰੰਜ ਵੀ ਸੀ ਕਿ ਜਿਸ ਨੂੰ ਸਾਰੇ ਭੂੰਡੀ ਸਮਝਦੇ ਰਹੇ ਉਹ ਤਾਂ ਅਸਲ ਵਿੱਚ ਤਿਤਲੀ ਸੀ। ਇਨ੍ਹਾਂ ਤਿਤਲੀਆਂ ਨੂੰ ਮੰਡਰਾਉਣ ਲਈ ਫੁੱਲਾਂ ਭਰੇ ਬਗੀਚੇ ਚਾਹੀਦੇ ਹਨ ਨਾ ਕਿ ਮਾਰੂਥਲ। ਅਧਿਆਪਨ ਕੋਰਸ ਵਿੱਚ ਮਨੋਵਿਗਿਆਨ ਦਾ ਵਿਸ਼ਾ ਪੜ੍ਹਨ ਵਾਲੇ, ਬੱਚਿਆਂ ਦਾ ਮਨੋਵਿਗਿਆਨ ਕਿੰਨਾ ਕੁ ਪੜ੍ਹਦੇ ਹਨ? ਇਹ ਸਵਾਲ ਵੀ ਮਨ ਵਿੱਚ ਖੌਰੂ ਪਾ ਰਿਹਾ ਸੀ।

## ਔਰਤ ਵਿਰੋਧੀ ਵਰਤਾਰੇ

# ਧਰਮ, ਸਮਾਜ ਅਤੇ ਔਰਤ



ਇਕ ਥਾਂ ਰਹਿੰਦੇ ਲੋਕਾਂ ਦੇ ਸਮੂਹ ਨੂੰ ਲੋਕ ਵਿਰੋਧੀ ਅਤੇ ਸਮਾਜ ਵਿਰੋਧੀ ਤਾਕਤਾਂ ਵੱਲੋਂ ਧਰਮ ਦੇ ਆਧਾਰ ’ਤੇ ਆਪਸ ਵਿਚ ਵੰਡਣਾ, ਲੜਾਉਣਾ ਅਤੇ ਇਕ ਦੂਜੇ ਪ੍ਰਤੀ ਨਫ਼ਰਤ ਫੈਲਾਉਣਾ ਧਾਰਮਿਕ ਕੱਟੜਤਾ ਹੈ। ਇਹ ਪ੍ਰਵਿਰਤੀ ਕਿਸੇ ਧਰਮ ਨਾਲ ਸਬੰਧਿਤ ਗ੍ਰੰਥਾਂ ਜਾਂ ਧਾਰਮਿਕ ਪੁਸਤਕਾਂ ਵਿਚ ਦਰਜ ਸਿੱਖਿਆਵਾਂ/ਹਦਾਇਤਾਂ ਨੂੰ ਤੋੜ-ਮਰੋੜ ਕੇ, ਜਨੂੰਨ ਦੀ ਹੱਦ ਤੱਕ ਮੰਨਣ ਅਤੇ ਜਬਰੀ ਮੰਨਵਾਉਣ ਵਿਚੋਂ ਨਿਕਲਦੀ ਹੈ। ਧਾਰਮਿਕ ਕੱਟੜਤਾ ਅਧੀਨ ਧਰਮ ਦੇ ਪੈਰੋਕਾਰ ਬਿਨਾਂ ਕਿਸੇ ਵਾਦ-ਵਿਵਾਦ ਜਾਂ ਟਿੱਪਣੀ ਨੂੰ ਬਰਦਾਸ਼ਤ ਕਰਦਿਆਂ ਆਪਣੇ ਧਰਮ ਨੂੰ ਸਰਬਉੱਚ ਅਤੇ ਬਿਹਤਰੀਨ ਮੰਨਦਿਆਂ ਦੂਜਿਆਂ ਉੱਪਰ ਥੋਪਣ ਦਾ ਯਤਨ ਕਰਦੇ ਹਨ। ਇਸ ਪ੍ਰਕਿਰਿਆ ਦੌਰਾਨ ਕਿਤੇ ਕਿਸੇ ਵਰਗ ਵੱਲੋਂ ਵਿਰੋਧ ਹੁੰਦਾ ਹੈ ਤਾਂ ਫ਼?ਰਕੂ ਦੰਗੇ ਭੜਕਦੇ ਹਨ, ਹਿੰਸਕ ਘਟਨਾਵਾਂ ਵਿਚ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਭੰਨ-ਤੋੜ ਅਤੇ ਨਿਹੱਥੇ ਬੇਕਸੂਰ ਲੋਕਾਂ ਦਾ ਕਤਲੇਆਮ ਹੁੰਦਾ ਹੈ।

ਧਾਰਮਿਕ ਕੱਟੜਤਾ ਉਸ ਵੇਲੇ ਹੋਰ ਵੀ ਕਰੂਪ ਹੋ ਜਾਂਦੀ ਹੈ ਜਦੋਂ ਆਪਣੇ ਹੀ ਧਰਮ ਦੇ ਲੋਕਾਂ ਲਈ ਬੇਲੋੜੀਆਂ, ਪੁਰਾਣੀਆਂ ਹੋ ਚੁੱਕੀਆਂ ਰਹੁ-ਰੀਤਾਂ ਅਤੇ ਪਹਿਰਾਵੇ ਆਦਿ ਸਬੰਧੀ ਆਦੇਸ਼ ਅਤੇ ਹਦਾਇਤਾਂ ਜਾਰੀ ਕੀਤੇ ਜਾਣ ਲੱਗਦੇ ਹਨ। ਅਮਰੀਕੀ ਫ਼ੌਜਾਂ ਦੇ ਅਫ਼ਗਾਨਿਸਤਾਨ ਵਿਚੋਂ ਵਾਪਸ ਚਲੇ ਜਾਣ ਤੋਂ ਬਾਅਦ ਤਾਲਿਬਾਨ ਹਕੂਮਤ ਆਉਣ ’ਤੇ ਉਨ੍ਹਾਂ ਸ਼ਰੀਅਤ ਤਹਿਤ ਹਦਾਇਤਾਂ ਮੁੜ ਲਾਗੂ ਕਰਨ ਦੇ ਆਦੇਸ਼ ਦਿੱਤੇ। ਇਸ ਨਾਲ ਯਕੀਨੀ ਬਣਾਇਆ ਗਿਆ ਕਿ ਲੜਕੀਆਂ ਉਚੇਰੀ ਸਿੱਖਿਆ ਹਾਸਲ ਕਰਨ ਨਹੀਂ ਜਾ ਸਕਦੀਆਂ; ਘਰੋਂ ਬਾਹਰ ਨਿਕਲਣ ਵੇਲੇ ਉਨ੍ਹਾਂ ਨਾਲ ਘਰ ਦਾ ਕੋਈ ਮਰਦ ਮੈਂਬਰ ਹੋਣਾ ਲਾਜ਼ਮੀ ਹੈ। ਪਾਕਿਸਤਾਨ ਵੀ ਗਾਹੇ-ਬਗਾਹੇ ਤਾਲਿਬਾਨੀ ਸੋਚ ਦੀ ਹਮਾਇਤ ਕਰਦਾ ਰਿਹਾ ਹੈ। ਤਤਕਾਲੀ ਹਾਕਮ ਜਨਰਲ ਜ਼ਿਆ ਉਲ ਹੱਕ ਨੇ ਸ਼ਰੀਅਤ ਕਾਨੂੰਨ ਅਧੀਨ ਫ਼ੌਜਦਾਰੀ ਮਾਮਲਿਆਂ ਭਾਵ ਕਤਲਾਂ, ਲੁੱਟ-ਮਾਰ ਤੇ ਬਲਾਤਕਾਰ ਸਬੰਧੀ ਆਦੇਸ਼ ਦਿੱਤੇ ਕਿ ਔਰਤ ਦੀ ਗਵਾਹੀ ਨੂੰ ਮਰਦ ਦੇ ਮੁਕਾਬਲੇ ਅੱਧੀ ਗਵਾਹੀ ਮੰਨਿਆ ਜਾਵੇਗਾ। ਇਓਂ ਹੀ ਜਿਨਸੀ ਸ਼ੋਸ਼ਣ ਦੀ ਪੀੜਤ ਔਰਤ ਨੂੰ ਇਹ ਦੱਸਣ ਲਈ ਚਾਰ ਗਵਾਹ ਪੇਸ਼ ਕਰਨੇ ਪੈਣਗੇ ਕਿ ਉਸ ਨਾਲ ਜ਼ਿਆਦਤੀ ਹੋਈ ਹੈ। ਦੋਸ਼ ਸਾਬਿਤ ਨਾ ਕਰ ਸਕਣ ਦੀ ਸੂਰਤ ਵਿੱਚ ਔਰਤ ਨੂੰ ਕੈਦ ਦੀ ਸਜ਼ਾ ਸੁਣਾਈ ਜਾਂਦੀ ਸੀ ਤੇ ਨਾਲ ਹੀ ਲੋਕਾਂ ਦੀ ਹਾਜ਼ਰੀ ਵਿਚ ਕੋੜੇ ਮਾਰੇ ਜਾਂਦੇ ਸਨ।

ਧਾਰਮਿਕ ਕੱਟੜਤਾ ਤਹਿਤ ਜਨੂੰਨੀ ਤਾਕਤਾਂ ਦਾ ਪਹਿਲਾ ਸ਼ਿਕਾਰ ਔਰਤਾਂ ਹੁੰਦੀਆਂ ਹਨ। ਕੱਟੜਤਾ ਨੂੰ ਔਰਤਾਂ ਉੱਪਰ ਅਥਾਰਟੀ ਅਤੇ ਸ਼ਕਤੀ ਦੀ ਵਰਤੋਂ ਕਰਨ ਵਾਸਤੇ ਵਰਤਿਆ ਜਾਂਦਾ ਹੈ। ਮਰਦ-ਔਰਤ ਦੀ ਕੁਦਰਤੀ ਬਰਾਬਰੀ ਨੂੰ ਨਕਾਰਦਿਆਂ ਔਰਤਾਂ ਉੱਪਰ ਕਈ ਪ੍ਰਕਾਰ ਦੀਆਂ ਬੰਦਿਸ਼ਾਂ ਲਗਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਪਾਸੋਂ ਖ਼ਾਸ ਕਿਸਮ ਦੇ ਵਿਹਾਰ ਦੀ ਤਵੱਕੋ ਕੀਤੀ ਜਾਂਦੀ ਹੈ। ਅਫ਼ਗਾਨਿਸਤਾਨ, ਪਾਕਿਸਤਾਨ ਦੀਆਂ ਉਦਾਹਰਨਾਂ ਪ੍ਰਤੱਖ ਹਨ। ਸਾਡੇ ਆਪਣੇ ਮੁਲਕ ਦੇ ਸੂਬੇ ਕਰਨਾਟਕ ਵਿਚ ਮੁਸਲਿਮ ਭਾਈਚਾਰੇ ਦੀਆਂ ਕੁੜੀਆਂ ਨੂੰ ਵਿਦਿਅਕ ਅਦਾਰਿਆਂ ਵਿਚ ਹਿਜਾਬ ਪਾਉਣ ਤੋਂ ਰੋਕਣਾ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਵਿਚ ਖ਼ਲਲ ਪਾਉਣਾ ਹੈ। ਉਨ੍ਹਾਂ ਕੁੜੀਆਂ ਨੇ ਹਿਜਾਬ ਪਾ ਕੇ ਸਕੂਲ ਆਉਣ ਦੀ ਰਵਾਇਤ ਨੂੰ ਜਾਰੀ ਰੱਖਣ ਦੀ ਮੰਗ ਕੀਤੀ ਜੋ ਅਥਾਰਿਟੀ ਵੱਲੋਂ ਠੁਕਰਾ ਦਿੱਤੀ ਗਈ। ਕੁੜੀਆਂ ਦੇ ਵਿਰੋਧ ਕਰਨ ’ਤੇ ਉਨ੍ਹਾਂ ਨੂੰ ਡਰਾਇਆ ਧਮਕਾਇਆ ਗਿਆ। ਸਮੇਂ ਦੀ ਸਰਕਾਰ ਵੱਲੋਂ ਇਕ ਭਾਈਚਾਰੇ ਨੂੰ ਜ਼ਿਆਦਤੀ ਕਰਨ ਦੀ ਸ਼ਹਿ ਹੋਣ ਕਾਰਨ ਇਲਾਕੇ ਵਿਚ ਮੰਦਭਾਗੀਆਂ ਘਟਨਾਵਾਂ ਹੋਈਆਂ।

ਸਬਰੀਮਾਲਾ ਮੰਦਰ ਅੰਦਰ ਔਰਤਾਂ ਦੇ ਜਾਣ ਦੀ ਮਨਾਹੀ ਕਾਰਨ ਛਿੜੇ ਵਿਵਾਦ ਅਤੇ ਹੋਰ ਕਈ ਥਾਈਂ ਮੰਦਰਾਂ ਵਿਚ ਔਰਤਾਂ ਦੇ ਦਾਖ਼ਲੇ ਦੀ ਮਨਾਹੀ ਬਾਰੇ ਸਭ ਜਾਣਦੇ ਹਨ। ਇਓਂ ਕਦੇ ਧਰਮ ਪਰਿਵਰਤਨ ਦੀ ਮਨਾਹੀ ਦੇ ਕਾਨੂੰਨ ਬਣਾ ਕੇ ਤੇ ਕਦੇ ਵਿੱਦਿਅਕ ਅਦਾਰਿਆਂ ਵਿਚ ਬੱਚੀਆਂ ਦੀ ਵਰਦੀ ਸਬੰਧੀ ਇਕਸਾਰ ਕੋਡ ਦੀ ਤਜਵੀਜ਼ ਜਾਰੀ ਕਰ ਕੇ ਧਾਰਮਿਕ ਕੱਟੜਤਾ ਔਰਤਾਂ ਨੂੰ ਮੁੜ ਸਦੀਆਂ ਪੁਰਾਣੇ ਸਿਧਾਂਤਾਂ ਤੇ ਸੱਭਿਆਚਾਰ ਵੱਲ ਧੱਕ ਰਹੀ ਹੈ ਜਿਸ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਮਨੂੰ ਸਿਮ੍ਰਿਤੀ ਅਤੇ ਹੋਰ ਅਜਿਹੀਆਂ ਧਾਰਮਿਕ ਪੁਸਤਕਾਂ ਦੇ ਪ੍ਰਭਾਵ ਹੇਠ ਤੁਲਸੀਦਾਸ ਨੇ ਨਾਰੀ ਦੀ ਤੁਲਨਾ “ਢੋਲ, ਗੰਵਾਰ, ਸ਼ੂਦਰ…” ਨਾਲ ਕੀਤੀ ਹੈ। ਇਸਲਾਮ ਧਰਮ ਵਿਚ ਔਰਤ ਦੀ ਗਵਾਹੀ ਨੂੰ ਮਰਦ ਦੇ ਮੁਕਾਬਲੇ ਅੱਧੀ ਮੰਨਿਆ ਜਾਂਦਾ ਹੈ। ਇਓਂ ਹੀ ਜਾਇਦਾਦ ਦੀ ਵੰਡ ਵੇਲੇ ਇਕ ਮਰਦ ਦਾ ਹਿੱਸਾ ਦੋ ਔਰਤਾਂ ਦੇ ਬਰਾਬਰ ਹੁੰਦਾ ਹੈ।

ਲੜਕੀ ਦੀ ਉਚੇਰੀ ਸਿੱਖਿਆ ਪ੍ਰਾਪਤੀ ਉੱਪਰ ਰੋਕਾਂ ਲਗਾਉਣ ਨਾਲ ਰੁਜ਼ਗਾਰ ਮੰਡੀ ਵਿਚ ਉਸ ਦੀ ਸ਼ਮੂਲੀਅਤ ਘਟੇਗੀ ਅਤੇ ਉਸ ਦੇ ਮਾਨਸਿਕ ਵਿਕਾਸ ਵਿਚ ਖੜੋਤ ਆਵੇਗੀ। ਅਨਪੜ੍ਹ ਅਤੇ ਆਰਥਿਕ ਤੌਰ ’ਤੇ ਦੂਜਿਆਂ ’ਤੇ ਨਿਰਭਰ ਔਰਤ ਆਪਣੇ ਪਰਿਵਾਰ ਤੇ ਬੱਚਿਆਂ ਦੀ ਸੰਭਾਲ ਓਨੇ ਸੁਚੱਜੇ ਢੰਗ ਨਾਲ ਨਹੀਂ ਕਰ ਸਕਦੀ। ਉਚੇਰੀ ਸਿੱਖਿਆ ਵਿਚੋਂ ਔਰਤ ਨੂੰ ਬਾਹਰ ਕੱਢਣ ਦਾ ਭਾਵ ਉਨ੍ਹਾਂ ਨੂੰ ਰੁਜ਼ਗਾਰ ਮੰਡੀ ਵਿਚੋਂ ਬਾਹਰ ਕੱਢਣਾ ਹੈ। ਜੇਕਰ ਕੁੜੀਆਂ ਇਕੱਲੀਆਂ ਬਾਹਰ ਘੁੰਮ ਫਿਰ ਨਹੀਂ ਸਕਦੀਆਂ, ਕਾਰ ਸਕੂਟਰ ਆਦਿ ਨਹੀਂ ਚਲਾ ਸਕਦੀਆਂ, ਆਪਣਾ ਮਨਪਸੰਦ ਦਾ ਜੀਵਨ ਸਾਥੀ ਨਹੀਂ ਲੱਭ ਸਕਦੀਆਂ ਤਾਂ ਇਨ੍ਹਾਂ ਬੰਦਿਸ਼ਾਂ ਨਾਲ ਇਕੱਲੀ ਔਰਤ ਹੀ ਨਹੀਂ ਸਗੋਂ ਸਮੁੱਚਾ ਸਮਾਜ ਪ੍ਰਭਾਵਿਤ ਹੋਵੇਗਾ। ਧਾਰਮਿਕ ਕੱਟੜਤਾ ਦੇ ਔਰਤ ਉੱਪਰ ਪੈਂਦੇ ਮਾੜੇ ਪ੍ਰਭਾਵ ਦੀ ਗਹਿਰਾਈ ਨੂੰ ਭਾਪਦਿਆਂ ਯੂ.ਐੱਨ. ਦੇ ਤਤਕਾਲੀ ਸਕੱਤਰ ਜਨਰਲ ਕੋਫੀ ਆਨਨ ਨੇ (2006 ਵਿਚ) ਕਿਹਾ ਕਿ ‘ਜਦੋਂ ਸਮਾਜ ਵਿਚ ਕਿਸੇ ਸੱਭਿਆਚਾਰ ਦਾ ਸਿਆਸੀਕਰਨ ਹੁੰਦਾ ਹੈ ਜਾਂ ਧਰਮ ਅਤੇ ਸਿਆਸਤ ਰਲਗੱਡ ਹੋ ਕੇ ਧਾਰਮਿਕ ਕੱਟੜਤਾ ਦਾ ਰੂਪ ਧਾਰਨ ਕਰਦੇ ਹਨ ਉਸ ਸਥਿਤੀ ਵਿਚ ਔਰਤ ਦੇ ਮੁੱਢਲੇ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਉਸ ਸਮਾਜ ਲਈ ਵੱਡੀ ਚੁਣੌਤੀ ਬਣ ਜਾਂਦਾ ਹੈ।’

ਹਰਿਆਣਾ, ਉੱਤਰ ਪ੍ਰਦੇਸ਼ ਆਦਿ ਸੂਬਿਆਂ ਵਿਚ ਲਵ-ਜਹਾਦ, ਪਰਿਵਾਰਕ ਮਾਣ ਮਰਿਆਦਾ ਦੀ ਰਾਖੀ ਵਾਸਤੇ ਨੌਜਵਾਨਾਂ ਤੇ ਖ਼ਾਸਕਰ ਲੜਕੀਆਂ ਨੂੰ ਮਾਰ ਮੁਕਾਉਣਾ, ਪਾਰਕਾਂ ਆਦਿ ਵਿਚ ਬੈਠੇ ਜੋੜਿਆਂ ਉੱਪਰ ਹਿੰਸਕ ਹਮਲੇ ਅਤੇ ਉਨ੍ਹਾਂ ਲੜਕੀਆਂ ਨਾਲ ਸਬੰਧਿਤ ਮਰਦਾਂ ਨੂੰ ਮਾਰ ਮੁਕਾਉਣ ਦਾ ਖ਼ਮਿਆਜ਼ਾ ਔਰਤ ਅਤੇ ਉਸ ਦੇ ਪਰਿਵਾਰ ਨੂੰ ਭੁਗਤਣਾ ਪੈਂਦਾ ਹੈ। ਫ਼ਿਰਕੂ ਜਨੂੰਨ ਹੇਠ ਹਿੰਸਕ ਭੀੜਾਂ ਇੰਨੀਆਂ ਅੰਨ੍ਹੀਆਂ ਹੋ ਜਾਂਦੀਆਂ ਹਨ ਕਿ ਦੂਜੇ ਧਰਮ ਨਾਲ ਸਬੰਧ ਰੱਖਣ ਵਾਲਿਆਂ ਦੇ ਘਰਾਂ ਵਿਚੋਂ ਮਰਦ ਮੈਂਬਰਾਂ ਨੂੰ ਕੱਢ ਕੱਢ ਕੇ ਮਾਰ ਮੁਕਾਉਂਦੀਆਂ ਹਨ। ਪਿੱਛੇ ਬਚ ਗਈਆਂ ਔਰਤਾਂ ਲਈ ਇਹ ਉਮਰ ਭਰ ਦੇ ਸੰਤਾਪ ਦੀ ਅਵਸਥਾ ਹੋ ਨਿੱਬੜਦੀ ਹੈ। ਸਥਿਤੀ ਉਸ ਵੇਲੇ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ ਘਰ ਵਿਚ ਸਿਰਫ਼ ਇਕ ਹੀ ਮਰਦ ਰੋਜ਼ੀ ਰੋਟੀ ਕਮਾਉਣ ਵਾਲਾ ਹੋਵੇ। ਧਾਰਮਿਕ ਕੱਟੜਤਾ ਦੇ ਲੇਖੇ ਲੱਗੇ ਮਰਦ ਮੈਂਬਰ ਤੋਂ ਬਾਅਦ ਘਰ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਔਰਤ ਉੱਪਰ ਆ ਪੈਂਦੀ ਹੈ। ਇਓਂ ਮਰਦ ਵਿਰੁੱਧ ਹੋਈ ਹਿੰਸਾ ਦਾ ਪ੍ਰਭਾਵ ਵੀ ਔਰਤ ਉੱਪਰ ਪੈਂਦਾ ਹੈ। ਜਦੋਂ ਧਾਰਮਿਕ ਕੱਟੜਤਾ ਤਹਿਤ ਜਾਤ-ਪਾਤ ਅਤੇ ਊਚ-ਨੀਚ ਭਾਰੂ ਹੋਣ ਲੱਗੇ ਤਾਂ ਔਰਤਾਂ ਲਈ ਸਥਿਤੀ ਹੋਰ ਵੀ ਭਿਆਨਕ ਹੋ ਜਾਂਦੀ ਹੈ। ਅਖੌਤੀ ਉੱਚੀ ਜਾਤ ਦੀ ਲੜਕੀ ਆਪਣੇ ਤੋਂ ਨੀਵੀਂ ਸਮਝੀ ਜਾਂਦੀ ਜਾਤ ਵਿਚ ਵਿਆਹ ਨਹੀਂ ਕਰਵਾ ਸਕਦੀ। ਇਸ ਸੂਰਤ ਵਿਚ ਧਰਮ ਪਰਿਵਰਤਨ ਦੀ ਮਨਾਹੀ ਦੇ ਕਾਨੂੰਨ ਤਹਿਤ ਉਨ੍ਹਾਂ ਨੂੰ ਜ਼ਿਲ੍ਹੇ ਦੇ ਮੈਜਿਸਟ?ਰੇਟ ਸਾਹਮਣੇ ਪੇਸ਼ ਹੋਣਾ ਪੈਂਦਾ ਹੈ ਜਿੱਥੇ ਕੱਟੜਵਾਦੀ ਭੀੜ ਉਨ੍ਹਾਂ ਉੱਪਰ ਹਮਲਾ ਕਰ ਦਿੰਦੀ ਹੈ।

ਇਓਂ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਖ਼?ਲਾਫ਼ ਪੱਖਪਾਤ ਨੂੰ ਮੌਜੂਦਾ ਦੌਰ ਵਿਚਲੀ ਧਾਰਮਿਕ ਕੱਟੜਤਾ ਹੋਰ ਵੀ ਪਰਪੱਕ ਕਰਦੀ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਅਸੀਂ ਅਜੋਕੇ ਵਿਸ਼ਵੀਕਰਨ ਦੇ ਚਲਦਿਆਂ ਸਮੁੱਚੇ ਸਮਾਜ ਦੇ ਵਿਕਾਸ ਵਾਸਤੇ ਧਾਰਮਿਕ ਕੱਟੜਤਾ ਤੋਂ ਉੱਪਰ ਉੱਠ ਕੇ ਸਹਿਣਸ਼ੀਲਤਾ, ਸਦਭਾਵਨਾ ਤੇ ਉਸਾਰੂ ਸੋਚ ਦੇ ਧਾਰਨੀ ਹੋ ਕੇ ਅੱਗੇ ਵਧੀਏ। ਜੇਕਰ ਔਰਤਾਂ ਦੀ ਵੀ ਮਰਦਾਂ ਵਾਂਗ ਕੰਮ ਵਿਚ ਸ਼ਮੂਲੀਅਤ ਵਧਦੀ ਹੈ ਤਾਂ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ 27 ਫ਼ੀਸਦੀ ਤੱਕ ਦਾ ਵਾਧਾ ਹੋ ਸਕਦਾ ਹੈ। ਕਿਸੇ ਵੀ ਸਮਾਜ ਦੇ ਵਿਕਾਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉੱਥੇ ਔਰਤ ਦੀ ਸਥਿਤੀ ਜਾਂ ਦਰਜਾ ਕੀ ਹੈ। 2019 ਵਿਚ ਯੂ.ਐਨ.ਗਲੋਬਲ ਕੰਪੈਕਟ ਨੈੱਟਵਰਕ, ਇੰਡੀਆ ਵੱਲੋਂ ਕਰਵਾਏ ਲਿੰਗਕ ਬਰਾਬਰੀ ਸਬੰਧੀ ਸਮਾਗਮ ਦੌਰਾਨ ਕਿਹਾ ਗਿਆ ਕਿ ‘ਭਾਰਤ ਵਿਚ ਅਗਲੀ ਉਦਯੋਗਿਕ ਕ੍ਰਾਂਤੀ ਵਾਸਤੇ ਇੱਥੋਂ ਦੀਆਂ ਔਰਤਾਂ/ਕੁੜੀਆਂ ਦਾ ਸ਼ਕਤੀਕਰਨ ਹੋਣਾ ਜ਼ਰੂਰੀ ਹੈ। ਇਹ ਸ਼ਕਤੀਕਰਨ ਉਚੇਰੀ ਸਿੱਖਿਆ ਦੇ ਨਾਲ ਨਾਲ ਕਿੱਤਾਮੁਖੀ ਟਰੇਨਿੰਗ ਤੇ ਵਧੇਰੇ ਸਿਖਲਾਈ ਰਾਹੀਂ ਹੀ ਸੰਭਵ ਹੈ। ਜੇਕਰ ਧਾਰਮਿਕ ਕੱਟੜਤਾਵੱਸ ਅਸੀਂ ਔਰਤ ਨੂੰ ਵਿੱਦਿਆ ਦੇ ਮੁੱਢਲੇ ਅਧਿਕਾਰ ਤੋਂ ਵਾਂਝਿਆਂ ਕਰਾਂਗੇ, ਬੇਲੋੜੀਆਂ ਬੰਦਿਸ਼ਾਂ ਲਗਾਵਾਂਗੇ ਤਾਂ ਅਸੀਂ ਸਮਾਜਿਕ ਵਿਕਾਸ ਬਾਰੇ ਕਿਆਸ ਵੀ ਨਹੀਂ ਕਰ ਸਕਦੇ। ਭਾਰਤ ਧਰਮ ਨਿਰਪੱਖ ਅਤੇ ਸਭ ਤੋਂ ਵੱਡਾ ਜਮਹੂਰੀ ਮੁਲਕ ਮੰਨਿਆ ਜਾਂਦਾ ਹੈ। ਇਸ ਲਈ ਔਰਤ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸ਼ਮੂਲੀਅਤ ਦੇ ਨਾਲ ਨਾਲ ਉਸ ਦੀ ਧਾਰਮਿਕ ਸ਼ਮੂਲੀਅਤ ਵੀ ਓਨੀ ਹੀ ਜ਼ਰੂਰੀ ਹੈ। ਧਰਮ ਦੇ ਨਾਂ ’ਤੇ ਔਰਤ ਨੂੰ ਕਈ ਸਮਾਜਿਕ ਤੇ ਸੱਭਿਆਚਾਰਕ ਸਰਗਰਮੀਆਂ ਵਿਚੋਂ ਮਨਫ਼ੀ ਕਰਨਾ ਧਰਮ ਨਿਰਪੱਖਤਾ ਦੇ ਖ਼ਿਲਾਫ਼ ਹੈ। ਇਸ ਲਈ ਸਮੁੱਚੇ ਸਮਾਜਿਕ ਆਰਥਿਕ ਵਿਕਾਸ ਦੀ ਜ਼ਰੂਰਤ ਦੇ ਮੱਦੇਨਜ਼ਰ ਸਮਾਜ ਵਿਚ ਅਮਨ-ਸ਼ਾਂਤੀ ਦੀ ਸਥਿਤੀ ਬਰਕਰਾਰ ਰੱਖਣ ਲਈ ਦੁਨੀਆ ਭਰ ਵਿਚ ਧਾਰਮਿਕ ਕੱਟੜਤਾ ਕਾਰਨ ਔਰਤਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਅਤੇ ਉਨ੍ਹਾਂ ਉੱਪਰ ਲਾਈਆਂ ਜਾਂਦੀਆਂ ਬੰਦਿਸ਼ਾਂ ਨੂੰ ਤੁਰੰਤ ਹਟਾਉਣਾ ਪਵੇਗਾ। ਔਰਤ ਜਥੇਬੰਦੀਆਂ ਨੂੰ ਦੇਸ਼ ਵਿਚ ਜਮਹੂਰੀ ਹੱਕਾਂ ਖ਼ਾਤਰ ਲੜ ਰਹੀਆਂ ਅਮਨਪਸੰਦ ਜਥੇਬੰਦੀਆਂ ਨਾਲ ਮਿਲ ਕੇ ਆਵਾਜ਼ ਉਠਾਉਣੀ ਪਵੇਗੀ।


Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

## ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ

# ਹੋਲੇ ਮਹੱਲੇ ਉਪਰ ਅਨੰਦਪੁਰੀ ਜਾਹੋ-ਜਲਾਲ ਵਿੱਚ ਰੰਗਿਆ ਗਿਆ ਸੈਨਹੋਜ਼ੇ














ਕੈਲੀਫੋਰਨੀਆ, (ਸਾਡੇ ਲੋਕ) : ਸੈਨਹੋਜ਼ੇ ਗੁਰਦੁਆਰਾ ਸਾਹਿਬ 'ਚ ਐਤਵਾਰ 30 ਅਪ੍ਰੈਲ 2023 ਨੂੰ ਹੋਲਾ ਮਹੱਲਾ ਮਨਾਇਆ ਗਿਆ। ਹੋਲੇ-ਮਹੱਲੇ ਮੌਕੇ ਗੁਰਦੁਆਰਾ ਸਾਹਿਬ 'ਚ ਹਜ਼ਾਰਾਂ ਹੀ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਹੋਈਆਂ। ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਅਰਦਾਸ ਕਰਨ ਤੋਂ ਬਾਅਦ ਸੰਗਤਾਂ ਨੇ ਮੁੱਖ ਦੀਵਾਨ ਹਾਲ 'ਚ ਕੀਰਤਨ ਸਰਵਣ ਕੀਤਾ।

ਉਪ੍ਰੰਤ ਗੁਰੂਘਰ ਦੀ ਗਰਾਉਂਡ ਚ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਜਥਿਆਂ ਅਤੇ ਸਥਾਨਕ ਸੈਨਹੋਜ਼ੇ ਗੁਰੂਘਰ ਦੇ ਜਥਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ 'ਚ ਦਰਬਾਰ ਸਾਹਿਬ ਦੇ ਹਾਲ 'ਚ ਪੂਰਾ ਦਿਨ ਕਥਾ ਕੀਰਤਨ ਦਾ ਪਰਵਾਹ ਚਲਦਾ ਰਿਹਾ। ਉਥੇ ਸੰਗਤ ਨੇ ਢਾਡੀ ਵਾਰਾਂ, ਗਤਕਾ, ਬਾਲੀਵਾਲ, ਬਾਲੀਬਾਲ ਰੱਸਾਕਸ਼ੀ, ਘੋੜ ਸਵਾਰੀ, ਦੌੜਾ ਅਤੇ ਹੋਰ ਕਈ ਖੇਡਾਂ ਦਾ ਵੀ ਖ਼ੂਬ ਆਨੰਦ ਲਿਆ। ਕਈ ਅਲੱਗ-ਅਲੱਗ ਪਰਿਵਾਰਾਂ ਅਤੇ ਸੰਗਠਨਾਂ ਵੱਲੋਂ ਲਗਾਏ ਗਏ ਸਵਾਦਿਸ਼ਟ ਲੰਗਰਾਂ ਦਾ ਆਨੰਦ ਲਿਆ। ਇਸ ਦੌਰਾਨ ਛੋਲੇ-ਭਟੂਰੇ, ਗਾਰਲਿਕ ਨਾਨ, ਵੈਜ ਬਰਗਰ, ਗਰਮ ਜਲੇਬੀ, ਗਰਮ ਚਾਹ, ਪਕੌੜੇ, ਦੁੱਧ, ਬਦਾਮ, ਆਈ ਕਰੀਮ, ਤਾਜ਼ੇ ਗੰਨੇ ਅਤੇ ਦੇ ਰਸ ਸਮੇਤ ਕਈ ਤਰ੍ਹਾਂ ਦੇ ਲੰਗਰ ਪਰੋਸੇ ਗਏ। ਲੰਗਰ ਦੀ ਸੇਵਾ ਕਰਨ ਵਾਲੇ ਸਾਰੇ ਪਰਿਵਾਰਾਂ ਦਾ ਬਹੁਤ ਧੰਨਵਾਦ ਕੀਤਾ ਗਿਆ। ਛੋਟੇ ਬੱਚਿਆਂ 'ਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਲਈ












## ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ

# ਹੋਲੇ ਮਹੱਲੇ ਉਪਰ ਅਨੰਦਪੁਰੀ ਜਾਹੋ-ਜਲਾਲ ਵਿੱਚ ਰੰਗਿਆ ਗਿਆ ਸੈਨਹੋਜ਼ੇ



















ਗੁਰਦੁਆਰਾ ਪ੍ਰਬੰਧਨ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਨੌਜਵਾਨਾਂ ਨੂੰ ਪੁਰਸਕਾਰ ਦਿੱਤੇ ਗਏ।

ਕੈਲੀਫੋਰਨੀਆ ਗਤਕਾ ਦਲ ਦਾ ਵਿਸ਼ੇਸ਼ ਧੰਨਵਾਦ ਜਿਨ੍ਹਾਂ ਨੇ ਨਿਹੰਗ ਸਿੰਘ ਬਾਣੇ 'ਚ ਆਨੰਦਪੁਰ ਸਾਹਿਬ ਵਰਗਾ ਮਾਹੌਲ ਬਣਾਇਆ। ਜਥੇਦਾਰ ਦੀ ਅਗਵਾਈ ਜਥੇਦਾਰ ਜਸਪ੍ਰੀਤ ਸਿੰਘ, ਜਥੇਦਾਰ ਦੀਦਾਰ ਸਿੰਘ ਜਥੇ ਦੇ ਨਾਲ ਸਨ। ਖਾਲਸਾ ਸਕੂਲ ਦੇ ਕਾਰ ਸੇਵਕਾਂ ਨੇ ਬੱਚਿਆਂ ਦੇ ਲਈ ਖੇਡਾਂ ਦਾ ਪ੍ਰਬੰਧਕ ਕੀਤਾ ਸੀ। ਰੱਸਾਕਸ਼ੀ ਅਤੇ ਹੋਰ ਖੇਡਾਂ 'ਚ ਸਾਰੇ ਮੌਜੂਦ ਸਨ ਅਤੇ ਸਾਰਿਆਂ ਨੇ ਇਸ ਦਾ ਆਨੰਦ ਲਿਆ।।

ਸੰਗਤਾਂ ਦੇ ਲਈ ਕਈ ਸਟਾਲ ਵੀ ਖਿੱਚ ਦਾ ਕੇਂਦਰ ਰਹੇ, ਅਣਗਿਣਤ ਸਟਾਲ ਲਗਾਏ ਗਏ ਜੋ ਧਰਮ ਸਾਹਿਤ, ਵਪਾਰ ਅਤੇ ਸਮਾਜਿਕ ਉਦੇਸ਼ਾਂ ਦੀ ਜਾਣਕਾਰੀ ਦੇ ਰਹੇ ਸਨ। ਸੈਨਹੋਜ਼ੇ ਗੁਰਦੁਆਰਾ ਸਾਹਿਬ ਦੇ ਵਲੰਟੀਅਰ ਟੀਮ, ਨਿੱਜੀ ਸੁਰੱਖਿਆ ਅਤੇ ਸੈਨਹੋਜ਼ੇ ਪੁਲਿਸ ਵੱਲੋਂ ਸੁਰੱਖਿਆ ਮੁਹੱਈਆ ਕਰਵਾਈ ਗਈ ਤਾਂ ਜੋ ਹੋਲੇ ਮਹੱਲੇ ਨੂੰ ਸੁਰੱਖਿਅਤ ਢੰਗ ਨਾਲ ਮਨਾਇਆ ਜਾ ਸਕੇ। ਸਥਾਨਕ ਅਤੇ ਰਾਜ ਦੇ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨੂੰ ਹੋਲੇ-ਮਹੱਲੇ ਦੀਆਂ ਵਧਾਈਆਂ ਦਿੱਤੀਆਂ। ਸੈਨਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸੇਵਾਦਾਰਾਂ ਅਤੇ ਸੰਗਤ ਨੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ 'ਚ ਮਦਦ ਕੀਤੀ ਅਤੇ ਸੰਗਤਾਂ ਦਾ ਹੋਲੇ-ਮਹੱਲੇ ਮੌਕੇ ਪਹੁੰਚਣ ਲਈ ਧੰਨਵਾਦ ਕੀਤਾ।















## ਘੋੜਸਵਾਰ, ਗੱਤਕਾ, ਖੇਡਾਂ, ਲੱਗੇ ਬਜ਼ਾਰ ਅਣਗਿਣਤ ਗੁਰੂ ਕੇ ਲੰਗਰ ਖਾਲਸਾ ਪੰਥ ਉਪਰ ਗਾਈਆ ਜਾ ਰਹੀਆਂ ਵਾਰਾਂ ਤੇ ਜੈਕਾਰਿਆਂ ਨਾਲ ਗੁਰੂਘਰ ਸੈਨਹੋਜ਼ੇ ਗੂੰਜ ਉਠਿਆ

# ਹੋਲੇ ਮਹੱਲੇ ਉਪਰ ਅਨੰਦਪੁਰੀ ਜਾਹੋ-ਜਲਾਲ ਵਿੱਚ ਰੰਗਿਆ ਗਿਆ ਸੈਨਹੋਜ਼ੇ






















ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# 'ਸੇਵਾ ਤੇ ਸਿਮਰਨ' ਦੇ ਧਾਰਨੀ

# ਸ੍ਰੀ ਗੁਰੂ ਅਮਰਦਾਸ ਜੀ



-ਰਮੇਸ਼ ਬੱਗਾ ਚੋਹਲਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੀਸਰੀ ਜੋਤ ਸ੍ਰੀ ਗੁਰੂ ਅਮਰਦਾਸ ਜੀ ਸਰੀਰਕ ਤੌਰ 'ਤੇ ਬੇਸ਼ੱਕ ਉਮਰ ਦੇ ਉਸ ਪੜਾਅ 'ਤੇ ਵਿਚਰ ਰਹੇ ਸਨ ਜਿੱਥੇ ਪਹੁੰਚ ਕੇ ਆਮ ਮਨੁੱਖ ਜਿਸਮਾਨੀ ਤੌਰ 'ਤੇ ਕੁਝ ਥਕਾਵਟ ਅਤੇ ਰੁਕਾਵਟ ਜਿਹੀ ਮਹਿਸੂਸ ਕਰਨ ਲੱਗ ਪੈਂਦਾ ਹੈ ਪਰ ਧੰਨ ਹਨ ਸ੍ਰੀ ਗੁਰੂ ਅਮਰਦਾਸ ਜੀ, ਜਿਨ੍ਹਾਂ ਨੇ ਸੇਵਾ ਤੇ ਸਿਮਰਨ ਸਦਕਾ ਜੀਵਨ ਵਿਚ ਪੈ ਚੁੱਕੀ ਸ਼ਾਮ ਨੂੰ ਇਕ ਸਿਖਰ ਦੁਪਹਿਰ ਵਿਚ ਢਾਲ ਲਿਆ।
ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ 1479 ਈ. ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਵਿਖੇ ਪਿਤਾ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ ਦੀ ਕੁੱਖੋਂ ਹੋਇਆ। ਉਂਝ ਭਾਈ ਤੇਜ ਭਾਨ ਜੀ ਦਾ ਸਾਰਾ ਘਰਾਣਾ ਬਹੁਤ ਹੀ ਸਤਿਕਾਰ ਅਤੇ ਪਿਆਰ ਵਾਲਾ ਸੀ। ਇਸ ਪਿਆਰ ਅਤੇ ਸਤਿਕਾਰ ਸਦਕਾ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਸੁੱਘੜ ਅਤੇ ਸਿਆਣੀ ਧੀ ਬੀਬੀ ਅਮਰੋ ਦਾ ਨਾਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਭਤੀਜੇ ਭਾਈ ਜੱਸੂ (ਸਪੁੱਤਰ ਮਾਣਕ ਚੰਦ) ਨਾਲ ਜੋੜਿਆ ਹੋਇਆ ਸੀ। ਸ੍ਰੀ ਗੁਰੂ ਅਮਰਦਾਸ ਜੀ ਬਚਪਨ ਤੋਂ ਹੀ ਕੁਝ ਉਪਰਾਮ ਸੁਭਾਅ ਦੇ ਮਾਲਕ ਸਨ ਪਰ ਮਾਤਾ-ਪਿਤਾ ਦੁਆਰਾ ਗ੍ਰਹਿਸਥ ਧਰਮ ਦੀ ਮਹਿਮਾ ਦ੍ਰਿੜ ਕਰਵਾਉਣ ਸਦਕਾ ਆਪ ਜੀ ਦੀ ਸ਼ਾਦੀ ਸਿਆਲਕੋਟ ਜ਼ਿਲ੍ਹੇ ਵਿਚਲੇ ਪਿੰਡ ਸਨਖੜਾ ਦੇ ਵਸਨੀਕ ਦੇਵੀ ਚੰਦ ਜੀ ਦੀ ਲਾਡਲੀ ਪੁੱਤਰੀ ਬੀਬੀ ਮਨਸਾ ਦੇਵੀ ਨਾਲ ਹੋਈ।
ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਹਰ ਛਿਮਾਹੀ ਗੰਗਾ ਇਸ਼ਨਾਨ ਕਰਨ ਲਈ ਪੈਦਲ ਹੀ ਜਾਇਆ ਕਰਦੇ ਸਨ। ਗਰਮੀ ਦੇ ਮੌਸਮ 'ਚ ਚੇਤ ਨੂੰ ਚੱਲ ਪੈਂਦੇ ਅਤੇ ਵਿਸਾਖੀ ਵਾਲੇ ਦਿਨ ਵਾਪਸੀ ਪਾਉਂਦੇ। ਸਿਆਲ ਦੀ ਰੁੱਤ 'ਚ ਅੱਸੂ ਦੇ ਮਹੀਨੇ ਰਵਾਨਾ ਹੁੰਦੇ ਅਤੇ ਕੱਤਕ ਦੀ ਪੂਰਨਮਾਸੀ ਮੋੜਾ ਪਾ ਦਿੰਦੇ। ਤੀਰਥ ਇਸ਼ਨਾਨ ਅਤੇ ਪੁੰਨ-ਦਾਨ ਦੇ ਬਾਵਜੂਦ ਵੀ ਮਨ ਦੀ ਅਵਸਥਾ ਟਿਕਾਅ ਵਾਲੀ ਨਹੀਂ ਸੀ ਬਣ ਰਹੀ।
ਇਸ ਅਵਸਥਾ ਤੱਕ ਪਹੁੰਚਾਉਣ ਲਈ ਆਪ ਜੀ ਦੀ ਭਤੀਜ ਨੂੰਹ ਬੀਬੀ ਅਮਰੋ ਨੇ ਬੜਾ ਹੀ ਇਤਿਹਾਸਕ ਤੇ ਸਹਾਈ ਰੋਲ ਅਦਾ ਕੀਤਾ ਕਿਉਂਕਿ ਅੰਮ੍ਰਿਤ ਵੇਲੇ ਜਦੋਂ ਬੀਬੀ ਅਮਰੋ ਜੀ ਆਪਣੇ ਮੁਖਾਰਬਿੰਦ 'ਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿੱਠੀ ਤੇ ਰਸੀਲੀ ਬਾਣੀ ਪੜ੍ਹਦੇ ਤਾਂ ਸ੍ਰੀ ਗੁਰੂ ਅਮਰਦਾਸ ਜੀ ਕੰਧ ਨਾਲ ਲੱਗ ਕੇ ਦਿਨ ਚੜ੍ਹਦੇ ਤੱਕ ਸੁਣਦੇ ਰਹਿੰਦੇ। ਇਕ ਦਿਨ ਬੀਬੀ ਜੀ ਕਿਸੇ ਜ਼ਰੂਰੀ ਕੰਮ ਆਪਣੇ ਪੇਕੇ (ਖਡੂਰ ਸਾਹਿਬ) ਚਲੇ ਗਏ।
ਬਾਣੀ ਨੂੰ ਪੜ੍ਹਨ-ਸੁਣਨ ਦੀ ਇੱਛਾ ਦਾ ਜ਼ਿਕਰ ਉਨ੍ਹਾਂ ਨੇ ਆਪਣੀ ਭਾਬੀ ਭਾਗੋ ਜੀ ਨਾਲ ਕੀਤੀ। ਭਾਬੀ ਭਾਗੋ ਨੇ ਕਿਹਾ ਕਿ ਜੇਕਰ ਤੁਹਾਨੂੰ ਬਾਣੀ ਸੁਣਨ ਦੀ ਚਾਹ ਹੈ ਤਾਂ ਕਿਉਂ ਨਹੀਂ ਉਸ ਦੇ ਪਿਤਾ (ਸ੍ਰੀ ਗੁਰੂ ਅੰਗਦ ਦੇਵ ਜੀ) ਪਾਸ ਹੀ ਚਲੇ ਜਾਂਦਾ। ਪੇਕਿਆਂ ਤੋਂ ਵਾਪਸ ਆ ਕੇ ਜਦੋਂ ਬੀਬੀ ਅਮਰੋ ਨੇ ਆਪਣੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਵਿਚ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਮੋਲਕ ਵਚਨ "ਕਰਣੀ ਕਾਗਦ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ" ਪੜ੍ਹਿਆ ਤਾਂ ਉਸ ਸ਼ਬਦ ਵਿਚਲੀ ਦਸ਼ਾ ਸ੍ਰੀ ਗੁਰੂ ਅਮਰਦਾਸ ਜੀ ਦੀ ਵੀ ਸੀ। ਉਹ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ। ਉਥੇ ਰਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਤਨ-ਮਨ ਨਾਲ ਸੇਵਾ ਕੀਤੀ। ਸੇਵਾ ਕਰਦਿਆਂ ਪਾਣੀ ਢੋਂਦਿਆਂ ਹੱਥ ਫੁੱਟ ਗਏ ਪਰ ਆਪ ਧੀਰਜ ਦੀ ਮੂਰਤੀ ਬਣ ਗਏ। ਨਿੱਤ ਦੀ ਕਾਰ ਨਹੀਂ ਬਦਲੀ। ਅੰਮ੍ਰਿਤ ਵੇਲੇ ਉੱਠਣਾ ਤੇ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਭਰ ਲਿਆਉਣੀ, ਗੁਰੂ ਪਾਤਸ਼ਾਹ ਦਾ ਇਸ਼ਨਾਨ ਕਰਵਾਉਣਾ, ਲੰਗਰ ਲਈ ਬਾਲਣ ਲਿਆਉਣਾ ਅਤੇ ਜੂਠੇ ਭਾਂਡਿਆਂ ਨੂੰ ਸਾਫ਼ ਕਰਨਾ ਆਦਿ।



ਇਸ ਨਿਸ਼ਕਾਮ ਸੇਵਾ ਦੇ ਫਲਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦਾ ਤੀਸਰਾ ਪਹਿਰੇਦਾਰ ਥਾਪ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਦਾ ਵਾਰਿਸ ਬਣਨ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ 22 ਸਾਲ ਮਨੁੱਖੀ ਭਾਈਚਾਰੇ ਦੀ ਬਰਾਬਰੀ ਅਤੇ ਬਿਹਤਰੀ ਲਈ ਬਿਤਾਏ। ਵਡੇਰੀ ਉਮਰ ਵਿਚ ਸਿੱਖੀ ਨੂੰ ਧਾਰਨ ਕਰਨ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੱਤਾ। ਆਪ ਨੇ ਔਰਤ ਜਾਤੀ ਦੇ ਹੱਕ ਵਿਚ ਭੁਗਤਦਿਆਂ ਸਤੀ ਪ੍ਰਥਾ ਅਤੇ ਪਰਦੇ ਦੀ ਰਸਮ ਨੂੰ ਸਮਾਪਤ ਕਰਨ ਵਿਚ ਅਹਿਮ ਯੋਗਦਾਨ ਪਾਇਆ। ਜਾਤ-ਪਾਤ ਦੇ ਬੰਧਨ ਨੂੰ ਤੋੜਿਆ ਅਤੇ ਵਿਧਵਾ-ਵਿਆਹ ਦੀ ਆਰੰਭਤਾ ਕੀਤੀ। ਊਚ-ਨੀਚ ਤੇ ਛੂਤ-ਛਾਤ ਦੇ ਭਰਮ ਨੂੰ ਮਿਟਾਉਣ ਲਈ ਗੁਰੂ ਕੇ ਲੰਗਰ ਵਿਚੋਂ ਰਾਜਾ ਤੇ ਰੰਕ ਨੂੰ ਇਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣ ਦਾ ਹੁਕਮ ਦਿੱਤਾ। ਇਸ ਹੁਕਮ ਦੀ ਪਾਲਣਾ ਵਕਤ ਦੇ ਬਾਦਸ਼ਾਹ ਅਕਬਰ ਨੂੰ ਵੀ ਕਰਨੀ ਪਈ। ਸਮਾਜ ਵਿਚੋਂ ਨਸ਼ਿਆਂ ਜਿਹੀ ਬੁਰਾਈ ਨੂੰ ਖ਼ਤਮ ਕਰਨ ਵਿਚ ਵੀ ਸ੍ਰੀ ਗੁਰੂ ਅਮਰਦਾਸ ਜੀ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਬਾਉਲੀ ਸਾਹਿਬ ਨੂੰ ਸਿੱਖੀ ਦਾ ਤੀਰਥ ਬਣਾਇਆ। ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ। ਸਿੱਖ ਇਤਿਹਾਸ 'ਚ ਕੁਝ ਨਵੀਆਂ ਪਿਰਤਾਂ ਪਾਉਣ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਸੰਸਾਰਿਕ ਯਾਤਰਾ ਨੂੰ ਸੰਪੂਰਨ ਕਰਨ ਤੋਂ ਪਹਿਲਾਂ ਭਾਦੋਂ ਸੁਦੀ 15 ਸੰਮਤ 1631 ਅਰਥਾਤ 1 ਸਤੰਬਰ 1574 ਈ. ਨੂੰ ਆਪਣੇ ਦਮਾਦ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਪੰਜਵਾਂ ਵਾਰਿਸ ਥਾਪ ਕੇ ਜੋਤੀ-ਜੋਤ ਸਮਾ ਗਏ।

# ਸ੍ਰੀ ਗੁਰੂ ਅਮਰਦਾਸ ਜੀ ਦਾ ਸਿਖ ਧਰਮ ਨੂੰ ਵੱਡਾ ਯੋਗਦਾਨ

ਗੁਰੂ ਅਮਰਦਾਸ ਜੀ ਦਾ ਜਨਮ ਸੰਨ 1479 'ਚ ਪਿਤਾ ਸ਼੍ਰੀ ਤੇਜ ਭਾਨ ਜੀ ਦੇ ਗ੍ਰਹਿ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਬਾਸਰਕੇ, ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ। ਵਿਆਹ—ਆਪ ਜੀ ਦਾ ਵਿਆਹ ਸ਼੍ਰੀ ਦੇਵੀ ਚੰਦ ਬਹਿਲ ਦੀ ਧੀ ਮਨਸਾ ਦੇਵੀ (ਜਿਨ੍ਹਾਂ ਨੂੰ ਰਾਮ ਕੌਰ ਜੀ ਵੀ ਕਿਹਾ ਗਿਆ ਹੈ) ਨਾਲ ਹੋਇਆ। ਆਪ ਜੀ ਦੇ ਦੋ ਸਪੁੱਤਰ ਬਾਬਾ ਮੋਹਰੀ ਅਤੇ ਬਾਬਾ ਮੋਹਨ ਜੀ ਤੇ ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਜੀ ਸਨ।
ਆਪ ਜੀ ਵੈਸ਼ਨਵ ਮਤ ਦੇ ਹੋਣ ਕਰਕੇ ਹਰ ਸਾਲ ਹਰਿਦੁਆਰ ਦੀ ਯਾਤਰਾ 'ਤੇ ਜਾਂਦੇ ਪਰ ਆਤਮ-ਰਸ ਨਹੀਂ ਸੀ ਆਇਆ। ਜਦੋਂ ਆਪ ਆਪਣੀ ਵੀਹਵੀਂ ਯਾਤਰਾ ਸਮੇਂ ਵਾਪਿਸ ਮੁੜ ਰਹੇ ਸੀ ਤਾਂ ਇਕ ਬ੍ਰਹਮਚਾਰੀ ਨੇ ਇਹ ਜਾਣ ਕੇ ਕਿ ਆਪ ਨਿਗੁਰੇ ਹੋ, ਆਪ ਦਾ ਅੰਨ-ਪਾਣੀ ਗ੍ਰਹਿਣ ਨਾ ਕੀਤਾ ਤੇ ਬੁਰਾ-ਭਲਾ ਕਹਿੰਦਾ ਨੱਠ ਗਿਆ। ਇਸ ਤੋਂ ਆਪ ਜੀ ਦੇ ਮਨ ਵਿਚ ਗੁਰੂ ਧਾਰਨ ਲਈ ਬਹੁਤ ਗਹਿਰੀ ਠੋਕਰ ਵੱਜੀ।
ਇਕ ਦਿਨ ਆਪ ਜੀ ਨੇ ਆਪਣੇ ਭਰਾ ਦੀ ਨੂੰਹ ਬੀਬੀ ਅਮਰੋ, ਜੋ ਕਿ ਗੁਰੂ ਅੰਗਦ ਦੇਵ ਜੀ ਦੀ ਧੀ ਸੀ, ਦੇ ਮੁੱਖੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣੀ ਅਤੇ ਐਸਾ ਪ੍ਰੇਮ ਜਾਗਿਆ ਕਿ ਆਪਣਾ ਕੁੜਮਾਂ ਵਾਲਾ ਰਿਸ਼ਤਾ ਭੁਲਾ, ਆਪ ਜੀ ਗੁਰੂ ਅੰਗਦ ਦੇਵ ਜੀ ਦੀ ਸੇਵਾ 'ਚ ਹਾਜ਼ਰ ਹੋ ਗਏ। ਆਪ ਜੀ ਦੀ ਉਮਰ ਉਸ ਵੇਲੇ ਲੱਗਭਗ 61-62 ਵਰ੍ਹੇ ਦੀ ਸੀ ਅਤੇ ਗੁਰੂ ਅੰਗਦ ਦੇਵ ਜੀ 36 ਕੁ ਵਰ੍ਹੇ ਦੇ ਸਨ। ਆਪ ਅੰਮ੍ਰਿਤ ਵੇਲੇ ਉੱਠ ਕੇ ਲੱਗਭਗ ਪੰਜ ਮੀਲ ਦੂਰ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਤੇ ਗੁਰੂ ਜੀ ਨੂੰ ਇਸ਼ਨਾਨ ਕਰਾਉਂਦੇ। ਫਿਰ ਦਿਨ-ਰਾਤ ਲੰਗਰ ਵਿਚ ਹਰ ਪ੍ਰਕਾਰ ਦੀ ਸੇਵਾ ਅਣਥੱਕ ਹੋ ਕੇ ਕਰਦੇ।
ਇਕ ਦਿਨ ਭਰੀ ਸਿਆਲ ਦੀ ਰੁੱਤੇ ਆਪ ਜੀ ਆਪਣੇ ਨੇਮ ਮੁਤਾਬਿਕ ਬਿਆਸ ਤੋਂ ਜਲ ਦੀ ਗਾਗਰ ਲਿਆ ਰਹੇ ਸੀ। ਜ਼ੋਰ ਦਾ ਮੀਂਹ ਵਰ੍ਹਨ 'ਤੇ ਠੱਕਾ ਵਗਣ ਲੱਗ ਪਿਆ ਸੀ। ਘੁੱਪ ਹਨੇਰਾ, ਹਨੇਰੀ ਤੇ ਮੀਂਹ ਦਾ ਜ਼ੋਰ, ਬਿਰਧ ਸਰੀਰ, ਮੋਢੇ ਉਤੇ ਜਲ ਦੀ ਗਾਗਰ ਅਤੇ ਰਾਹ ਵਿਚ ਚਿੱਕੜ ਤੇ ਤਿਲਕਣ, ਸਭ ਜਲ-ਥਲ ਹੋਣ ਕਾਰਨ ਰਾਹ ਦਾ ਪਤਾ ਨਾ ਲੱਗਾ ਅਤੇ ਆਪ ਜੁਲਾਹੇ ਦੀ ਖੱਡੀ ਵਿਚ ਡਿੱਗ ਪਏ ਪਰ ਗਾਗਰ ਨਾ ਡਿਗਣ ਦਿੱਤੀ।
ਖੜਾਕ ਸੁਣ ਕੇ ਜੁਲਾਹੇ ਨੇ ਜੁਲਾਹੀ ਨੂੰ ਕਿਹਾ, "ਕੋਈ ਖੱਡੀ ਵਿਚ ਡਿਗ ਪਿਆ ਜਾਪਦਾ ਹੈ, ਪਤਾ ਨਹੀਂ ਕੌਣ ਹੈ।" ਜੁਲਾਹੀ ਨੇ ਉੱਤਰ ਦਿੱਤਾ, "ਹੋਣਾ ਏ ਅਮਰੂ ਨਿਥਾਵਾਂ, ਜੋ ਆਪਣੇ ਕੁੜਮਾਂ ਦੇ ਦਰ ਦੇ ਟੁੱਕਰ ਖਾਂਦਾ ਫਿਰਦਾ ਏ। ਇਹਦਾ ਕੁੜਮ ਵੀ ਪਾਖੰਡੀ ਗੁਰੂ ਬਣ ਕੇ ਲੋਕਾਈ ਨੂੰ ਆਪਣੇ ਪਿੱਛੇ ਲਾ ਰਿਹਾ ਹੈ।" ਆਪ ਜੀ ਉੱਠੇ, ਗੁਰੂ ਜੀ ਦੀ ਨਿੰਦਿਆ ਨਾ ਸਹਾਰਦੇ ਹੋਏ ਕਹਿਣ ਲੱਗੇ, "ਕਮਲੀਏ! ਮੇਰਾ ਗੁਰੂ ਦੀਨ-ਦੁਨੀ ਦਾ ਮਾਲਕ ਹੈ। ਮੈਨੂੰ ਉਸ ਦਾ ਟਿਕਾਣਾ ਮਿਲ ਗਿਆ ਹੈ, ਮੈਂ ਨਿਥਾਵਾਂ ਕਿਵੇਂ ਹੋਇਆ?" ਦਿਨ ਚੜ੍ਹੇ ਗੁਰੂ ਜੀ ਨੇ ਆਪ ਜੀ ਪਾਸੋਂ ਰਾਹ ਵਿਚ ਵਾਪਰੀ ਘਟਨਾ ਦਾ ਹਾਲ ਪੁੱਛਿਆ। ਇੰਨੇ ਨੂੰ ਜੁਲਾਹਾ ਵੀ ਉਥੇ ਹੀ ਆ ਗਿਆ। ਉਸ ਨੇ ਰੋਂਦੇ-ਕੁਰਲਾਉਂਦੇ ਸਾਰੀ ਗੱਲ ਦੱਸੀ ਅਤੇ ਕਿਹਾ ਕਿ "ਜੁਲਾਹੀ ਉਦੋਂ ਦੀ ਹੀ ਕਮਲੀ ਹੋ ਗਈ ਹੈ। ਇਸ ਨੇ ਡਾਢੀ ਭੁੱਲ ਕੀਤੀ ਹੈ, ਮਹਾਰਾਜ ਇਸ ਨੂੰ ਬਖਸ਼ ਲਵੋ।"
ਗੁਰੂ ਅੰਗਦ ਦੇਵ ਜੀ ਨੇ ਆਪ ਜੀ ਵੱਲ ਇਸ਼ਾਰਾ ਕੀਤਾ। ਆਪ ਜੀ ਦੀ ਮਿਹਰ ਭਰੀ ਨਜ਼ਰ ਜੁਲਾਹੀ 'ਤੇ ਪਈ ਅਤੇ ਸੰਗਤ ਦੇ ਦੇਖਦੇ-ਦੇਖਦੇ ਹੀ ਜੁਲਾਹੀ ਨਵੀਂ-ਨਰੋਈ ਹੋ ਗਈ। ਫਿਰ ਗੁਰੂ ਜੀ ਨੇ ਬਾਬਾ ਅਮਰਦਾਸ ਜੀ ਨੂੰ ਬਖਸ਼ਿਸ਼ਾਂ ਦਿੰਦਿਆਂ ਕਿਹਾ, "ਪੁਰਖਾ! ਤੁਸੀਂ ਨਿਮਾਣਿਆਂ ਦੇਮਾਣ ਹੋ, ਨਿਓਟਿਆਂ ਦੀ ਓਟ ਹੋ, ਨਿਆਸਰਿਆਂ ਦੇ ਆਸਰੇ ਹੋ, ਨਿਥਾਵਿਆਂ ਦੇ ਥਾਂ ਹੋ। ਤੁਹਾਡੀ ਸੇਵਾ ਥਾਂਇ ਪਈ।" ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਨੂੰ 25 ਮਾਰਚ ਸੰਨ 1552 ਨੂੰ ਖਡੂਰ ਸਾਹਿਬ, ਜ਼ਿਲਾ ਅੰਮ੍ਰਿਤਸਰ ਵਿਖੇ ਗੁਰਿਆਈ ਦਾ ਤਿਲਕ ਲਾਇਆ।

**ਗੁਰੂ ਅਮਰਦਾਸ ਜੀ ਦੇ ਜੀਵਨ ਕਾਲ ਸਮੇਂ ਦੇ ਕਾਰਜ**

1. ਗੋਇੰਦਵਾਲ ਵਸਾਇਆ-ਗੋਂਦੇ ਮਰਵਾਹੇ ਦੀ ਬੇਨਤੀ ਮੰਨ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੋਂਦੇ ਨਾਲ ਜਾ ਕੇ ਬਿਆਸ ਦੇ ਪਾਸ ਨਗਰੀ ਵਸਾਉਣ ਦੀ ਆਗਿਆ ਕੀਤੀ। ਗੁਰੂ ਅਮਰਦਾਸ ਜੀ ਨੇ ਨਗਰੀ ਵਸਾਈ ਅਤੇ ਉਸ ਦਾ ਨਾਂ ਗੋਇੰਦਵਾਲ ਰੱਖਿਆ।
2. ਬਾਉਲੀ ਸਾਹਿਬ-ਗੁਰੂ ਸਾਹਿਬ ਨੇ ਗੋਇੰਦਵਾਲ ਵਿਖੇ 84 ਪੌੜੀਆਂ ਵਾਲੀ ਇਕ ਬਹੁਤ ਵੱਡੀ ਬਾਉਲੀ ਬਣਵਾਈ, ਜਿਸ ਵਿਚੋਂ ਬਿਨਾਂ ਕਿਸੇ ਮਜ਼੍ਹਬ, ਜਾਤ-ਪਾਤ, ਵਿਤਕਰੇ-ਵੰਡ ਦੇ ਸਾਰੇ ਲੋਕ ਪਾਣੀ ਭਰ ਕੇ ਲਿਜਾਂਦੇ ਤੇ ਇਸ਼ਨਾਨ ਕਰਦੇ ਸਨ।
3. ਸੰਗਤ ਅਤੇ ਪੰਗਤ-ਆਪ ਜੀ ਨੇ ਲੰਗਰ ਅਤੇ ਪੰਗਤ ਦੀ ਪੰ ?ਰਪਰਾ 'ਤੇ ਬਹੁਤ ਜ਼ੋਰ ਦਿੱਤਾ ਤੇ ਹੁਕਮ ਕੀਤਾ ਕਿ ਜਿਸ ਨੇ ਮੇਰੇ ਦਰਸ਼ਨ ਤੇ ਸੰਗਤ ਕਰਨੀ ਹੈ, ਉਹ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕੇ।
4. ਸਮਾਜ ਸੁਧਾਰ-ਗੁਰੂ ਜੀ ਨੇ ਆਪਣੇ ਜੀਵਨ ਕਾਲ 'ਚ ਸਮਾਜ ਸੁਧਾਰ 'ਤੇ ਬਹੁਤ ਜ਼ੋਰ ਦਿੱਤਾ, ਜਿਸ ਵਿਚ ਕਰਮ-ਕਾਂਡ, ਜਾਤ-ਪਾਤ, ਛੂਤ-ਛਾਤ, ਤੀਰਥ, ਵਰਤ, ਨੇਮ, ਮੜ੍ਹੀ, ਮਸਾਣਾਂ ਤੇ ਕਬਰਾਂ ਦੀ ਪੂਜਾ ਤੋਂ ਲੋਕਾਈ ਨੂੰ ਹਟਾ ਕੇ ਇਕ ਅਕਾਲ ਪੁਰਖ ਦੇ ਸਿਮਰਨ ਨਾਲ ਜੋੜਿਆ।
5. ਜਾਤ-ਪਾਤ ਤੋੜ ਕੇ ਵਿਆਹ-ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸਾਰੇ ਇਨਸਾਨ ਇਕ ਹਨ ਅਤੇ ਗ੍ਰਹਿਸਥ ਦੀ ਰਸਮ, ਜਾਤ-ਪਾਤ ਅਤੇ ਗੋਤ ਨੂੰ ਦੇਖ ਕੇ ਨਹੀਂ ਕਰਨੀ ਚਾਹੀਦੀ, ਬਲਕਿ ਇਨਸਾਨ ਦੇ ਗੁਣ ਦੇਖ ਕੇ ਕਰਨੀ ਚਾਹੀਦੀ ਹੈ।
6. ਸਤੀ ਦੀ ਰਸਮ ਦਾ ਖੰਡਨ-ਪੁਰਾਤਨ ਪ੍ਰੰਪਰਾ ਅਨੁਸਾਰ ਜਦੋਂ ਕਿਸੇ ਇਸਤਰੀ ਦਾ ਜਵਾਨ ਪਤੀ ਮਰ ਜਾਂਦਾ ਸੀ ਤਾਂ ਸਮਾਜ ਉਸ ਨੂੰ ਚਿਖਾ 'ਚ ਸੁੱਟ ਕੇ ਸਾੜ ਦਿੰਦਾ ਅਤੇ ਕਿਹਾ ਜਾਂਦਾ ਕਿ ਇਹ ਸਤੀ ਹੋ ਗਈ ਹੈ। ਗੁਰੂ ਜੀ ਨੇ ਉਪਦੇਸ਼ ਦੇ ਕੇ ਇਸ ਰਸਮ ਨੂੰ ਖਤਮ ਹੀ ਨਹੀਂ ਕੀਤਾ, ਬਲਕਿ ਪ੍ਰਚਾਰ ਵੀ ਕੀਤਾ ਕਿ ਵਿਧਵਾ ਇਸਤਰੀ ਦਾ ਪੁਨਰ-ਵਿਆਹ ਕਰਨਾ ਚਾਹੀਦਾ ਹੈ।
7. ਮੰਜੀਆਂ ਅਤੇ ਪੀੜ੍ਹੀਆਂ-ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਅਤੇ 52 ਪੀੜ੍ਹੀਆਂ ਥਾਪ ਕੇ ਧਰਮ ਪ੍ਰਚਾਰ ਦੇ ਕੇਂਦਰ ਕਾਇਮ ਕੀਤੇ ਅਤੇ ਗੁਰਸਿੱਖ ਮਰਦ ਤੇ ਇਸਤਰੀਆਂ ਨੂੰ ਸਿੱਖੀ ਦੇ ਪ੍ਰਚਾਰ ਲਈ ਇਨ੍ਹਾਂ ਦਾ ਮੋਢੀ ਥਾਪਿਆ।
8. ਚੱਕ ਰਾਮਦਾਸ ਸਥਾਪਿਤ ਕਰਨਾ-ਗੁਰੂ ਅਮਰਦਾਸ ਜੀ ਨੇ ਭਾਈ ਜੇਠਾ (ਰਾਮਦਾਸ ਜੀ) ਅਤੇ ਬਾਬਾ ਬੁੱਢਾ ਜੀ ਨੂੰ ਇਸ ਜਗ ?ਹਾ ਨੂੰ ਵਸਾਉਣ ਲਈ ਕਿਹਾ ਅਤੇ ਆਪ ਜਾ ਕੇ ਸਰੋਵਰ ਸਥਾਪਿਤ ਕਰਨ ਲਈ ਮਿੱਟੀ ਕੱਢੀ।

**ਜੋਤੀ-ਜੋਤਿ ਸਮਾਉਣਾ**-1 ਸਤੰਬਰ ਸੰਨ 1574 ਨੂੰ ਗੁਰੂ ਅਮਰਦਾਸ ਜੀ ਨੇ ਭਾਈ ਰਾਮਦਾਸ ਜੀ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਪੰਜ ਪਰਿਕਰਮਾ ਕੀਤੀਆਂ, ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਇਸ ਤੋਂ ਬਾਅਦ ਆਪ ਜੀ ਜੋਤੀ-ਜੋਤਿ ਸਮਾ ਗਏ।

# ਸ਼ਰਧਾ ਨਾਲ ਗੁਰੂ ਨਾਨਕ ਦੇ ਘਰ ਦੇ ਲੰਗਰ ਦੀ ਨਗਰ ਕੀਰਤਨ 'ਚ ਸੇਵਾ













ਵਿਦੇਸ਼ਾਂ ਵਿੱਚ ਖਾਲਸਾ ਪੰਥ ਦੀ ਵਿਰਾਸਤ ਗੁਰਦੁਆਰਾ ਸਾਹਿਬ ਸੈਨਹੋਜ਼ੇ ਕੈਲੀਫੋਰਨੀਆ ਵਿਖੇ ਗੁਰਦੁਆਰਾ ਸਾਹਿਬ 'ਚ ਐਤਵਾਰ 30 ਅਪ੍ਰੈਲ 2023 ਨੂੰ ਹੋਲਾ ਮਹੱਲਾ ਮਨਾਇਆ ਗਿਆ। ਹੋਲੇ-ਮਹੱਲੇ ਮੌਕੇ ਗੁਰਦੁਆਰਾ ਸਾਹਿਬ 'ਚ ਹਜ਼ਾਰਾਂ ਹੀ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਹੋਈਆ। ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਅਨੰਦਪੁਰ ਸਾਹਿਬ ਦਾ ਭੁਲੇਖਾ ਪਾ ਰਿਹਾ ਸੀ।

ਗੁਰਦਵਾਰਾ ਸਾਹਿਬ ਵਿਖੇ ਹਜਾਰਾਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਚਾਰੇ ਪਾਸੇ ਗੁਰੂ ਕੇ ਲੰਗਰ ਚਲ ਰਹੇ ਸਨ ਕਿਸੇ ਪਾਸੇ ਫਰੂਟ ਸਲਾਦ, ਕਿਸੇ ਪਾਸੇ ਆਈਸ ਕਰੀਮ, ਰੂਹ ਆਫਜਾ, ਸੰਤਰਿਆ ਦਾ ਤਾਜਾ ਜੂਸ ਬਸ ਗੁਰੂ ਕੇ ਲੰਗਰਾਂ ਦੇ ਕਿ ਕਹਿਣੇ। ਕਈ ਪ੍ਰਵਾਰਾਂ ਦੇ ਪ੍ਰਵਾਰ ਛੋਲੇ, ਭਟੂਰੇ, ਪਕੌੜੇ, ਜਲੇਬੀਆਂ, ਦੇ ਲੰਗਰ ਲਗਾਏ ਹੋਏ ਸਨ, ਕਿਸੇ ਪਾਸੇ ਸੇਵਾਦਾਰਾਂ ਵਲੋਂ ਤਾਜ਼ੀਆਂ ਪੂੜੀਆਂ ਖੁਆਈਆਂ ਜਾ ਰਹੀਆਂ ਸੀ ਕਿਸੇ ਪਾਸੇ ਮੈਂਗੋ ਸ਼ੇਕ ਤਾਜਾ ਤਾਜਾ ਜੂਸ ਪਿਲਾਇਆਂ ਜਾ ਰਿਹਾ ਸੀ। ਅਣਗਿਣਤ ਸੰਗਤਾਂ ਸੇਵਾ ਕਰ ਰਹੀਆਂ ਸਨ। ਇਸ ਬਾਰੇ 'ਸਾਡੇ ਲੋਕ' ਨਾਲ ਗੱਲਬਾਤ ਕਰਦਿਆਂ ਪੰਜਾਬੀ ਕਲਚਰ ਅਤੇ ਸਭਿਆਚਾਰ ਨੂੰ ਪ੍ਰਮੋਟ ਕਰਨ ਵਾਲੇ ਬਾਬਾ ਜੋਰਾਵਾਰ ਸਿੰਘ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ ਦੇ ਸੇਵਾਦਾਰਾਂ ਨੇ ਕਿਹਾ ਕਿ ਸੇਵਾ ਅਤੇ ਸਿਮਰਨ ਸਿੱਖੀ ਦੇ ਦੋ ਥੰਮ ਹਨ ਇਸ ਦੇ ਚਲਦੇ ਹੀ ਸਾਰੀ ਦੂਨੀਆ ਦੀਆ ਸੜਕਾ ਉਪਰ ਗੁਰੂ ਨਾਨਕ ਸਾਹਿਬ ਜੀ ਦੇ ਲੰਗਰ ਚਲ ਰਹੇ ਹਨ। ਇਸ ਮਹਾਨ ਪਵਿੱਤਰ ਨਗਰ ਕੀਰਤਨ ਉਪਰ ਸੰਗਤਾਂ ਦਾ ਠਾਠਾ ਮਾਰਦਾ ਇਕੱਠ ਸਵੇਰ ਤੋਂ ਸ਼ਾਮ ਤੱਕ ਲਾਈਨਾਂ ਵਿੱਚ ਲੱਗਕੇ ਇਸ ਗੁਰੂ ਨਾਨਕ ਸਾਹਿਬ ਜੀ ਦੇ ਲੰਗਰਾਂ ਵਿੱਚ ਅਣਗਿਣਤ ਗੁਰੂ ਕੀਆਂ ਸੰਗਤਾ ਲੰਗਰ ਛਕ ਰਹੀਆਂ ਹਨ ਸਬਜ਼ੀਆਂ ਦਾਲਾਂ, ਦੁੱਧ ਆਈਸ ਕਰੀਮ, ਡਰਾਈ ਫੂਡ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਗਿਣਿਆ ਹੀ ਨਹੀਂ ਜਾ ਸਕਦਾ, ਪ੍ਰਵਾਰਾਂ ਦੇ ਪ੍ਰਵਾਰ, ਪਿੰਡਾਂ ਦੇ ਪਿੰਡ ਅਤੇ ਵੱਖ ਵੱਖ ਗੁਰੂਘਰਾਂ ਦੇ ਸੇਵਾਦਾਰ ਥਾਂ-ਥਾਂ ਨਿਮਰਤਾ ਅਤੇ ਭਾਰੀ ਸ਼ਰਧਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਦੇ ਆਮ ਸੰਗਤਾਂ ਦੀ ਜੁਬਾਨ ਉਪਰ ਇਹ ਸੇਵਾ ਭਾਵਨਾ ਨੂੰ ਦੇਖਕੇ ਸੁਣਿਆ ਜਾ ਜਾਂਦਾ ਹੈ ਗੁਰਦੁਆਰਾ ਸਾਹਿਬ ਸੈਨਹੋਜ਼ੇ ਕੈਲੀਫੋਰਨੀਆ ਦਾ ਇਹ ਹੋਲੇ ਮਹੱਲੇ ਮਹਾਨ ਇਲਾਹੀ ਦਿਵਸ ਵਾਕਿਆ ਹੀ ਅਲੌਕਿਕ ਰੂਹਾਨੀ ਅਤੇ ਖਾਲਸਾਈ ਜਜ਼ਬਿਆ ਵਿੱਚ ਰੰਗਿਆ ਸੇਵਾ ਅਤੇ ਸ਼ਰਧਾ ਦਾ ਇੱਕ ਮਹਾਨ ਸੁਮੇਲ ਸੀ।

## ਦੇਖੋ ਨਗਰ ਗੁਰੂ ਕੇ ਲੰਗਰਾ ਦੀਆ ਵੱਖ ਝਲਕੀਆ ਤਸਵੀਰਾ ਦੀ ਜੁਬਾਨੀ









# ਸ਼ਰਧਾ ਨਾਲ ਗੁਰੂ ਨਾਨਕ ਦੇ ਘਰ ਦੇ ਲੰਗਰ ਦੀ ਨਗਰ ਕੀਰਤਨ 'ਚ ਸੇਵਾ














ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਸ੍ਰ. ਅਨਿੰਦਰਪਾਲ ਸਿੰਘ (ਬੱਬੂ) ਨੂੰ ਭਾਰੀ ਸਦਮਾ

# ਸਤਿਕਾਰਯੋਗ ਪਿਤਾ ਸ੍ਰ. ਕਰਮਜੀਤ ਸਿੰਘ ਨਹੀਂ ਰਹੇ



ਸਵ. ਸ੍ਰ. ਕਰਮਜੀਤ ਸਿੰਘ (1937-2023)

ਸ੍ਰ. ਅਨਿੰਦਰਪਾਲ ਸਿੰਘ (ਬੱਬੂ) ਅਤੇ ਉਨ੍ਹਾਂ ਦੇ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਸਤਿਕਾਰਯੋਗ ਪਿਤਾ ਜੀ ਸ੍ਰ. ਕਰਮਜੀਤ ਸਿੰਘ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 88 ਵਰ੍ਹਿਆਂ ਦੇ ਸਨ। ਡੇਢ ਕੁ ਸਾਲ ਪਹਿਲਾਂ ਉਹ ਪਿੰਡ ਲਾਡੇਵਾਲ (ਰੋਪੜ) ਤੋਂ ਅਮਰੀਕਾ ਆਏ ਸਨ। ਉਹ ਭਾਰਤ ਵਿਚ ਵੱਡੇ ਫਾਰਮਰ ਸਨ। ਉਹ ਆਪਣੇ ਪਿਛੇ ਸਪੁੱਤਰ ਅਤੇ ਧਰਮ ਪਤਨੀ ਮਾਤਾ ਸੁਰਜੀਤ ਕੌਰ ਛੱਡ ਗਏ ਹਨ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਸ੍ਰ. ਕਰਮਜੀਤ ਸਿੰਘ ਜੀ ਇੱਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਸ੍ਰ. ਕਰਮਜੀਤ ਸਿੰਘ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

**ਉਨ੍ਹਾਂ ਦਾ ਅੰਤਿਮ ਸਸਕਾਰ 6 ਮਈ ਦਿਨ ਸ਼ਨੀਵਾਰ ਨੂੰ ਸਵੇਰੇ 9.00 ਵਜੇ ਤੋਂ 11.00 ਵਜੇ ਤੱਕ ਹੋਵੇਗਾ**

PARK VIEW CEMETERY AND FUNERAL HOME

3661 FRENCH CAMP RD, MANTECA, CA 95336

**ਅੰਤਿਮ ਅਰਦਾਸ**

**ਦੁਪਹਿਰ 12.00 ਤੋਂ 2.00 ਵਜੇ ਤੱਕ**

**ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਹੋਵੇਗੀ।**

1930 SIKH TEMPLE ST, STOCKTON, CA 95206

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਸਪੁੱਤਰ ਅਨਿੰਦਰਪਾਲ ਸਿੰਘ (ਬੱਬੂ) 408-520-2128**

**ਪ੍ਰਿਤਪਾਲ ਸਿੰਘ (ਹਨੀ) 510-861-9255**


ਸ਼੍ਰੋਮਣੀ ਅਕਾਲੀ ਦਲ
ਪੰਜਾਬ ਦੀ ਲੋੜ
ਅਕਾਲੀ-ਬਸਪਾ ਗਠਜੋੜ
ਡਾ. ਸੁਖਵਿੰਦਰ ਕੁਮਾਰ ਸੁੱਖੀ
ਉਮੀਦਵਾਰ, ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ
ਲੋਕ ਸਭਾ ਹਲਕਾ ਜਲੰਧਰ
ਜਲੰਧਰ ਨਿਵਾਸੀਓ ਕਿਤੇ ਗੁਰਦਾਰਪੁਰ ਵਾਲੀ
ਗਲਤੀ ਨਾ ਕਰੀਓ
ਹਮੇਸ਼ਾ ਕਮਿਉਨਟੀ ਦੇ ਕੰਮਾਂ ਨੂੰ ਬਿਨਾ ਕਿਸੇ
ਭੇਦਭਾਵ ਦੇ ਕਰਨ ਵਾਲੇ ਇਮਾਨਦਾਰ ਪਾਕ
ਸਾਫ ਸ਼ਖ਼ਸੀਅਤ ਦੇ ਮਾਲਕ ਦੀ ਅਸੀਂ
ਤਨ ਮਨ ਧੰਨ ਨਾਲ ਮਦਦ ਕਰਦੇ ਹਾਂ
ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ ਬਿਜਨਸਮੈਨ
ਸ. ਨਾਨਕ ਸਿੰਘ

Sourdough & Co

Sandwiches • Soups • Salads

Naturally Better!


# ਧਾਮੀ ਭਰਾਵਾਂ ਵਲੋਂ ਰੈਸਟੋਰੈਂਟ ਬਿਜਨਸ 'ਚ ਸਿਰਜਿਆ ਇਤਿਹਾਸ

## Sourdough & Co. ਚੇਨ ਦਾ ਚੌਥਾ ਰੈਸਟੋਰੈਂਟ ਲਿਵਰਮੋਰ 'ਚ

ਲਿਵਰਮੋਰ/ਕੈਲੀਫੋਰਨੀਆ, (ਸਾਡੇ ਲੋਕ) : ਅਮਰੀਕਾ ਦੇ ਉਘੇ ਸਿੱਖ ਧਾਮੀ ਪਰਿਵਾਰ ਸ੍ਰ. ਗੁਰਜੀਤ ਸਿੰਘ ਧਾਮੀ ਅਤੇ ਸ੍ਰ. ਬਹਾਦਰ ਸਿੰਘ ਧਾਮੀ ਪਰਿਵਾਰ ਨੇ ਟਰਾਂਸਪੋਰਟ ਤੋਂ ਅਮਰੀਕਨ ਫੂਡ ਰੈਸਟੋਰੈਂਟ ਚੇਨ 'ਚ ਪੈਰ ਰੱਖਿਆ ਅਤੇ ਕੁਝ ਹੀ ਸਮੇਂ ਵਿਚ Sourdough & Co. ਕੰਪਨੀ ਦਾ ਚੌਥਾ ਰੈਸਟੋਰੈਂਟ ਲਿਵਰਮੋਰ ਸ਼ਹਿਰ ਵਿਚ ਖੋਲ੍ਹਿਆ ਜਿਸ ਵਿਚ ਪਹਿਲੇ ਦਿਨ ਤੋਂ ਹੀ ਵੱਡੀ ਤਾਦਾਦ 'ਚ ਲੋਕ ਖਾਣਾ ਖਾਣ ਪਹੁੰਚੇ। ਇਥੇ ਇਹ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ Dublin, Paterson, Tracy 'ਚ ਪਹਿਲਾਂ ਹੀ ਬਹੁਤ ਕਾਮਯਾਬੀ ਨਾਲ ਚੱਲ ਰਹੇ ਹਨ। ਇਸ ਚੇਨ ਰੈਸਟੋਰੈਂਟ ਦਾ ਖਾਣਾ ਤਾਜ਼ਾ ਸਵਾਦਿਸ਼ਟ ਅਤੇ ਆਰਡਰ ਉਪਰ ਨਾਲੋ-ਨਾਲ ਤਿਆਰ ਕੀਤਾ ਜਾਂਦਾ ਹੈ। ਇਸ ਦਾ ਖਾਣਾ ਆਪਣੇ ਆਪ 'ਚ ਯੂਨੀਕ ਫੂਡ ਹੈ। ਤਕਰੀਬਨ ਅਮਰੀਕਾ ਉਪਰ ਹਰ ਤਰ੍ਹਾਂ ਦੇ ਲੋਕ ਇਸ ਖਾਣੇ ਨੂੰ ਪਸੰਦ ਕਰਦੇ ਹਨ। ਰੈਸਟੋਰੈਂਟ ਉਪਰ ਫੂਡ ਖਾਣ ਅਤੇ ਲੈ ਕੇ ਜਾਣ ਵਾਲੇ ਜੇਕਰ 20 ਲੋਕਾਂ ਦੀ ਲਿਸਟ 'ਚੋਂ ਦੇਖੀਏ ਤਾਂ ਤਕਰੀਬਨ 15 ਲੋਕ ਵੱਖ-ਵੱਖ ਕਮਿਊਨਿਟੀਆਂ ਤੋਂ ਹੁੰਦੇ ਹਨ। 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਧਾਮੀ ਭਰਾਵਾਂ ਸ੍ਰ. ਗੁਰਜੀਤ ਸਿੰਘ ਧਾਮੀ ਅਤੇ ਸ੍ਰ. ਬਹਾਦਰ ਸਿੰਘ ਧਾਮੀ ਨੇ ਦੱਸਿਆ ਕਿ ਅਕਾਲ ਪੁਰਖ ਦੀ ਕਿਰਪਾ ਨਾਲ ਟਰਾਂਸਪੋਰਟ ਦਾ ਕੰਮ ਬਹੁਤ ਹੀ ਵਧੀਆ ਹੈ ਪਰ ਰੈਸਟੋਰੈਂਟ ਦੇ ਸ਼ੌਕ ਨੇ ਸਾਨੂੰ ਇਸ ਲਾਈਨ 'ਚ ਲੈ ਕੇ ਆਂਦਾ। ਅੱਜ ਅਕਾਲ ਪੁਰਖ ਦੀ ਕਿਰਪਾ ਨਾਲ ਬੱਲੇ-ਬੱਲੇ ਹੈ। ਉਨ੍ਹਾਂ ਕਿਹਾ ਕਿ ਬੰਦੇ ਦੀ ਲਿਆਕਤ ਤੇ ਸਿਆਣਪ ਤਾਂ ਹੀ ਕੰਮ ਕਰਦੀ ਹੈ ਜੇਕਰ ਅਕਾਲ ਪੁਰਖ ਰਹਿਮਤ ਕਰਕੇ ਆਪਣਾ ਸਿਰ 'ਤੇ ਹੱਥ ਰੱਖ ਕੇ ਕੰਮ ਕਰਾਏ। ਉਨ੍ਹਾਂ ਕਮਿਊਨਿਟੀ ਅਤੇ ਵਾਹਿਗੁਰੂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਤੁਸੀਂ ਕਿਸੇ ਵੀ ਲੁਕੇਸ਼ਨ 'ਤੇ ਪਰਿਵਾਰ ਨਾਲ ਖਾਣਾ ਖਾਣ ਆਓ ਤੁਹਾਨੂੰ ਘਰ ਪਰਿਵਾਰ ਵਾਲਾ ਸਕੂਨ ਮਿਲੇਗਾ।

# ਕਰਨਾਟਕ ਵਿਧਾਨ ਸਭਾ ਚੋਣਾਂ: ਇਤਿਹਾਸਕ ਪ੍ਰਸੰਗ

*ਭਾਜਪਾ 2008 ਵਿਚ 110 ਸੀਟਾਂ 'ਤੇ ਕੁੱਲ ਪਈਆਂ ਵੋਟਾਂ ਦਾ 34% ਲੈ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਪਰ ਇਹ ਬਹੁਮਤ ਤੋਂ 3 ਸੀਟਾਂ ਘੱਟ ਸੀ। ਕਾਂਗਰਸ 35% ਵੋਟਾਂ ਲੈ ਕੇ 80 ਸੀਟਾਂ ਹੀ ਜਿੱਤ ਸਕੀ। ਜਨਤਾ ਦਲ (ਸੈਕੂਲਰ) ਨੂੰ 28 ਅਤੇ ਜਨਤਾ ਦਲ (ਸੰਯੁਕਤ) ਨੂੰ 2 ਸੀਟਾਂ ਮਿਲੀਆਂ।*



**ਜਗਰੂਪ ਸਿੰਘ ਸੇਖੋਂ**

ਕਰਨਾਟਕ ਵਿਧਾਨ ਸਭਾ ਦੀ ਸੋਲਵੀਂ ਚੋਣ 10 ਮਈ ਤਰੀਕ ਨੂੰ ਹੋਣੀ ਹੈ ਅਤੇ ਨਤੀਜੇ 13 ਨੂੰ ਆਉਣਗੇ। ਇਹ ਚੋਣਾਂ ਕਾਂਗਰਸ ਅਤੇ ਭਾਜਪਾ, ਦੋਹਾਂ ਵਾਸਤੇ ਬਹੁਤ ਅਹਿਮ ਹਨ। ਕਾਂਗਰਸ ਦੀ ਇਸ ਰਾਜ ਵਿਚ ਜਿੱਤ ਇਸ ਨੂੰ ਕੇਂਦਰ ਦੀ ਰਾਜਨੀਤੀ ਵਿਚ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਵੱਡਾ ਹੁਲਾਰਾ ਦੇਵੇਗੀ। ਭਾਜਪਾ ਲਈ ਦੱਖਣ ਭਾਰਤ ਵਿਚ ਆਪਣਾ ਇੱਕੋ-ਇੱਕ ਕਿਲ੍ਹਾ ਬਚਾਉਣ ਲਈ ਵੱਡੀ ਵੰਗਾਰ ਹੈ। ਗੁਜਰਾਤ, ਉੱਤਰ ਪ੍ਰਦੇਸ਼ ਤੇ ਆਸਾਮ ਤੋਂ ਬਾਅਦ ਕਰਨਾਟਕ ਭਾਜਪਾ ਵਾਸਤੇ ਹਿੰਦੂਤਵ ਦੀ ਪ੍ਰਯੋਗਸ਼ਾਲਾ ਵੀ ਹੈ।

1952 ਤੋਂ ਹੁਣ ਤੱਕ ਹੋਈਆਂ 15 ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ 9 ਵਾਰ ਇਕੱਲਿਆਂ ਸਰਕਾਰ ਬਣਾਈ ਤੇ 2 ਵਾਰ ਜਨਤਾ ਦਲ (ਸੈਕੂਲਰ) ਨਾਲ ਮਿਲ ਕੇ; 2 ਵਾਰ ਜਨਤਾ ਪਾਰਟੀ ਦੀ ਸਰਕਾਰ (1983, 1985) ਬਣੀ ਤੇ ਇੱਕ ਵਾਰ ਜਨਤਾ ਦਲ (1994) ਦੀ। ਫਿਰ ਜਨਤਾ ਦਲ ਵਿਚ ਫੁੱਟ ਪੈ ਗਈ ਤੇ ਦੇਵਗੌੜਾ ਨੇ ਵੱਖਰਾ ਜਨਤਾ ਦਲ (ਸੈਕੂਲਰ) ਬਣਾ ਲਿਆ ਤੇ ਕਾਂਗਰਸ ਨਾਲ ਮਿਲ ਕੇ 2004 ਤੇ 2018 ਵਿਚ ਸਰਕਾਰਾਂ ਬਣਾਈਆਂ। ਭਾਜਪਾ ਨੇ ਕੇਵਲ ਇੱਕ ਵਾਰੀ 2008 ਵਿਚ 110 ਸੀਟਾਂ ਜਿੱਤ ਕੇ ਆਜ਼ਾਦ ਉਮੀਦਵਾਰਾਂ ਦੀ ਮਦਦ ਨਾਲ ਪੰਜ ਸਾਲ ਸਰਕਾਰ ਚਲਾਈ। ਇਸ ਪਾਰਟੀ ਨੇ ਜਿੰਨੀ ਵਾਰ ਵੀ ਸਰਕਾਰਾਂ ਬਣਾਈਆਂ ਹਨ, ਜੋੜ-ਤੋੜ ਨਾਲ ਹੀ ਬਣਾਈਆਂ ਹਨ; ਪਾਰਟੀ ਨੂੰ ਕਦੀ ਬਹੁਮਤ ਨਹੀਂ ਮਿਲਿਆ।

1978 ਤੱਕ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਪੂਰਾ ਦਬਦਬਾ ਰਿਹਾ। 1952 ਦੀਆਂ ਚੋਣਾਂ ਵਿਚ ਕਾਂਗਰਸ ਨੇ 99 ਵਿਚੋਂ 74 ਸੀਟਾਂ ਜਿੱਤੀਆਂ ਅਤੇ ਕੇਨਗਲ ਹਨੂੰਮੰਥਾ ਪਹਿਲੇ ਮੁੱਖ ਮੰਤਰੀ ਬਣੇ ਪਰ ਛੇਤੀ ਹੀ ਉਹਨਾਂ ਦੀ ਥਾਂ ਕੇ ਮਨਜੰਪਾ ਅਤੇ ਬਾਅਦ ਵਿਚ ਐਸ ਨਿਜਲਲਿੰਗਪਾ ਮੁੱਖ ਮੰਤਰੀ ਬਣੇ। ਦੱਸਣਾ ਬਣਦਾ ਹੈ ਕਿ ਰਾਜਨੀਤਕ ਅਸਥਿਰਤਾ ਕਰਨਾਟਕ ਦੀ ਢਾਂਚਾਗਤ ਸਮੱਸਿਆ ਹੈ। ਪਿਛਲੀਆਂ 15 ਚੋਣਾਂ ਵਿਚ 31 ਮੁੱਖ ਮੰਤਰੀ ਬਦਲੇ। ਸਿਵਾਏ ਕਾਂਗਰਸ ਦੇ ਮੁੱਖ ਮੰਤਰੀਆਂ ਦੇਵ ਰਾਜ ਉਰਸ (1972-78), ਐੱਸਐੱਮ ਕ੍ਰਿਸ਼ਨਾ (1999-2004) ਤੇ ਸਿੱਧਾਰਮਈਆ (2013-2018) ਕੋਈ ਵੀ ਆਪਣਾ ਪੰਜ ਸਾਲ ਕਾਰਜ ਕਾਲ ਪੂਰਾ ਨਹੀਂ ਕਰ ਸਕਿਆ। 1983 ਵਿਚ ਪਹਿਲੀ ਗੈਰ-ਕਾਂਗਰਸੀ ਸਰਕਾਰ ਨੂੰ 1985 ਵਿਚ ਬਰਤਰਫ਼ ਕਰ ਕੇ ਚੋਣਾਂ ਕਰਵਾ ਦਿੱਤੀਆਂ ਸਨ। ਇਸ ਸਰਕਾਰ ਦੇ ਮੁਖੀ ਜਨਤਾ ਪਾਰਟੀ ਦੇ ਨੇਤਾ ਰਾਮ ਕ੍ਰਿਸ਼ਨ ਹੇਗੜੇ ਸਨ। ਇਸ ਪਾਰਟੀ ਨੇ 95 ਸੀਟਾਂ ਜਿੱਤ ਕੇ ਮਿਲੀ-ਜੁਲੀ ਸਰਕਾਰ ਬਣਾਈ। 1985 ਵਿਚ ਦੁਬਾਰਾ ਹੋਈਆਂ ਚੋਣਾਂ ਵਿਚ ਜਨਤਾ ਪਾਰਟੀ ਨੇ 224 ਸੀਟਾਂ ਵਿਚੋਂ 139 ਸੀਟਾਂ ਜਿੱਤ ਕੇ ਫਿਰ ਰਾਮ ਕ੍ਰਿਸ਼ਨ ਹੇਗੜੇ ਨੇ ਸਰਕਾਰ ਬਣਾਈ ਪਰ ਉਹ ਆਪਣਾ ਕਾਰਜ ਕਾਲ ਪੂਰਾ ਨਹੀਂ ਕਰ ਸਕੇ; ਉਹਨਾਂ ਦੀ ਪਾਰਟੀ ਦੇ ਐੱਸਆਰ ਬੋਮਈ ਅਗਸਤ 1988 ਤੋਂ ਅਪਰੈਲ 1989 ਤੱਕ ਮੁੱਖ ਮੰਤਰੀ ਬਣੇ। ਉਹਨਾਂ ਦੀ ਸਰਕਾਰ ਨੂੰ ਕੇਂਦਰ ਦੁਆਰਾ ਸੰਵਿਧਾਨ ਦੀ ਧਾਰਾ 356 ਅਧੀਨ ਬਰਖ਼ਾਸਤ ਕਰ ਦਿੱਤਾ ਜਿਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ। ਸੁਪਰੀਮ ਕੋਰਟ ਨੇ ਇਸ ਕੇਸ ਵਿਚ ਕੇਂਦਰ-ਰਾਜ ਸੰਬੰਧਾਂ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ ਤੇ ਧਾਰਾ 356 ਦੀ ਦੁਰਵਰਤੋਂ 'ਤੇ ਰੋਕ ਲਾਈ। ਇਸ ਫੈਸਲੇ ਦਾ ਰਾਜਾਂ ਵਿਚ ਵਿਰੋਧੀ ਧਿਰਾਂ ਦੀਆਂ ਸਰਕਾਰਾਂ 'ਤੇ ਸਕਾਰਾਤਮਕ ਅਸਰ ਹੋਇਆ।

1989 ਦੀਆਂ ਚੋਣਾਂ ਵਿਚ ਕਾਂਗਰਸ ਨੇ 178 ਸੀਟਾਂ 'ਤੇ ਕੁੱਲ ਪਈਆਂ ਵੋਟਾਂ ਦਾ 44% ਲੈ ਕੇ ਰਿਕਾਰਡ ਤੋੜ ਜਿੱਤ ਪ੍ਰਾਪਤ ਕੀਤੀ। ਜਨਤਾ ਦਲ ਕੇਵਲ 24 ਅਤੇ ਜਨਤਾ ਪਾਰਟੀ 2 ਸੀਟਾਂ ਹੀ ਜਿੱਤ ਸਕੀ। ਭਾਜਪਾ ਨੂੰ 4 ਸੀਟਾਂ ਮਿਲੀਆਂ, ਵੋਟ ਸ਼ੇਅਰ ਕੇਵਲ ਚਾਰ ਪ੍ਰਤੀਸ਼ਤ ਰਿਹਾ। 1985 ਵਿਚ ਪਾਰਟੀ ਨੂੰ 2 ਸੀਟਾਂ ਮਿਲੀਆਂ ਸਨ। ਇਹ ਉਹ ਸਮਾਂ ਸੀ ਜਦੋਂ ਭਾਜਪਾ ਉੱਤਰ ਭਾਰਤ ਵਿਚ ਮੰਦਰ ਦੀ ਰਾਜਨੀਤੀ ਕਰ ਰਹੀ ਸੀ। 1989 ਦੀਆਂ ਕੌਮੀ ਚੋਣਾਂ ਵਿਚ ਕਾਂਗਰਸ ਦੀ ਹਾਰ ਤੋਂ ਬਾਅਦ ਭਾਜਪਾ ਦੀ ਮਦਦ ਨਾਲ ਵੀਪੀ ਸਿੰਘ ਦੀ ਸਰਕਾਰ ਬਣੀ ਪਰ ਵੀਪੀ ਸਿੰਘ ਵੱਲੋਂ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ 'ਤੇ ਭਾਜਪਾ ਨੇ ਸਮਰਥਨ ਵਾਪਸ ਲੈ ਲਿਆ। ਇਸ ਦੇ ਨਾਲ ਹੀ ਪਾਰਟੀ ਨੇ ਰਾਜਨੀਤਕ ਅਸਥਿਰਤਾ ਦਾ ਫਾਇਦਾ ਲੈਣ ਲਈ ਧਰਮ ਦੀ ਰਾਜਨੀਤੀ ਵਾਲਾ ਏਜੰਡਾ ਲਾਗੂ ਕੀਤਾ। ਨਤੀਜੇ ਵਜੋਂ ਦੇਸ਼ ਵਿਚ ਧਾਰਮਿਕ ਦੰਗੇ ਤੇ ਆਖਿ ?ਰ ਦਸੰਬਰ 1992 ਵਿਚ ਬਾਬਰੀ ਮਸਜਿਦ ਢਾਹ ਦਿੱਤੀ ਗਈ। ਇਸ ਤੋਂ ਬਾਅਦ ਭਾਜਪਾ ਦਾ ਕੇਂਦਰ ਅਤੇ ਰਾਜਾਂ ਦੀ ਸਿਆਸਤ ਵਿਚ ਵਾਧਾ ਹੋਣਾ ਸ਼ੁਰੂ ਹੋਇਆ। ਇਸ ਦਾ ਅਸਰ ਕਰਨਾਟਕ 'ਚ 1994 ਵਿਚ ਹੋਈਆਂ ਚੋਣਾਂ ਵਿਚ ਨਜ਼ਰ ਆਉਂਦਾ ਹੈ ਜਿੱਥੇ ਭਾਜਪਾ ਕਾਂਗਰਸ ਨੂੰ ਪਛਾੜ ਦੇ ਦੂਜੇ ਨੰਬਰ ਦੀ ਪਾਰਟੀ ਬਣੀ। ਉਦੋਂ ਜਨਤਾ ਦਲ 115 ਸੀਟਾਂ 'ਤੇ ਕੁੱਲ ਵੋਟਾਂ ਦਾ 33.54% ਲੈ ਕੇ ਦੇਵਗੌੜਾ ਸਰਕਾਰ ਬਣੀ। ਭਾਜਪਾ ਕੇਵਲ 13% ਵੋਟਾਂ ਲੈ ਕੇ 40 ਸੀਟਾਂ 'ਤੇ ਜਿੱਤੀ, ਕਾਂਗਰਸ 27% ਵੋਟਾਂ ਲੈ ਕੇ 27 ਸੀਟਾਂ ਜਿੱਤ ਸਕੀ।

1996 ਦੀਆਂ ਲੋਕ ਸਭਾ ਚੋਣਾਂ ਵਿਚ ਕੋਈ ਵੀ ਪਾਰਟੀ ਬਹੁਮਤ ਪ੍ਰਾਪਤ ਨਹੀਂ ਕਰ ਸਕੀ ਪਰ ਸਭ ਤੋਂ ਵੱਡੀ ਪਾਰਟੀ ਭਾਜਪਾ ਬਣੀ ਅਤੇ ਅਟਲ ਬਿਹਾਰੀ ਵਾਜਪਾਈ ਸਰਕਾਰ ਹੋਂਦ ਵਿਚ ਆਈ ਜੋ ਕੇਵਲ 13 ਦਿਨ ਚੱਲੀ। ਜਯੋਤੀ ਬਸੂ ਵੱਲੋਂ ਸਰਕਾਰ ਬਣਾਉਣ ਤੋਂ ਨਾਂਹ ਕਰਨ ਪਿੱਛੋਂ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਉਸ ਸਮੇਂ ਕਰਨਾਟਕ ਦੇ ਮੁੱਖ ਮੰਤਰੀ ਦੇਵਗੌੜਾ ਨੂੰ ਪ੍ਰਧਾਨ ਮੰਤਰੀ ਬਣਨ ਵਿਚ ਮਦਦ ਕੀਤੀ। ਨਾਲ ਹੀ ਕਰਨਾਟਕ ਦੀ ਜਨਤਾ ਦਲ ਸਰਕਾਰ ਦੀ ਵਾਗਡੋਰ ਜੇਐੱਚ ਪਟੇਲ ਨੂੰ ਦਿੱਤੀ ਗਈ। 1999 ਵਿਚ ਹੋਈਆਂ ਚੋਣਾਂ ਵਿਚ ਕਾਂਗਰਸ ਨੇ ਫਿਰ ਵਾਪਸੀ ਕੀਤੀ। ਪਾਰਟੀ ਨੇ ਕੁੱਲ ਪਈਆਂ ਵੋਟਾਂ ਦਾ 41% ਲੈ ਕੇ 132 ਸੀਟਾਂ ਜਿੱਤੀਆਂ। ਭਾਜਪਾ ਨੇ 21% ਵੋਟਾਂ ਲੈ ਕੇ 44 ਸੀਟਾਂ ਜਿੱਤੀਆਂ ਤੇ ਵਿਰੋਧੀ ਪਾਰਟੀ ਦਾ ਰੁਤਬਾ ਹਾਸਲ ਕੀਤਾ। ਇਸ ਸਮੇਂ ਤੱਕ ਜਨਤਾ ਦਲ 2 ਹਿੱਸਿਆਂ, ਭਾਵ ਜਨਤਾ ਦਲ (ਸੈਕੂਲਰ) ਤੇ ਜਨਤਾ ਦਲ (ਸੰਯੁਕਤ) ਵਿਚ ਵੰਡਿਆ ਗਿਆ ਸੀ। ਜਨਤਾ ਦਲ (ਸੰਯੁਕਤ) ਨੂੰ 18 ਅਤੇ ਜਨਤਾ ਦਲ (ਸੈਕੂਲਰ) ਨੂੰ 10 ਸੀਟਾਂ ਮਿਲੀਆਂ। ਕਾਂਗਰਸ ਦੇ ਐੱਸਐੱਮ ਕ੍ਰਿਸ਼ਨਾ ਮੁੱਖ ਮੰਤਰੀ ਬਣੇ। ਬਾਅਦ 'ਚ ਉਹ ਮਨਮੋਹਨ ਸਿੰਘ ਸਰਕਾਰ ਵਿਚ ਵਿਦੇਸ਼ ਮੰਤਰੀ ਬਣੇ ਤੇ ਫਿਰ ਭਾਜਪਾ ਵਿਚ ਚਲੇ ਗਏ।

2004 ਵਿਚ ਹੋਈਆਂ ਚੋਣਾਂ ਵਿਚ ਭਾਜਪਾ 79 ਸੀਟਾਂ 'ਤੇ ਕੁੱਲ ਵੋਟਾਂ ਦਾ 28.33% ਲੈ ਕੇ ਵੱਡੀ ਪਾਰਟੀ ਵਜੋਂ ਉੱਭਰੀ। ਕਾਂਗਰਸ 35% ਵੋਟਾਂ ਨਾਲ 65 ਸੀਟਾਂ ਹੀ ਜਿੱਤ ਸਕੀ। ਜਨਤਾ ਦਲ (ਸੰਯੁਕਤ) ਤੇ ਜਨਤਾ ਦਲ (ਸੈਕੂਲਰ) ਨੇ ਕ੍ਰਮਵਾਰ 5 ਤੇ 58 ਸੀਟਾਂ ਜਿੱਤੀਆਂ। ਕਾਂਗਰਸ ਤੇ ਜਨਤਾ ਦਲ (ਸੈਕੂਲਰ) ਗਠਜੋੜ ਨੇ ਕਾਂਗਰਸ ਦੇ ਧਰਮ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਈ। ਇਹ ਰਾਜ ਵਿਚ ਕਾਂਗਰਸ ਦੀ ਪਹਿਲੀ ਮਿਲੀ-ਜੁਲੀ ਸਰਕਾਰ ਸੀ। ਫਰਵਰੀ 2006 ਵਿਚ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਤੇ ਜਨਤਾ ਦਲ (ਸੈਕੂਲਰ) ਦੇ ਕੁਮਾਰਾਸੁਆਮੀ ਮੁੱਖ ਮੰਤਰੀ ਬਣੇ। ਉਹਨਾਂ ਨੂੰ ਵੀ ਰਿਸ਼ਵਤਖ਼ੋਰੀ ਤੇ ਹੋਰ ਕਾਰਨਾਂ ਕਰ ਕੇ ਅਕਤੂਬਰ 2007 ਵਿਚ ਅਸਤੀਫ਼ਾ ਦੇਣਾ ਪਿਆ ਤੇ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। ਫਿਰ ਭਾਜਪਾ ਨੇ ਜੋੜ-ਤੋੜ ਕਰ ਕੇ ਆਪਣੇ ਲੀਡਰ ਯੇਡੀਯੂਰੱਪਾ ਨੂੰ ਨਵੰਬਰ 2007 ਵਿਚ ਮੁੱਖ ਮੰਤਰੀ ਬਣਾਇਆ ਪਰ ਉਸ ਨੂੰ ਵੀ ਹਫ਼ਤੇ ਵਿਚ ਅਸਤੀਫ਼ਾ ਦੇਣਾ ਪਿਆ ਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਪਿੱਛੋਂ ਵਿਧਾਨ ਸਭਾ ਸਮੇਂ ਤੋਂ ਪਹਿਲਾਂ ਭੰਗ ਕਰ ਦਿੱਤੀ।

ਭਾਜਪਾ 2008 ਵਿਚ 110 ਸੀਟਾਂ 'ਤੇ ਕੁੱਲ ਪਈਆਂ ਵੋਟਾਂ ਦਾ 34% ਲੈ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਪਰ ਇਹ ਬਹੁਮਤ ਤੋਂ 3 ਸੀਟਾਂ ਘੱਟ ਸੀ। ਕਾਂਗਰਸ 35% ਵੋਟਾਂ ਲੈ ਕੇ 80 ਸੀਟਾਂ ਹੀ ਜਿੱਤ ਸਕੀ। ਜਨਤਾ ਦਲ (ਸੈਕੂਲਰ) ਨੂੰ 28 ਅਤੇ ਜਨਤਾ ਦਲ (ਸੰਯੁਕਤ) ਨੂੰ 2 ਸੀਟਾਂ ਮਿਲੀਆਂ। ਭਾਜਪਾ ਨੇ ਪ੍ਰਾਂਤ ਵਿਚ ਯੇਡੀਯੂਰੱਪਾ ਸਰਕਾਰ ਬਣਾਈ ਪਰ ਰਿਸ਼ਵਤਖ਼ੋਰੀ ਤੇ ਹੋਰ ਦੋਸ਼ਾਂ ਕਰ ਕੇ ਉਸ ਨੂੰ 2011 ਵਿਚ ਅਸਤੀਫ਼ਾ ਦੇਣਾ ਪਿਆ। ਭਾਜਪਾ ਦਾ ਸਦਾਨੰਦ ਗੌੜਾ ਇੱਕ ਸਾਲ ਮੁੱਖ ਮੰਤਰੀ ਰਿਹਾ ਅਤੇ 2012 ਵਿਚ ਉਸ ਨੂੰ ਜਗਦੀਸ਼ ਸੈਟਰ ਨੇ ਬਦਲ ਦਿੱਤਾ। ਜਗਦੀਸ਼ ਸੈਟਰ 2023 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿਚ ਸ਼ਾਮਲ ਹੋ ਗਿਆ।

2013 ਦੀਆਂ ਚੋਣਾਂ ਵਿਚ ਕਾਂਗਰਸ ਨੇ 122 ਸੀਟਾਂ ਜਿੱਤ ਕੇ ਕੁੱਲ ਪਈਆਂ ਵੋਟਾਂ ਦਾ 54.46% ਹਾਸਲ ਕੀਤਾ। ਸਭ ਤੋਂ ਵੱਡੀ ਸੱਟ ਭਾਜਪਾ ਨੂੰ ਲੱਗੀ, ਪਾਰਟੀ ਕੇਵਲ 40 ਸੀਟਾਂ ਹੀ ਜਿੱਤ ਸਕੀ, ਵੋਟ ਸ਼ੇਅਰ ਵੀ 18% ਰਹਿ ਗਿਆ। ਜਨਤਾ ਦਲ (ਸੈਕੂਲਰ) ਨੂੰ 40 ਸੀਟਾਂ ਮਿਲੀਆਂ। ਕਾਂਗਰਸ ਦੇ ਸਿੱਧਾਰਮਈਆ ਮੁੱਖ ਮੰਤਰੀ ਬਣੇ ਤੇ ਪੰਜ ਸਾਲ ਦਾ ਕਾਰਜ ਕਾਲ ਪੂਰਾ ਕੀਤਾ। ਇਹਨਾਂ ਚੋਣਾਂ ਵਿਚ ਯੇਡੀਯੂਰੱਪਾ ਨੇ ਆਪਣੀ ਪਾਰਟੀ ਕਰਨਾਟਕ ਜਨਤਾ ਪਕਸਾ ਬਣਾ ਲਈ ਸੀ ਤੇ 6 ਸੀਟਾਂ ਜਿੱਤੀਆਂ। ਇਸ ਵਰਤਾਰੇ ਨੇ ਭਾਜਪਾ ਦਾ ਵੱਡਾ ਨੁਕਸਾਨ ਕੀਤਾ। ਬਾਅਦ ਵਿਚ ਉਹ ਭਾਜਪਾ ਵਿਚ ਸ਼ਾਮਲ ਹੋ ਗਿਆ। 2018 ਦੀਆਂ ਚੋਣਾਂ ਵਿਚ ਭਾਜਪਾ ਨੇ ਫਿਰ ਵਾਪਸੀ ਕੀਤੀ ਤੇ 104 ਸੀਟਾਂ 'ਤੇ ਕੁੱਲ ਵੋਟਾਂ ਦਾ 36% ਲੈ ਕੇ ਸਭ ਤੋਂ ਵੱਡੀ ਪਾਰਟੀ ਬਣੀ। ਕਾਂਗਰਸ 38% ਵੋਟਾਂ ਨਾਲ 80 ਸੀਟਾਂ ਹੀ ਜਿੱਤ ਸਕੀ। ਜਨਤਾ ਦਲ (ਸੈਕੂਲਰ) ਨੂੰ 37 ਸੀਟਾਂ ਤੇ 18% ਵੋਟਾਂ ਮਿਲੀਆਂ। ਆਮ ਆਦਮੀ ਪਾਰਟੀ ਨੇ ਵੀ ਚੋਣਾਂ ਵਿਚ ਹਿੱਸਾ ਲਿਆ ਪਰ ਕੋਈ ਸਫਲਤਾ ਨਹੀਂ ਮਿਲੀ। ਭਾਜਪਾ ਸਭ ਤੋਂ ਵੱਡੀ ਪਾਰਟੀ ਹੋਣ ਕਾਰਨ ਯੇਡੀਯੂਰੱਪਾ 17 ਮਈ 2018 ਨੂੰ ਮੁੱਖ ਮੰਤਰੀ ਬਣੇ ਪਰ ਬਹੁਮਤ ਨਾ ਹੋਣ ਕਰ ਕੇ ਹਫ਼ਤੇ ਬਾਅਦ ਅਸਤੀਫ਼ਾ ਦੇ ਦਿੱਤਾ। ਕਾਂਗਰਸ-ਜਨਤਾ ਦਲ (ਸੈਕੂਲਰ) ਗੱਠਜੋੜ ਤਹਿਤ ਐੱਚਡੀ ਕੁਮਾਰਾਸੁਆਮੀ ਮੁੱਖ ਮੰਤਰੀ ਬਣੇ ਪਰ ਉਹ ਵੀ 14 ਮਹੀਨਿਆਂ ਬਾਅਦ ਅਹੁਦੇ ਤੋਂ ਵੱਖ ਹੋ ਗਏ। ਭਾਜਪਾ ਦੇ ਯੇਡੀਯੂਰੱਪਾ ਫਿਰ 28 ਜੁਲਾਈ 2019 ਨੂੰ ਦੋ ਸਾਲਾਂ ਲਈ ਮੁੱਖ ਮੰਤਰੀ ਬਣੇ। ਸਰਕਾਰ ਵਿਚ ਰਿਸ਼ਵਤਖ਼ੋਰੀ ਅਤੇ ਹੋਰ ਇਲਜ਼ਾਮਾਂ ਬਾਅਦ ਭਾਜਪਾ ਨੇ ਉਹਨਾਂ ਦੀ ਜਗ ?ਹਾ ਜੁਲਾਈ 2021 ਵਿਚ ਬੇਸਵਾਰਾਜ ਬੋਮਈ ਜੋ ਸਾਬਕਾ ਮੁੱਖ ਮੰਤਰੀ ਐੱਸਆਰ ਬੋਮਈ ਦੇ ਪੁੱਤਰ ਹਨ, ਨੂੰ ਮੁੱਖ ਮੰਤਰੀ ਬਣਾ ਦਿੱਤਾ।

ਕਰਨਾਟਕ ਦੀ ਰਾਜਨੀਤੀ ਵਿਚ ਪੈਸੇ, ਦਲ ਬਦਲੀ, ਵਿਚਾਰਧਾਰਾ ਦੀ ਅਣਹੋਂਦ ਆਦਿ ਦਾ ਦਬਦਬਾ ਹੈ। ਚੋਣਾਂ ਲੜਨ ਵਾਲੇ ਉਮੀਦਵਾਰ ਹਜ਼ਾਰਾਂ ਕਰੋੜਾਂ ਦੇ ਮਾਲਕ ਹਨ। ਪੈਸੇ ਦੇ ਜ਼ੋਰ ਵਿਧਾਇਕਾਂ ਦੀ ਦਲ-ਬਦਲੀ ਹੁੰਦੀ ਹੈ। ਖੱਬੇ ਪੱਖੀ ਪਾਰਟੀਆਂ ਨੇ ਕੇਵਲ 1985 ਦੀਆਂ ਵਿਧਾਨ ਸਭਾ ਚੋਣਾਂ ਵਿਚ 5 ਸੀਟਾਂ ਜਿੱਤੀਆਂ ਸਨ। ਇਹਨਾਂ ਚੋਣਾਂ ਵਿਚ ਭਾਵੇਂ ਮੁਕਾਬਲਾ ਤਿਕੋਣਾ ਹੈ ਪਰ ਲੱਗਦਾ ਹੈ, ਕਾਂਗਰਸ ਦਾ ਪੱਲੜਾ ਭਾਰੀ ਹੈ। ਰਿਸ਼ਵਤਖ਼ੋਰੀ, ਭਾਜਪਾ ਦਾ ਘੱਟ ਗਿਣਤੀਆਂ ਪ੍ਰਤੀ ਏਜੰਡਾ, ਪਾਰਟੀ ਦੇ ਕੁਝ ਵੱਡੇ ਲੀਡਰਾਂ ਦਾ ਕਾਂਗਰਸ ਵਿਚ ਸ਼ਾਮਲ ਹੋਣਾ, ਕਾਂਗਰਸ ਦੀ ਰਾਜ ਵਿਚ ਤਕੜੀ ਲੀਡਰਸ਼ਿਪ, ਕਾਂਗਰਸ ਦੇ ਕੌਮੀ ਪ੍ਰਧਾਨ ਦਾ ਰਾਜ ਨਾਲ ਸਬੰਧ ਆਦਿ ਕਾਂਗਰਸ ਲਈ ਆਉਣ ਵਾਲੀਆਂ ਚੋਣਾਂ ਵਿਚ ਮਦਦਗਾਰ ਹੋ ਸਕਦਾ ਹੈ।

ਬਾਦਲ ਵਹੀ – 1)

# ਪ੍ਰਕਾਸ਼ ਸਿੰਘ ਬਾਦਲ: "...ਜਨਮੁ ਜੂਐ ਹਾਰਿਆ ॥"





ਗੁਰਤੇਜ ਸਿੰਘ

1947 ਤੋਂ ਪਹਿਲਾਂ ਹੀ ਸਿੱਖਾਂ ਦੇ ਮੋਢਿਆਂ ਉੱਤੇ ਵੱਖਵਾਦ, ਖ਼ਾਲਿਸਤਾਨ ਆਦਿ ਦਾ ਜੂਲਾ ਰੱਖ ਕੇ ਇਹਨਾਂ ਨੂੰ ਹਤਾਸ਼, ਬਦਨਾਮ ਕਰ ਕੇ ਸਿੱਖੀ ਤੋਂ ਥਿੜਕਾਉਣ ਦਾ ਬਾਨ੍ਹਣੂੰ ਬੰਨ੍ਹਿਆ ਜਾ ਚੁੱਕਾ ਸੀ। ਮੋਹਨ ਦਾਸ ਕਰਮ ਚੰਦ ਗਾਂਧੀ ਦੀਆਂ ਪ੍ਰਾਰਥਨਾ ਸਭਾਵਾਂ ਦੀਆਂ ਤਕਰੀਰਾਂ, ਹਿੰਦੂ ਕੌਂਗਰਸ ਦੇ ਪੰਜਾਬ ਵਿੱਚ ਸਿੱਖ-ਮੁਸਲਿਮ ਫ਼ਸਾਦ ਕਰਵਾਉਣ ਦੇ ਕੋਝੇ ਯਤਨ, ਅਕਾਲੀ ਨੁਮਾਇੰਦੇ ਹੁਕਮ ਸਿੰਘ ਦੇ ਪੋਲ-ਖੋਲ੍ਹ ਬੋਲ, ਪਟੇਲ ਦੀ ਖੰਡ-ਵਲ੍ਹੇਟੀ ਜ਼ਹਿਰ ਦੇ ਪ੍ਰਗਟਾਵੇ, ਨਹਿਰੂ ਦੀਆਂ ਮੱਕਾਰੀ ਭਰੀਆਂ ਟਿੱਪਣੀਆਂ, ਪੰਜਾਬੀ ਸੂਬੇ ਦਾ ਵਿਰੋਧ, ਜਨ-ਤਬਾਦਲਾ ਨਾ ਕਰਨਾ, ਉੱਜੜ ਕੇ ਆਇਆਂ ਦੀਆਂ ਜ਼ਮੀਨਾਂ ਉੱਤੇ 90 ਫ਼ੀਸਦੀ ਕੱਟ ਲਗਾਉਣਾ, ਜ਼ਰਾਇਮ-ਪੇਸ਼ਾ ਗਰਦਾਨਦਾ ਗਸ਼ਤੀ-ਪੱਤਰ ਜਾਰੀ ਕਰਨਾ, ਹਰ ਹਿੰਦੂਤਵੀ ਦਾ ਆਪਣੇ-ਆਪ ਨੂੰ ਹਾਕਮ ਅਤੇ ਸਿੱਖਾਂ ਨੂੰ ਪਰਜਾ ਸਮਝਣਾ, ਉੱਜੜ ਕੇ ਆਏ ਸਿੱਖਾਂ ਨੂੰ ਕੇਵਲ ਪੰਜਾਬ ਵਿੱਚ ਵਸਾਉਣਾ ਆਦਿ-ਆਦਿ ਦੱਸਦੇ ਹਨ ਕਿ ਸਿਆਸੀ ਹਿੰਦੂ ਦੇ ਮਨ ਵਿੱਚ ਸਿੱਖਾਂ ਲਈ ਡੂੰਘੀ, ਅਮੁੱਕ ਨਫ਼ਰਤ ਸੀ। ਏਸ "ਨਿਰਾਪਰਾਧ ਚਿਤਵਹਿ ਬੁਰਿਆਈ" ਦਾ ਅੰਤਮ ਨਿਸ਼ਾਨਾ ਉਹੀ ਸੀ ਜੋ ਡੀ. ਪੈਟਰੀ, ਡਿਪਟੀ ਡਾਇਰੈਕਟਰ, ਕੇਂਦਰੀ ਖ਼ੁਫ਼ੀਆ ਤੰਤਰ ਨੇ ਬੁੱਝ ਕੇ 1911 ਵਿੱਚ ਲਿਖੀ ਆਪਣੀ ਵੱਡ-ਆਕਾਰੀ ਰਪਟ ਵਿੱਚ ਦੱਸਿਆ ਸੀ। ਸਿੱਖੀ ਦੀ ਰੀਤ, ਖ਼ਾਲਸਾ ਰਹਿਤ ਦਾ ਭੋਗ ਪਾ ਕੇ, ਜਾਤ-ਪਾਤੀ ਸਮਾਜ ਤੋਂ ਬਾਹਰ ਦੇ ਸਿੱਖ ਸਮਾਜ ਨੂੰ ਨੇਸਤੋ-ਨਾਬੂਦ ਕਰ ਕੇ, ਸਿੱਖਾਂ ਨੂੰ ਸ਼ੂਦਰਾਂ ਵਿੱਚ ਸ਼ੁਮਾਰ ਕਰ ਕੇ ਆਪਣੀ ਆਜ਼ਾਦੀ ਦਾ ਜਸ਼ਨ ਮਨਾਉਣਾ ਹਿੰਦੂਤਵੀ ਮਨ ਨੂੰ ਭਾਅ ਰਿਹਾ ਸੀ।

ਆਪਣੀ ਸੱਭਿਅਤਾ ਦੀ ਅਸ਼ਟਬਕਰੀ ਰੀਤ ਅਨੁਸਾਰ ਏਸ ਨਿਸ਼ਾਨੇ ਨੂੰ ਅੰਜਾਮ ਦੇਣ ਲਈ ਉਹਨਾਂ ਨੇ ਸਿੱਖਾਂ ਨੂੰ ਸਦਾ ਲਈ ਖ਼ਾਲਿਸਤਾਨੀ, ਵੱਖਵਾਦੀ ਪ੍ਰਚਾਰ ਕੇ ਸਥਾਈ ਸੱਭਿਆਚਾਰਕ ਬਹੁਗਿਣਤੀ ਦੇ ਬਲਬੂਤੇ ਸਿੱਖ ਸਮਾਜ ਨੂੰ ਨਿਸੱਤਾ ਕਰ ਦੇਣ ਦਾ ਰਾਹ ਚੁਣਿਆ। ਅਕਾਲੀਆਂ ਦੀ ਸਹਿਮਤੀ ਨਾਲ, ਵਿਧਾਨ ਘਾੜਨੀ ਸਭਾ ਵਿੱਚ, ਗਿਆਨੀ ਕਰਤਾਰ ਸਿੰਘ ਨੇ ਪ੍ਰਸਤਾਵ ਪੇਸ਼ ਕੀਤਾ ਕਿ 'ਜਾਂ ਤਾਂ ਸਾਰੇ ਪੰਜਾਬ ਨੂੰ ਬੋਲੀ ਦੇ ਆਧਾਰ ਉੱਤੇ ਪੰਜਾਬੀ ਸੂਬਾ ਗਰਦਾਨ ਦਿੱਤਾ ਜਾਵੇ ਜਾਂ ਪੰਜਾਬੀ ਬੋਲਦੇ ਇਲਾਕਿਆਂ ਨੂੰ ਇਕੱਠੇ ਕਰ ਕੇ ਸੂਬਾਈ ਸ਼ਕਲ ਦੇ ਦਿੱਤੀ ਜਾਵੇ।' ਅਜਿਹੇ ਸੂਬੇ ਵਿੱਚ ਸਿੱਖਾਂ ਨੇ ਘੱਟ ਗਿਣਤੀ ਵਿੱਚ ਹੋਣਾ ਸੀ ਪਰ ਅਜਿਹਾ ਕਰਨ ਨਾਲ ਸਿੱਖਾਂ ਦਾ "ਸਭੁ ਕੋ ਮੀਤੁ ਹਮ ਆਪਨ ਕੀਨਾ" ਦੀ ਨੀਤੀ ਉੱਤੇ ਅਡਿੱਗ ਰਹਿਣ ਦਾ ਗੌਰਵਮਈ ਖਾਸਾ ਗੱਜ-ਵੱਜ ਕੇ ਪ੍ਰਗਟ ਹੋਣਾ ਸੀ ਅਤੇ ਸਿੱਖਾਂ ਵਿਰੁੱਧ ਨਫ਼ਰਤ ਨੂੰ, ਸਦੀਵੀ ਤੌਰ ਉੱਤੇ ਹਿੰਦੂ ਸਮਾਜ ਨੂੰ ਜੋੜਨ ਵਾਸਤੇ, ਗੂੰਦ ਦੇ ਤੌਰ ਉੱਤੇ ਵਰਤਣ ਦੀਆਂ ਸੰਭਾਵਨਾਵਾਂ ਖ਼ਤਮ ਹੋ ਜਾਣੀਆਂ ਸਨ। ਮਾਸਟਰ ਤਾਰਾ ਸਿੰਘ ਦੀ 'ਪੰਥ ਆਜ਼ਾਦ ਦੇਸ਼ ਆਜ਼ਾਦ' ਦੀ ਨੀਤੀ ਸਿਆਸਤਦਾਨਾਂ ਨੂੰ ਸੁਖਾਉਂਦੀ ਨਹੀਂ ਸੀ ਕਿਉਂਕਿ ਏਸ ਵਿੱਚ ਕੋਈ ਤੇੜ ਨਹੀਂ ਸੀ ਜਿਸ ਵਿੱਚ ਹਿੰਦੂਤਵੀ ਫਾਨਾ ਲਾ ਕੇ ਪੰਜਾਬੀ ਸਮਾਜ ਨੂੰ ਦੋਫਾੜ ਕਰ ਸਕਦੇ।

ਇਹਨਾਂ ਨੂੰ ਲੋੜ ਸੀ ਇੱਕ ਐਸੇ ਸਿੱਖ ਆਗੂ ਦੀ ਜਿਹੜਾ ਅਜਿਹੀਆਂ ਬਾਰੀਕੀਆਂ ਨੂੰ ਸਮਝਦਾ ਨਾ ਹੋਵੇ ਜਾਂ ਨਿੱਜੀ ਸ਼ੁਹਰਤ ਆਦਿ ਹਿਤਾਂ ਖ਼ਾਤਰ ਨਜ਼ਰ-ਅੰਦਾਜ਼ ਕਰ ਸਕੇ। ਗੁਣਾ ਪਿਆ ਬੁੱਢਾ ਜੌਹੜ ਦੇ ਮਹੰਤ ਫ਼ਤਹਿ ਸਿੰਘ ਉੱਤੇ, ਜਿਸ ਨੇ ਹਾਸਲ ਹੀ ਹਾਸਲ ਕਰਨਾ ਸੀ; ਗਵਾਉਣ ਲਈ ਜਿਸ ਕੋਲ ਕੁਝ ਨਹੀਂ ਸੀ; ਨਾ ਹੀ ਜਿਸ ਦੀਆਂ ਜੜ੍ਹਾਂ ਧਰਤੀ ਉੱਤੇ ਲੱਗੀਆਂ ਸਨ। ਓਸ ਦੇ ਥਾਪੇ ਪਹਿਲੇ ਮੁੱਖ ਮੰਤਰੀ ਵੀ ਪੰਜਾਬ ਦੇ ਹਿਤਾਂ ਨੂੰ, ਸਿੱਖਾਂ ਦੇ ਹੱਕਾਂ ਨੂੰ ਤਿਆਗਣ ਲਈ ਤਿਆਰ ਨਹੀਂ ਸਨ। ਕੇਂਦਰ ਦੀ ਫ਼ਿਰਕੂ ਨੀਤੀ ਲਾਗੂ ਕਰਨ ਵਿੱਚ ਸਹਾਇਤਾ ਕਰਨ ਲਈ ਆਖ਼ਰ ਉਨ੍ਹਾਂ ਨੂੰ ਬਾਦਲ ਪਿੰਡ ਦਾ ਪ੍ਰਕਾਸ਼ ਸਿੰਘ ਮਿਲ ਗਿਆ ਜਿਹੜਾ ਬੇਕਿਰਕ ਹੋ ਕੇ ਏਸ ਨੀਤੀ ਨੂੰ ਲਾਗੂ ਕਰਨ ਲਈ ਚੋਰ ਨਾਲੋਂ ਪੰਡ ਕਾਹਲੀ ਕਹਾਵਤ ਮੂਜਬ ਤਤਪਰ ਸੀ। ਸ਼ਰਤ ਸਿਰਫ਼ ਇਹ ਸੀ ਕਿ ਓਸ ਨੂੰ ਸਿਆਸੀ ਸੱਤਾ ਉੱਤੇ ਕਾਇਮ ਰੱਖਿਆ ਜਾਵੇ ਅਤੇ ਸਰਕਾਰੀ ਖ਼ਜ਼ਾਨੇ ਸਮੇਤ ਹੋਰ ਲੁੱਟ-ਮਾਰ ਕਰਨ ਦੀ ਮੁਕੰਮਲ ਖੁੱਲ੍ਹ ਹੋਵੇ। ਲੁੱਟਿਆ ਪੰਜਾਬ ਜਾਣਾ ਸੀ, ਦੁਸ਼ਵਾਰੀ ਪੰਜਾਬੀਆਂ ਨੇ ਹੰਢਾਉਣੀ ਸੀ, ਖ਼ਾਤਮਾ ਖ਼ਾਲਸਾ ਰਹਿਤ ਅਤੇ ਦਰਸ਼ਨ ਦਾ ਹੋਣਾ ਸੀ। ਕੇਂਦਰੀ ਤਾਕਤਾਂ ਨੇ ਇਹ ਸੌਦਾ ਲਾਹੇਵੰਦ ਸਮਝ ਕੇ ਸਿਆਸੀ ਫ਼ ?ਜ਼ਾ ਵਿੱਚ ਠੇਲ੍ਹ ਦਿੱਤਾ। ਸਬੂਤ ਲੱਭਣ ਵਾਲੇ 1970 ਦੇ ਪੰਜਾਬ ਬਨਾਮ ਅੱਜ ਦੇ ਪੰਜਾਬ; 1970 ਵਾਲੇ ਪ੍ਰਕਾਸ਼ ਸਿੰਘ ਬਨਾਮ 2023 ਦੇ ਬਾਦਲ ਪਰਿਵਾਰ ਦੇ ਅਸਾਸਿਆਂ ਦਾ ਅੰਦਾਜ਼ਾ ਲਗਾ ਕੇ ਏਸ ਜ਼ਮੀਨਦੋਜ਼ ਡੂੰਘੀ ਸਿਆਸੀ ਚਾਲ ਨੂੰ ਪਛਾਣ ਕੇ ਸਹੀ ਮੁਲਾਂਕਣ ਕਰ ਸਕਦੇ ਹਨ।

ਉਪਰੋਕਤ ਪਿੱਠ-ਭੂਮੀ ਨੂੰ ਉਸਾਰ ਕੇ ਹੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸੰਦਰਭ ਨੂੰ ਸਮਝਣ ਵਾਲਾ ਓਸ ਦੇ ਸਿੱਖੀ, ਪੰਜਾਬ ਅਤੇ ਹਿੰਦ ਦੇ ਸਮਾਜ ਦੀ ਬਿਹਤਰੀ ਜਾਂ ਬਰਬਾਦੀ ਲਈ ਪਾਏ ਯੋਗਦਾਨ ਦਾ ਸਹੀ ਮੁਲਾਂਕਣ ਕਰ ਸਕਦਾ ਹੈ।

ਮੁਲਾਂਕਣ ਕਰਨ ਲਈ ਏਸ ਅਟੱਲ ਸੱਚਾਈ ਦਾ ਵੀ ਖਿਆਲ ਰੱਖਣਾ ਪਵੇਗਾ ਕਿ ਹਿੰਦੀ ਜਾਤ-ਪਾਤ ਦੀ ਦਹਿਸਦੀਆਂ ਦੀ ਚੜ੍ਹਤ ਨੂੰ ਠੱਲ੍ਹ ਪਾਉਣ ਲਈ ਕੇਵਲ ਅਤੇ ਕੇਵਲ ਸਿੱਖੀ-ਦਰਸ਼ਨ ਹੀ ਰਾਮਬਾਣ ਸਾਬਤ ਹੋ ਸਕਦਾ ਹੈ। ਇਵੇਂ ਸੰਸਾਰ ਵਿੱਚ ਪ੍ਰਚੱਲਤ ਹਰ ਸਿਆਸੀ ਦਰਸ਼ਨ ਦਾ ਮੂੰਹ ਕਾਲਾ ਹੋ ਜਾਣ ਤੋਂ ਬਾਅਦ ਸਰਬੱਤ ਦੇ ਭਲ਼ੇ, "ਸਭੇ ਸਾਂਝੀਵਾਲ ਸਦਾਇਨਿ, "ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ "ਅਤੇ ਅਸੀਮ ਮਨੁੱਖੀ ਤਰੱਕੀ ਉੱਤੇ ਪਹਿਰਾ ਦੇਣ ਵਾਲਾ ਸਿੱਖ ਸਿਆਸੀ ਦਰਸ਼ਨ ਹੀ ਜਗਤ-ਕਲਿਆਣ ਕਰ ਸਕਦਾ ਹੈ। ਓਸ ਵੇਲੇ ਚਉਪੜ ਵਿਛ ਚੁੱਕੀ ਸੀ, ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਹਿੰਦੀ ਆਤਮਾ 'ਅਸਮਾਨਿ ਕਿਆੜਾ ਛਿਕਿਓਨੁ' ਲਈ ਪਰ ਤੋਲ ਰਹੀ ਸੀ। ਓਸ ਵੇਲੇ ਏਸ ਨੂੰ ਸੱਚ ਨਹੀਂ ਸਗੋਂ ਕੂੜ ਉੱਤੇ ਇਮਾਨ ਰੱਖਣ ਵਾਲੇ ਆਗੂ ਮਿਲੇ ਜਿਨ੍ਹਾਂ ਨੇ ਇਹਨਾਂ ਦੇ ਭਵਿੱਖ ਦੀ ਝੋਲ਼ੀ ਸਦੀਆਂ ਦਾ ਭੰਬਲਭੂਸਾ ਪਾਇਆ। ਉਹਨਾਂ ਨੂੰ ਸੋਚ ਪੱਖੋਂ ਆਪਣਾ ਹਮ-ਰਕਾਬ ਸਿੱਖ ਆਗੂ ਚਾਹੀਦਾ ਸੀ ਜੋ ਉਨ੍ਹਾਂ ਨੂੰ ਪ੍ਰਕਾਸ਼ ਸਿੰਘ ਬਾਦਲ ਰੂਪ ਵਿੱਚ ਮਿਲਿਆ। ਜਿਵੇਂ ਉਹ ਹਿੰਦੂ ਨਹੀਂ ਮਹਿਜ਼ ਸ਼ਾਕਤ ਸਨ, ਇਵੇਂ ਹੀ ਇਹ ਵੀ ਸਿੱਖ ਨਹੀਂ ਕੇਵਲ ਮਾਇਆਧਾਰੀ ਸੀ। ਲੰਡਿਆਂ ਨੂੰ ਬੁੱਚਾ ਮਿਲ ਗਿਆ।

ਜੋ ਏਸ ਨਾਪਾਕ ਗੱਠਜੋੜ ਨੇ 'ਛਾਣ ਕੇ ਖੇਹ ਉਡਾਈ', ਓਸ ਦੇ ਅਨੇਕਾਂ ਪਹਿਲੂ ਹਨ। ਪੰਜਾਬ ਦੀ ਜਵਾਨੀ ਦਾ ਘਾਣ ਬਾਦਲ ਨੇ ਕਈ ਪੱਖਾਂ ਤੋਂ ਲਾਹੇਵੰਦ ਜਾਣ ਕੇ ਆਪਣੇ 'ਰਾਜ ਭਾਗ' ਦੌਰਾਨ ਨਿਰੰਤਰ ਜਾਰੀ ਰੱਖਿਆ। ਸਿੱਖੀ ਦੀ ਪਾਣ ਵਾਲੇ, ਸਰਬੱਤ ਦੇ ਭਲ਼ੇ ਨੂੰ ਪ੍ਰਣਾਏ ਸਾਫ਼-ਦਿਲ ਨੌਜਵਾਨ ਏਸ ਨੇ ਸਾਰੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਖਪਾਏ। ਅੰਮ੍ਰਿਤਧਾਰੀ, ਨਿੱਤਨੇਮੀ ਬਾਬਾ ਬੂਝਾ ਸਿੰਘ ਨੂੰ ਵੀ ਨਾ ਬਖ਼ਸ਼ਿਆ। ਜਿਹੜੇ ਬਚ ਰਹੇ ਉਹ ਏਸ ਤੋਂ ਵੇਰ੍ਹ ਕੇ। ਬੰਗਾਲ ਨੇ ਸਾਰਾ ਜ਼ੋਰ ਆਪਣੇ ਬੱਚਿਆਂ ਨੂੰ ਬਚਾਉਣ ਉੱਤੇ ਲਾਇਆ। ਕਈਆਂ ਨੂੰ ਹੋੜ ਕੇ, ਮੋੜ ਕੇ ਚੰਗੇ ਸ਼ਹਿਰੀ ਬਣਾਇਆ। ਕੁਝ ਕੁ ਨੂੰ ਆਈ.ਏ.ਐਸ. ਵਿੱਚ ਜਜ਼ਬ ਕੀਤਾ, ਬਹੁਤਿਆਂ ਨੂੰ ਨੀਮ ਫ਼ੌਜੀ ਬਲ਼ਾਂ ਆਦਿ ਵਿੱਚ ਭਰਤੀ ਕਰ ਲਿਆ। ਦੂਜੇ ਸੂਬਿਆਂ ਨੇ ਆਪਣਿਆਂ ਦਾ ਖ਼ੂਨ ਅਣਸਰਦੇ ਨੂੰ ਡੋਲ੍ਹਿਆ, 'ਸਾਡੇ' ਪ੍ਰਕਾਸ਼ ਸਿੰਘ ਨੇ ਬੜੇ ਚਾਅ ਅਤੇ ਹੁਲਾਸ ਨਾਲ। ਇਸ ਦਾ ਸਬੂਤ ਇਹ ਹੈ ਕਿ ਖ਼ਾੜਕੂ ਲਹਿਰ ਦੇ ਸਿਖ਼ਰ ਸਮੇਂ ਏਸ ਨੇ ਆਪਣੇ ਦਲ ਦੇ ਮੈਂਬਰ ਪਾਰਲੀਮੈਂਟ ਕੋਲੋਂ ਪਾਰਲੀਮੈਂਟ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਵਿੱਚ ਅਖਵਾਇਆ ਕਿ ਸੱਤਾ ਬਾਦਲ ਨੂੰ ਸੌਂਪੀ ਜਾਵੇ ਤਾਂ ਕਿ ਨਕਸਲਬਾੜੀਆਂ ਵਾਂਙੂ ਏਸ ਲਹਿਰ ਨੂੰ ਵੀ ਕੁਚਲ ਕੇ ਆਪਣੇ ਜੌਹਰ ਵਿਖਾ ਸਕੇ। ਇਉਂ ਏਸ ਨੇ ਪੰਜਾਬ ਦੀ ਇੱਕ ਹੋਰ ਪੀੜ੍ਹੀ ਨੂੰ ਕਤਲ ਕਰਨ ਦਾ ਬੀੜਾ ਭਰੇ ਦਰਬਾਰ ਚੁੱਕਿਆ। ਜੇ ਓਸ ਵੇਲੇ ਮਾਸਟਰ ਜੀ ਦੀ ਮੱਤ ਵਾਲੇ ਤਾਕਤ ਵਿੱਚ ਹੁੰਦੇ ਤਾਂ ਕਦਾਚਿਤ ਏਸ ਮਰਹਲੇ ਉੱਤੇ ਗੱਲ ਨਾ ਪਹੁੰਚਣ ਦਿੰਦੇ। ਹਿੰਦੂਤਵ ਨੇ ਠੀਕ ਮੋਹਰਾ ਚੁਣਿਆ ਸੀ।

ਪਰ ਏਸ ਤੋਂ ਪਹਿਲਾਂ ਇਹ ਪੁੰਡਰੀ ਅਤੇ ਵਿਸਾਖੀ ਦੇ 17-18 ਕਤਲ ਕਰਵਾ ਚੁੱਕਿਆ ਸੀ। ਉਹਨਾਂ ਵਿੱਚੋਂ ਇੱਕ ਫ਼ੌਜਾ ਸਿੰਘ ਨੂੰ ਮੈਂ ਜਾਣਦਾ ਸਾਂ। ਉਸ ਵਰਗਾ ਨਿਰਛਲ, ਗੁਰੂ ਨੂੰ ਪ੍ਰਣਾਇਆ, ਨਿਰੰਤਰ ਸਿੱਖੀ ਦੇ ਭਲ਼ੇ ਲਈ ਜੂਝਦਾ ਕੋਈ ਦੂਜਾ ਲੱਭਣਾ ਮੁਸ਼ਕਿਲ ਸੀ। ਬਾਕੀ ਦੇ ਵੀ ਇਹੋ ਜਿਹੇ ਹੀ ਜਾਪਦੇ ਹਨ। ਬਤੌਰ ਮੁੱਖ ਮੰਤਰੀ ਓਸ ਨੇ ਵਿਸਾਖੀ ਦੇ ਦਿਨ ਅੰਮ੍ਰਿਤਸਰ ਵਿੱਚ ਸਿੱਖ-ਵਿਰੋਧੀ ਮੱਤ ਨੂੰ ਪੰਜ ਪਿਆਰਿਆਂ ਦੇ ਮੁਕਾਬਲੇ 'ਸੱਤ ਸਿਤਾਰੇ' ਥਾਪਣ ਦੀ ਇਜਾਜ਼ਤ ਦਿੱਤੀ, ਆਪਣੀ ਕਬੀਨਾ ਦੇ ਮੰਤਰੀਆਂ ਨੂੰ ਓਸ ਮੰਦਭਾਗੇ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਇਜਾਜ਼ਤ ਦਿੱਤੀ। ਬਾਦਲ ਮੰਤਰੀ ਮੰਡਲ ਦੇ ਜੀਵਨ ਸਿੰਘ ਉਮਰਾਨੰਗਲ ਨੂੰ ਵੀ ਸਭ ਕਾਸੇ ਉੱਤੇ ਨਜ਼ਰ ਰੱਖਣ ਅਤੇ ਬਲਦੀ ਉੱਤੇ ਤੇਲ ਪਾਉਣ ਵਾਸਤੇ ਦਰਬਾਰ ਸਾਹਿਬ ਤਾਇਨਾਤ ਕੀਤਾ। ਬਾਦਲ ਆਪ ਅੰਮ੍ਰਿਤਸਰ ਦੇ ਸਰਕਾਰੀ ਮਹਿਮਾਨ-ਖਾਨੇ ਬੈਠ ਕੇ ਗਤੀਵਿਧੀਆਂ ਉੱਤੇ ਨਜ਼ਰ ਰੱਖਦਾ ਰਿਹਾ। ਅੰਤ ਬੜੀ ਮੱਕਾਰੀ ਨਾਲ ਖ਼ੁਦ ਦੇ ਬੰਬਈ ਹੋਣ ਦਾ ਪ੍ਰਚਾਰ ਕਰਵਾ ਦਿੱਤਾ।

ਬਾਦਲ ਦੇ ਮੁੱਖ ਮੰਤਰੀ ਬਣਨ ਨਾਲ ਨਿਰੰਕਾਰੀਆਂ ਦੇ ਹੌਂਸਲੇ ਬਹੁਤ ਵੱਧ ਗਏ ਸਨ ਅਤੇ ਇਹਨਾਂ ਦੇ ਟੋਲਿਆਂ ਨੇ ਖ਼ਾਸ ਵਿਉਂਤਬੰਦੀ ਤਹਿਤ ਸਿੱਖ ਦਿੱਖ ਵਾਲ਼ਿਆਂ ਨਾਲ ਬਿਨਾ ਵਜ ?ਹਾ ਝਗੜਾ ਕਰ ਕੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਸੀ ? ਠੀਕ ਉਵੇਂ, ਜਿਵੇਂ 2015 ਦੀ ਘੋਰ ਬੇਅਦਬੀ ਤੋਂ ਪਹਿਲਾਂ ਸਿਰਸੇ ਵਾਲਿਆਂ ਨੇ ਹਮਲਾਵਰ ਵਤੀਰਾ, ਪਿੰਡਾਂ ਵਿੱਚ, ਅਖ਼ਤਿਆਰ ਕਰ ਲਿਆ ਸੀ। ਇੱਕ ਐਸੀ ਗੁੰਡਾਗਰਦੀ ਵਿੱਚ ਮੇਰਾ ਵਾਕਫ਼ ਸੁਰਿੰਦਰ ਸਿੰਘ ਇੰਜੀਨੀਅਰ ਕਾਫ਼ੀ ਜ਼ਖ਼ਮੀ ਹੋ ਚੁੱਕਾ ਸੀ। ਓਸ ਦੇ ਆਪਣੇ ਲਹੂ ਨਾਲ ਲਿੱਬੜੇ ਕੱਪੜਿਆਂ ਸਮੇਤ ਮੈਂ ਸੁਰਿੰਦਰ ਸਿੰਘ ਨੂੰ ਬਾਦਲ ਦੇ ਘਰ ਓਸ ਦੇ ਸਾਹਮਣੇ ਪੇਸ਼ ਕਰ ਕੇ ਬੇਨਤੀ ਕਰ ਚੁੱਕਾ ਸੀ ਕਿ ਇਹਨਾਂ ਮੁਜਰਮਾਨਾ ਕਾਰਵਾਈਆਂ ਨੂੰ ਠੱਲ੍ਹ ਪਾਈ ਜਾਵੇ ਪਰ ਬਾਦਲ ਦੇ ਕੰਨ ਉੱਤੇ ਜੂੰ ਨਾ ਸਰਕੀ। ਕੀ ਨਿਰੰਕਾਰੀ ਕਾਂਡ ਪਹਿਲਾਂ ਵਿਉਂਤੇ ਵਰਤਾਰੇ ਦਾ ਹਿੱਸਾ ਸੀ? ਕੀ ਇਹ ਖ਼ਾਲਸਾ ਰਹਿਤ ਅਤੇ ਸਿੱਖੀ ਦੀਆਂ ਜੜ੍ਹਾਂ ਉੱਤੇ ਜਾਣ-ਬੁੱਝ ਕੇ ਕੀਤਾ ਵਾਰ ਸੀ?

.......ਚੱਲਦਾ

# ਮਿਡਲ ਸਕੂਲ ਦੇ ਵਿਦਿਆਰਥੀ ਬ੍ਰਹਮਜੋਤ ਸਿੰਘ ਧਾਮੀ ਨੇ ਪਰਿਵਾਰ ਅਤੇ ਕਮਿਊਨਿਟੀ ਦਾ ਨਾਮ ਕੀਤਾ ਰੌਸ਼ਨ

## ਸਕੂਲ ਵਲੋਂ ਬ੍ਰਹਮਜੋਤ ਸਿੰਘ 'ਸਟੂਡੈਂਟ ਆਫ਼ ਯੀਅਰ' ਨਾਲ ਸਨਮਾਨਿਤ




ਫਰੀਮਾਂਟ/ਕੈਲੀਫੋਰਨੀਆ, (ਸਾਡੇ ਲੋਕ) : ਕਮਿਸ਼ਨਰ ਪੁਲਿਸ ਅਫ਼ਸਰ ਸ੍ਰ. ਤਜਿੰਦਰ ਸਿੰਘ ਧਾਮੀ ਅਤੇ ਪਰਿਵਾਰ ਦਾ ਸਿਰ ਮਾਣ ਅਤੇ ਖ਼ੁਸ਼ੀਆਂ ਨਾਲ ਉਚਾ ਹੋ ਗਿਆ ਜਦੋਂ ਉਨ੍ਹਾਂ ਦੇ ਸਪੁੱਤਰ ਸ੍ਰ. ਬ੍ਰਹਮਜੋਤ ਸਿੰਘ ਸਪੁੱਤਰ ਨੂੰ ਮਿਡਲ ਸਕੂਲ ਵਲੋਂ ਸਪੈਸ਼ਲ ਰਿਕੋਗਨਾਈਜੇਸ਼ਨ ਐਵਾਰਡ ਐਵਾਰਡ ਮਿਲਿਆ। ਇਹ ਐਵਾਰਡ ਸਾਰਾ ਸਾਲ ਦੀ ਅਸੈਸਮੈਂਟ ਤੋਂ ਬਾਅਦ ਕਿਸੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ। ਵਾਲਟਰ ਮਿਡਲ ਸਕੂਲ ਵਲੋਂ 2022-2023 ਦਾ ਇਹ ਐਵਾਰਡ ਸ੍ਰ. ਬ੍ਰਹਮਜੋਤ ਸਿੰਘ ਧਾਮੀ ਨੂੰ ਦਿੱਤਾ ਗਿਆ ਜਿਸ ਨਾਲ ਕਮਿਊਨਿਟੀ ਅਤੇ ਪਰਿਵਾਰ ਦਾ ਨਾਮ ਰੌਸ਼ਨ ਹੋਇਆ। 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦੇ ਹੋਏ ਸ੍ਰ. ਤਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੱਚੇ ਦੀ ਸਖ਼ਤ ਮਿਹਨਤ, ਲਗਨ ਸਦਕਾ ਵਾਹਿਗੁਰੂ ਦੀ ਕਿਰਪਾ ਨਾਲ ਸੰਭਵ ਹੋ ਸਕਿਆ।



ਬ੍ਰਹਮਜੋਤ ਸਿੰਘ ਧਾਮੀ ਆਪਣੇ ਪਿਤਾ ਕਮਿਸ਼ਨਰ ਪੁਲਿਸ ਅਫ਼ਸਰ ਤੇਜਿੰਦਰ ਸਿੰਘ ਧਾਮੀ ਨਾਲ।

# ਅਜੋਕੇ ਨੌਜਵਾਨ ਅਤੇ ਕਾਹਲ



ਕਿਸੇ ਦੇਸ਼ ਦੀ ਕਾਮਯਾਬੀ ਵਿੱਚ ਨੌਜਵਾਨਾਂ ਦੀ ਮੋਹਰੀ ਭੂਮਿਕਾ ਹੁੰਦੀ ਹੈ। ਨੌਜਵਾਨਾਂ ਦੀ ਮਦਦ ਨਾਲ ਹੀ ਸਮਾਜ ਵਿਚ ਬਦਲਾਅ ਆਉਂਦਾ ਹੈ। ਅਜੋਕੇ ਨੌਜਵਾਨ ਪੁਰਾਣੇ ਵੇਲਿਆਂ ਦੇ ਨੌਜਵਾਨਾਂ ਤੋਂ ਬਹੁਤ ਅੱਗੇ ਲੰਘ ਚੁੱਕੇ ਹਨ। ਉਨ੍ਹਾਂ ਕੋਲ ਆਧੁਨਿਕ ਤਕਨਾਲੋਜੀ ਨਾਲ ਬਣੀਆਂ ਮਸ਼ੀਨਾਂ ਅਤੇ ਵਾਹਨ ਹਨ। ਇਨ੍ਹਾਂ ਤਕਨੀਕਾਂ ਕਰਕੇ ਭਾਵੇ ਅਜੋਕੇ ਨੌਜਵਾਨਾਂ ਕੋਲ ਮੌਕਿਆਂ ਦੀ ਤਾਦਾਦ ਵਧ ਗਈ ਹੈ, ਪਰ ਬਹੁਤ ਕਾਹਲੀ ਨਾਲ ਕੰਮ ਕਰਨ ਵਾਲੀਆਂ ਇਨ੍ਹਾਂ ਮਸ਼ੀਨਾਂ ਨੇ ਨੌਜਵਾਨਾਂ ਦਾ ਮਨਾਂ ਵਿਚ ਵੀ ਕਾਹਲੀ ਨਾਲ ਭਰ ਦਿੱਤਾ ਹੈ। ਉਹ ਹਰ ਕੰਮ ਨੂੰ ਮਿੰਟਾਂ-ਸਕਿੰਟਾਂ ਵਿੱਚ ਨਿਬੇੜਨਾ ਚਾਹੁੰਦੇ ਹਨ।

ਅਧੁਨਿਕ ਤਰੀਕਿਆਂ ਅਤੇ ਜ਼ਿਆਦਾ ਸਹੂਲਤਾਂ ਨਾਲ ਸਿੱਖਿਆ ਗ੍ਰਹਿਣ ਕਰਨ ਦੇ ਬਾਵਜੂਦ ਸਾਡੇ ਨੌਜਵਾਨਾ ਨੂੰ ਆਪਣਾ ਭਵਿੱਖ ਧੁੰਦਲਾ ਦਿਖਾਈ ਦਿੰਦਾ ਹੈ। ਅੱਜ ਦਾ ਨੌਜਵਾਨ ਆਪਣੀ ਸਿੱਖਿਆ, ਕੰਮ-ਕਾਜ ਅਤੇ ਭਵਿੱਖ ਨੂੰ ਲੈ ਕੇ ਅਨੇਕਾਂ ਸਵਾਲਾਂ ਵਿੱਚ ਘਿਰਿਆ ਨਜ਼ਰ ਆਉਂਦਾ ਹੈ। ਅਜੋਕੀ ਸਿੱਖਿਆ ਵਿੱਚ ਨੌਜਵਾਨ ਡਿਗਰੀਆਂ ਤਾਂ ਹਾਸਲ ਕਰ ਰਹੇ ਹਨ ਪਰ ਹੱਥੀਂ ਕੰਮ ਕਰਨ ਦੀ ਕਲਾ ਤੋਂ ਵਾਂਝੇ ਹੋ ਰਹੇ ਹਨ। ਚੰਗੇ ਅੰਕ ਪ੍ਰਾਪਤ ਕਰਨ ਦੇ ਬਾਵਜੂਦ ਬਹੁਤੇ ਨੌਜਵਾਨ ਨੌਕਰੀਆਂ ਤੋਂ ਵਾਂਝੇ ਰਹਿ ਜਾਂਦੇ ਹਨ। ਨੌਕਰੀਆਂ ਨਾ ਮਿਲਣ ਕਰਕੇ ਉਨ੍ਹਾਂ ਦੇ ਮਿਥੇ ਟੀਚੇ ਪੂਰੇ ਨਹੀਂ ਹੁੰਦੇ। ਜੇਕਰ ਉਹ ਨੌਕਰੀ ਦਾ ਖਿਆਲ ਛੱਡ ਕੇ ਕਿਸੇ ਕਾਰੋਬਾਰ ਨੂੰ ਸ਼ੁਰੂ ਕਰਨ ਬਾਰੇ ਸੋਚਦੇ ਵੀ ਹਨ ਉਨ੍ਹਾਂ ਦੇ ਰਸਤੇ ਵਿੱਚ ਅਨੇਕਾਂ ਮੁਸ਼ਕਿਲਾਂ ਆਣ ਖੜ੍ਹੀਆਂ ਹੁੰਦੀਆਂ ਹਨ। ਵਪਾਰ ਸ਼ੁਰੂ ਕਰਨ ਲਈ ਪੈਸੇ ਦੀ ਜ਼ਰੂਰਤ ਹੁੰਦੀ ਹੈ। ਜੇ ਕਿਸੇ ਨਾ ਕਿਸੇ ਤਰ੍ਹਾਂ ਵਪਾਰ ਸ਼ੁਰੂ ਕਰ ਵੀ ਲਿਆ ਜਾਂਦਾ ਹੈ ਉਸ ਨੂੰ ਸਥਾਪਤ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਸਹਿਜਤਾ ਦੀ ਘਾਟ ਕਾਰਨ ਇਨ੍ਹਾਂ ਮੁਸ਼ਕਿਲਾਂ ਨੂੰ ਸਾਹਮਣੇ ਦੇਖ ਕੇ ਅੱਜ ਦਾ ਨੌਜਵਾਨ ਘਬਰਾਉਂਦਾ ਹੈ। ਕਈ ਵਾਰ ਤਾਂ ਆਪਣੇ ਆਪ ਨੂੰ ਮੌਤ ਦੇ ਮੂੰਹ ਵਿੱਚ ਵੀ ਧੱਕ ਦਿੰਦਾ ਹੈ। ਤੇਜ਼ੀ ਨਾਲ ਪੈਸਾ ਕਮਾਉਣ ਦੀ ਲਾਲਸਾ ਵਿੱਚ ਅਜੋਕੇ ਨੌਜਵਾਨ ਗਲਤ ਅਤੇ ਸਹੀ ਦਾ ਫਰਕ ਭੁੱਲ ਜਾਂਦੇ ਹਨ ਅਤੇ ਅਜਿਹੇ ਲੋਕਾਂ ਦੇ ਅੜਿੱਕੇ ਚੜ੍ਹ ਜਾਂਦੇ ਹਨ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਤਹਿਸ ਨਹਿਸ ਕਰ ਦਿੰਦੇ ਹਨ। ਅਜੋਕੀ ਨੌਜਵਾਨ ਪੀੜ੍ਹੀ ਵੱਖ-ਵੱਖ ਕਾਰਨਾਂ ਕਰ ਕੇ ਰਵਾਇਤੀ ਕਿੱਤਿਆਂ ਨੂੰ ਅਪਣਾਉਣ ਲਈ ਤਿਆਰ ਨਹੀਂ ਹੈ, ਹਰ ਇੱਕ ਦੇ ਮਨ ਵਿਚ ਆਪਣਾ ਕੁਝ ਨਾ ਕੁਝ ਕਰਨ ਦੀ ਇੱਛਾ ਹੈ। ਪੰਜਾਬ ਵਿਚ ਜਿਨ੍ਹਾਂ ਲੋਕਾਂ ਕੋਲ ਖੁੱਲ੍ਹੀਆਂ ਜ਼ਮੀਨਾਂ ਹਨ, ਉਨ੍ਹਾਂ ਪਰਿਵਾਰਾਂ ਦੇ ਨੌਜਵਾਨ ਵੀ ਖੇਤੀਬਾੜੀ ਕਰਨ ਲਈ ਤਿਆਰ ਨਹੀਂ। ਜੇ ਨਵੀਆਂ ਤਕਨੀਕਾਂ ਨਾਲ ਖੇਤੀਬਾੜੀ ਕਰਨ ਅਤੇ ਸਹਾਇਕ ਧੰਦਿਆਂ ਨੂੰ ਅਪਨਾਉਣ ਦਾ ਵੱਡੀ ਤਬਦੀਲੀ ਦੇਖਣ ਨੂੰ ਮਿਲੇਗੀ ਤੇ ਉਨ੍ਹਾਂ ਨੂੰ ਜ਼ਰੂਰ ਫ਼ਾਇਦਾ ਹੋਵੇਗਾ, ਪਰ ਇਹ ਸੰਭਵ ਤਾਂ ਹੀ ਹੋ ਸਕੇਗਾ ਜੇ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਕੋਲ ਇਸ ਕੰਮ ਨੂੰ ਕਰਨ ਦਾ ਤਜਰਬਾ ਹੋਵੇਗਾ।

ਪੜ੍ਹ-ਲਿਖ ਕੇ ਨੌਜਵਾਨ ਚੰਗੀ ਉਜਰਤ ਤੇ ਸਹੂਲਤਾਂ ਵਾਲੇ ਰੁਜ਼ਗਾਰ ਦੇ ਸੁਪਨੇ ਦੇਖਦੇ ਹਨ। ਜਦ ਇਹ ਸੁਪਨੇ ਪੂਰੇ ਨਹੀਂ ਹੁੰਦੇ ਤਾਂ ਉਨ੍ਹਾਂ ਦੀ ਮਾਨਸਿਕ ਸਥਿਤੀ ਬੇਕਾਬੂ ਹੋ ਜਾਂਦੀ ਹੈ ਤੇ ਉਨ੍ਹਾਂ ਦੇ ਮਨ ਵਿੱਚ ਭਟਕਣਾ ਪੈਦਾ ਹੁੰਦੀ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਅਸੀਂ ਸ਼ੁਰੂ ਤੋਂ ਹੀ ਦੇਖਦੇ ਆ ਰਹੇ ਹਾਂ ਕਿ ਖ਼ਾਸਕਰ ਪੂਰਬੀ ਸੂਬਿਆਂ ਬਿਹਾਰ ਆਦਿ ਦੇ ਨੌਜਵਾਨ ਪੰਜਾਬ ਵਿੱਚ ਖੇਤੀਬਾੜੀ ਦਾ ਕੰਮ ਕਰਨ ਲਈ ਆਉਂਦੇ ਹਨ ਅਤੇ ਕਈ ਤਾਂ ਪੱਕੇ ਤੌਰ ’ਤੇ ਹੀ ਪੰਜਾਬ ਵਿੱਚ ਕੰਮ ਕਰਦੇ ਹਨ। ਦੂਜੇ ਪਾਸੇ ਪੰਜਾਬ ਦੇ ਮੱਧ ਵਰਗੀ ਪਰਿਵਾਰਾਂ ਦੇ ਪੜ੍ਹੇ-ਲਿਖੇ ਅਤੇ ਘੱਟ ਪੜ੍ਹੇ-ਲਿਖੇ ਨੌਜਵਾਨਾਂ ਅੰਦਰ ਅਜਿਹੀ ਬਿਰਤੀ ਪੈਦਾ ਹੋ ਗਈ ਹੈ, ਕਿ ਉਹ ਫਸਲਾਂ ਦੀ ਕਟਾਈ ਲਈ ਮਸ਼ੀਨਾਂ ਲੈ ਕੇ ਦੂਜੇ ਸੂਬਿਆਂ ਵਿੱਚ ਜਾਂਦੇ ਹਨ ਅਤੇ ਅਕਸਰ ਹੀ ਉਥੇ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਤਜਰਬੇ ਦੀ ਘਾਟ, ਕਾਹਲ ਅਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਵੀ ਕੁਝ ਹੱਦ ਤੱਕ ਇਨ੍ਹਾਂ ਹਾਦਸਿਆਂ ਲਈ ਜ਼ਿੰਮੇਵਾਰ ਹੈ। ਹਾਦਸਿਆਂ ਵਿਚ ਕਈ ਵਾਰ ਉਨ੍ਹਾਂ ਦੀਆਂ ਜਾਨਾਂ ਵੀ ਜਾਂਦੀਆਂ ਰਹੀਆਂ ਤੇ ਕਈ ਅਪਾਹਜ ਵੀ ਹੋ ਗਏ। ਰੋਜ਼ੀ ਰੋਟੀ ਲਈ ਕੰਮ ਜ਼ਰੂਰੀ ਹੈ ਪਰ ਚੌਕਸੀ ਰੱਖੀ ਜਾਵੇ ਤਾਂ ਕੁੱਝ ਬਚਾਅ ਹੀ ਹੋਵੇਗਾ। ਘਰਾਂ, ਸਕੂਲਾਂ-ਕਾਲਜਾਂ ਵਿੱਚ ਹਿੰਸਕ ਵਾਰਦਾਤਾਂ ਵਧ ਰਹੀਆਂ ਹਨ। ਹੜਤਾਲਾਂ -ਰੈਲੀਆਂ ਨੌਜਵਾਨਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀਆਂ ਹਨ। ਇਹ ਮੁਸ਼ਕਲਾਂ ਸਮਾਜ, ਸੂਬੇ ਅਤੇ ਦੇਸ਼ ਦੇ ਵਿਕਾਸ ਦੇ ਰਾਹ ਵਿਚ ਰੋੜਾ ਬਣਦੀਆਂ ਹਨ।

ਇਸ ਹਾਲਾਤ ਵਿਚ ਸਾਡੇ ਹੱਥਾਂ ’ਤੇ ਹੱਥ ਰੱਖ ਕੇ ਬੈਠਣ ਨਾਲ ਕੁਝ ਪੱਲੇ ਨਹੀਂ ਪੈਣਾ। ਸਾਡੀ ਸਕੂਲੀ ਤੇ ਪਰਿਵਾਰਕ ਸਿੱਖਿਆ ਵਿੱਚ ਨੈਤਿਕ ਕਦਰਾਂ ਕੀਮਤਾਂ ਦਾ ਸ਼ਾਮਿਲ ਹੋਣਾ ਲਾਜ਼ਮੀ ਹੈ। ਮਾਪੇ-ਅਧਿਆਪਕ ਅਤੇ ਸਰਕਾਰਾਂ ਨੂੰ ਨੌਜਵਾਨਾਂ ਅੰਦਰਲੀ ਊਰਜਾ ਦੀ ਸਹੀ ਵਰਤੋਂ ਲਈ ਉੱਦਮ ਦੀ ਲੋੜ ਹੈ। ਇਨ੍ਹਾਂ ਦੀ ਦਿੱਤੀ ਸਹੀ ਸੇਧ ਸਦਕਾ ਹੀ ਉਹ ਆਪਣੀ ਜ਼ਿੰਦਗੀ ਨੂੰ ਸਹੀ ਰਾਹ ’ਤੇ ਲਿਜਾ ਕੇ ਜਿਊਣਯੋਗ ਬਣਾ ਸਕਦੇ ਹਨ ਅਤੇ ਨਾਲ ਹੀ ਦੇਸ਼ ਤੇ ਸਮਾਜ ਲਈ ਵੀ ਵਧੀਆ ਸਾਬਤ ਹੋ ਸਕਦੇ ਹਨ।

**ਕਮਲਜੀਤ ਕੌਰ ਗੁੰਮਟੀ**

# ਪੱਤਰਕਾਰੀ ਵਿੱਚ ਭਵਿੱਖ



ਮਾਸ ਕਮਿਊਨੀਕੇਸ਼ਨ ਬਹੁਤ ਸਾਰੇ ਸੰਚਾਰ ਮਾਧਿਅਮਾਂ ਰਾਹੀਂ ਇੱਕ ਵਿਸ਼ਾਲ ਸਰੋਤਿਆਂ ਤੱਕ ਜਾਣਕਾਰੀ ਫੈਲਾਉਣ ਦਾ ਅਧਿਐਨ ਹੈ।’ ਇਸ ਤਰ੍ਹਾਂ ਜਨ ਸੰਚਾਰ ਉਸ ਗਤੀਵਿਧੀ ਨੂੰ ਦਰਸਾਉਂਦਾ ਹੈ ਜਿੱਥੇ ਅਸੀਂ ਵੱਡੀ ਗਿਣਤੀ ਵਿੱਚ ਲੋਕਾਂ ਜਾਂ ਭਾਈਚਾਰਿਆਂ ਦੇ ਸਮੂਹ ਨਾਲ ਸੰਚਾਰ ਕਰ ਰਹੇ ਹੁੰਦੇ ਹਾਂ। ਸਾਡਾ ਇੱਕ ਖਾਸ ਉਦੇਸ਼, ਸੁਨੇਹਾ ਜਾਂ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਇਹ ਸੁਨੇਹਾ ਕੋਈ ਸਮਾਜਿਕ ਜਾਗਰੂਕਤਾ ਜਾਂ ਕੋਈ ਵੀ ਬ੍ਰੇਕਿੰਗ ਨਿਊਜ਼ ਹੋ ਸਕਦਾ ਹੈ। ਦੂਜੇ ਪਾਸੇ ਪੱਤਰਕਾਰੀ ਸਾਡੇ ਆਲੇ ਦੁਆਲੇ ਦੀਆਂ ਰੋਜ਼ਾਨਾ ਤਬਦੀਲੀਆਂ ਅਤੇ ਗਤੀਵਿਧੀਆਂ ਦੇ ਤੱਥਾਂ ਦੀ ਰਿਪੋਰਟ ਕਰਨ ਬਾਰੇ ਹੈ। ਪੱਤਰਕਾਰੀ ਦੇ ਪਹਿਲੂ: ਪੱਤਰਕਾਰੀ ਨੂੰ ਮੁੱਖ ਤੌਰ ’ਤੇ ਪ੍ਰਿੰਟ ਪੱਤਰਕਾਰੀ (ਨਿਊਜ਼ ਪੇਪਰ, ਮੈਗਜ਼ੀਨ) ਅਤੇ ਇਲੈਕਟ ?ਰਾਨਿਕ ਮੀਡੀਆ (ਨਿਊਜ਼ ਚੈਨਲ, ਰੇਡੀਓ ਨਿਊਜ਼ ਪ੍ਰੋਗਰਾਮ) ਵਜੋਂ ਜਾਣਿਆ ਜਾਂਦਾ ਹੈ ਪਰ ਹੁਣ ਇਸ ਦੀਆਂ ਭੂਮਿਕਾਵਾਂ ਲਗਾਤਾਰ ਵਧ ਰਹੀਆਂ ਹਨ। ਸੋਸ਼ਲ ਮੀਡੀਆ ਐਪਲੀਕੇਸ਼ਨ, ਡਿਜੀਟਲ ਮੀਡੀਆ (ਨਿਊਜ਼ ਚੈਨਲਾਂ ਅਤੇ ਨਿਊਜ਼ ਪੇਪਰਾਂ ਦੀਆਂ ਵੈੱਬਸਾਈਟਾਂ) ਅਤੇ ਪੱਤਰਕਾਰੀ ਦੇ ਹੋਰ ਬਹੁਤ ਸਾਰੇ ਪਹਿਲੂ ਪ੍ਰਸਿੱਧ ਹੋ ਰਹੇ ਹਨ ਅਤੇ ਆਮਦਨੀ ਦਾ ਚੰਗਾ ਸਰੋਤ ਬਣ ਰਹੇ ਹਨ। ਇਸੇ ਸਿਲਸਿਲੇ ਵਿੱਚ ਮੀਡੀਆ ਦੇ ਚਾਹਵਾਨਾਂ ਦਾ ਦਾਇਰਾ ਦਿਨੋ ਦਿਨ ਵਧਦਾ ਜਾ ਰਿਹਾ ਹੈ। ਇਲੈਕਟਰਾਨਿਕ ਯੰਤਰ ਮੁੱਖ ਤੌਰ ’ਤੇ, ਮੋਬਾਈਲ ਫੋਨ ਇਸ ਕ੍ਰਾਂਤੀ ਵਿੱਚ ਮਦਦਗਾਰ ਕਈ ਵਿਸ਼ੇਸ਼ਤਾਵਾਂ ਨਾਲ ਲੈਸ ਹਨ। ਇਹ ਵਿਗਿਆਨਕ ਕਾਢਾਂ ਮੀਡੀਆ ਵਾਲਿਆਂ ਲਈ ਆਪਣੇ ਆਪ ਨੂੰ ਨਵੇਂ ਹਥਿਆਰ ਵਜੋਂ ਸਾਬਤ ਕਰਦੀਆਂ ਹਨ। ਵੱਡੇ ਮੀਡੀਆ ਹਾਊਸ ਅਤੇ ਬਦਲਦੀਆਂ ਰਣਨੀਤੀਆਂ: ਭਾਰਤ ਵਿੱਚ ਮੀਡੀਆ ਇੱਕ ਸਤਿਕਾਰਤ ਕਿੱਤਾ ਬਣ ਗਿਆ ਹੈ। ਇਲੈਕਟਰਾਨਿਕ ਮੀਡੀਆ ਹਾਊਸਾਂ ਵਿੱਚ ਟੀਆਰਪੀ (ਟੈਲੀਵਿਜ਼ਨ ਰੇਟਿੰਗ ਪੁਆਇੰਟ) ਦੀ ਲੜਾਈ ਹੈ ਅਤੇ ਨਿਊਜ਼ ਪੇਪਰ ਅਜੇ ਵੀ ਦੇਸ਼-ਵਾਰ ਸਰਕੂਲੇਸ਼ਨ ਲਈ ਲੜ ਰਹੇ ਹਨ। ਸ਼ਹਿਰਾਂ ਅਤੇ ਰਾਜਾਂ ਵਿੱਚ ਟੀਆਰਪੀ ਜਾਂ ਸਰਕੂਲੇਸ਼ਨ ਲਈ ਮੁਕਾਬਲਾ ਵਧ ਰਿਹਾ ਹੈ। ਲੜਾਈ ਜਿੱਤਣ ਲਈ, ਰਣਨੀਤੀਆਂ ਬਦਲ ਗਈਆਂ ਹਨ ਅਤੇ ਸਥਾਨਕ ਖ਼ਬਰਾਂ ਦੀ ਕਵਰੇਜ ਵੱਧ ਗਈ ਹੈ ਅਤੇ ਸਾਰੇ ਰਾਜਾਂ ਵਿੱਚ ਸਥਾਨਕ ਮੀਡੀਆ ਵਿਅਕਤੀ ਦੀ ਲੋੜ ਹੈ। ਕੁਝ ਸਥਾਨਕ ਅਖਬਾਰਾਂ ਜਿਵੇਂ ਕਿ, ਦੈਨਿਕ ਭਾਸਕਰ, ਦੈਨਿਕ ਜਾਗਰਣ, ਅਮਰ ਉਜਾਲਾ, ਅੱਜਕੱਲ੍ਹ ਅਖਬਾਰਾਂ ਦੀ ਮਾਰਕੀਟ ਵਿੱਚ ਵਧੇਰੇ ਹਿੱਸੇਦਾਰੀ ਪ੍ਰਾਪਤ ਕਰ ਚੁੱਕੇ ਹਨ। ਇਸੇ ਤਰ੍ਹਾਂ ਹਿੰਦੁਸਤਾਨ ਅਤੇ ਨਵਭਾਰਤ ਸਮੇਂ ਨੇ ਆਪਣੇ ਅਖ਼ਬਾਰ ਦੇ ਅੰਦਰ ਸਥਾਨਕ ਖੇਤਰ ਦੇ ਪੰਨੇ ਸ਼ੁਰੂ ਕੀਤੇ ਅਤੇ ਹੋਰ ਪਾਠਕ ਪ੍ਰਾਪਤ ਕੀਤੇ। ਭਾਰਤੀ ਪਾਠਕ ਸਰਵੇਖਣ ਦਾ ਕਹਿਣਾ ਹੈ ਕਿ ਸਥਾਨਕ ਖ਼ਬਰਾਂ ਪਾਠਕਾਂ ਵਿੱਚ ਉਤਸੁਕਤਾ ਪੈਦਾ ਕਰਦੀਆਂ ਹਨ।

**ਨਵੇਂ ਰੁਝਾਨਾਂ ਨੂੰ ਛੂਹਣ ਵਾਲੇ ਨਿਊਜ਼ ਚੈਨਲ:** ਆਨ-ਏਅਰ ਨਿਊਜ਼ ਪ੍ਰੋਗਰਾਮ ਹਮੇਸ਼ਾ ਵਧੇਰੇ ਵਿਯੂਜ਼ ਅਤੇ ਵਧੇਰੇ ਟੀਆਰਪੀ (ਟੈਲੀਵਿਜ਼ਨ ਰੇਟਿੰਗ ਪੁਆਇੰਟ) ਦੀ ਤਲਾਸ਼ ਕਰਦੇ ਹਨ। ਪ੍ਰੋਡਕਸ਼ਨ ਟੀਮ ਹਮੇਸ਼ਾ ਨਵੀਂ ਸਮੱਗਰੀ, ਤਾਜ਼ੇ ਵਿਚਾਰਾਂ ਅਤੇ ਨਵੀਨਤਮ ਰੁਝਾਨਾਂ ਦੀ ਤਲਾਸ਼ ਵਿੱਚ ਰਹਿੰਦੀ ਹੈ। ਨੌਜਵਾਨ ਪਰ ਪ੍ਰਤਿਭਾਸ਼ਾਲੀ ਨਵੀਂ ਪੀੜ੍ਹੀ ਦੇ ਨਵੇਂ ਮੀਡੀਆ ਵਿਅਕਤੀਆਂ ਨੇ ਇਸ ਘਾਟ ਨੂੰ ਭਰਿਆ ਅਤੇ ਸਾਰੇ ਨਿਊਜ਼ ਚੈਨਲਾਂ ਵਿੱਚ ਨਵੀਆਂ ਭੂਮਿਕਾਵਾਂ ਲੱਭੀਆਂ। ਪੁਰਾਣੇ ਨਮੂਨੇ ਪੁਰਾਣੇ ਹੋ ਰਹੇ ਹਨ ਅਤੇ ਨਵੇਂ ਰੁਝਾਨ ਹੋਰ ਅੱਖਾਂ ਨੂੰ ਫੜ ਰਹੇ ਹਨ। ਇਸ ਲਈ, ਤੱਥ ਜਾਂਚ ਪ੍ਰੋਗਰਾਮਾਂ, ਸੋਸ਼ਲ ਮੀਡੀਆ ਪ੍ਰੋਗਰਾਮਾਂ ਅਤੇ ਰਿਪੋਰਟਿੰਗ ਦੇ ਨਵੇਂ ਪੈਟਰਨ, ਲਾਈਵ ਐਂਕਰਿੰਗ ਨੇ ਟੀਵੀ ਸਕ੍ਰੀਨ ਲਈ ਸਮਾਂ ਲੱਭਿਆ ਹੈ। ਅੱਜ ਵੀ ਵੱਖ-ਵੱਖ ਤਰ੍ਹਾਂ ਦੇ ਖ਼ਬਰਾਂ ਦੇ ਪ੍ਰੋਗਰਾਮ ਵੱਡੀ ਗਿਣਤੀ ਵਿੱਚ ਸਰੋਤਿਆਂ ਦੁਆਰਾ ਦੇਖੇ ਅਤੇ ਪਸੰਦ ਕੀਤੇ ਜਾਂਦੇ ਹਨ। ਵਧ ਰਿਹਾ ਸੈਕਟਰ - ‘ਡਿਜੀਟਲ ਮੀਡੀਆ’ ਸਾਰੇ ਪ੍ਰਮੁੱਖ ਉਦਯੋਗਾਂ ਨੂੰ ਬਾਜ਼ਾਰ ਵਿੱਚ ਖੜੋਤ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਮੀਡੀਆ ਉਦਯੋਗ ਲਗਾਤਾਰ ਮਾਲੀਆ ਪੈਦਾ ਕਰਨ ਦੇ ਨਵੇਂ ਤਰੀਕੇ ਲੱਭ ਰਿਹਾ ਹੈ। ਕੁਝ ਖਬਰਾਂ ਦੀਆਂ ਭੂਮਿਕਾਵਾਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਬਿਹਤਰ ਆਮਦਨ ਪ੍ਰਾਪਤ ਹੁੰਦੀ ਹੈ। ਡਿਜੀਟਲ ਮੀਡੀਆ ਨਵੇਂ ਮੀਡੀਆ ਵਿੱਚੋਂ ਇੱਕ ਹੈ ਪਰ ਅੱਜਕੱਲ੍ਹ ਬਹੁਤ ਮਸ਼ਹੂਰ ਹੋ ਰਿਹਾ ਹੈ। ਸਾਦੇ ਸ਼ਬਦਾਂ ਵਿੱਚ ਡਿਜੀਟਲ ਮੀਡੀਆ ਖਬਰਾਂ ਦੇ ਪ੍ਰੋਗਰਾਮਾਂ ਜਾਂ ਖਬਰਾਂ ਦੀਆਂ ਰਿਪੋਰਟਾਂ ਪੇਸ਼ ਕਰਨ ਵਾਲੀ ਵੈੱਬਸਾਈਟ ਹੈ। ਲਗਭਗ ਸਾਰੇ ਚੱਲ ਰਹੇ ਨਿਊਜ਼ ਚੈਨਲਾਂ ਅਤੇ ਅਖਬਾਰਾਂ/ਰਸਾਲਿਆਂ ਨੇ ਆਪਣੀਆਂ ਖਬਰਾਂ/ਪ੍ਰੋਗਰਾਮਾਂ ਨੂੰ ਦਿਖਾਉਣ ਲਈ ਆਪਣੀਆਂ ਵੈੱਬਸਾਈਟਾਂ ਬਣਾਈਆਂ ਹਨ। ਉਨ੍ਹਾਂ ਨੇ ਇਸ ਨਵੇਂ ਖੇਤਰ ਲਈ ਸੰਪਾਦਕਾਂ, ਸਿਰਜਣਹਾਰਾਂ, ਨਿਰਦੇਸ਼ਕਾਂ ਆਦਿ ਦੀ ਵਿਸ਼ੇਸ਼ ਟੀਮ ਵੀ ਬਣਾਈ ਹੈ। ਪੱਤਰਕਾਰੀ ਅਤੇ ਜਨ ਸੰਚਾਰ ਦੇ ਵਿਦਿਆਰਥੀ ਬਹੁਤ ਸਾਰੇ ਨਿਊਜ਼ ਚੈਨਲਾਂ ਦੇ ਡਿਜੀਟਲ ਖੇਤਰ ਵਿੱਚ ਆਸਾਨੀ ਨਾਲ ਮੌਕੇ ਪ੍ਰਾਪਤ ਕਰ ਸਕਦੇ ਹਨ! ਮਾਰਕਿਟ ਕੈਪਚਰ ਵਿੱਚ ਵੱਡੇ ਮੀਡੀਆ ਦੇ ਨਾਮ ਤੁਲਨਾਤਮਕ ਤੌਰ ’ਤੇ ਵੱਡੇ ਮੀਡੀਆ ਪਲੇਅਰਾਂ ਲਈ ਕਿਸੇ ਵੀ ਨਿਊਜ਼ ਵੈੱਬਸਾਈਟ ਨੂੰ ਚਲਾਉਣਾ ਆਸਾਨ ਹੈ। ਨਿਊਜ਼ ਪੇਪਰ ਜਿਵੇਂ ਟਾਈਮਜ਼ ਆਫ਼ ਇੰਡੀਆ, ਹਿੰਦੁਸਤਾਨ ਟਾਈਮਜ਼, ਦੈਨਿਕਜਾਗਰਣ, ਅਮਰ ਉਜਾਲਾ, ਹਿੰਦਸੁਤਾਨ, ਨਵਭਾਰਤ ਟਾਈਮਜ਼ ਲੰਬੇ ਸਮੇਂ ਤੋਂ ਆਪਣੀਆਂ ਨਿਊਜ਼ ਵੈੱਬਸਾਈਟਾਂ ਚਲਾ ਰਹੇ ਹਨ ਅਤੇ ਇਸ ਦਾ ਲਾਭ ਲੈ ਰਹੇ ਹਨ। ਅੱਜ ਤਕ, ਜ਼ੀ ਨਿਊਜ਼, ਇੰਡੀਆ ਟੀਵੀ, ਟਾਈਮਜ਼ ਨਾਓ, ਐਨਡੀਟੀਵੀ, ਏਬੀਪੀ ਨਿਊਜ਼ ਵਰਗੇ ਨਿਊਜ਼ ਚੈਨਲ ਵੀ ਇਸ ਉਦਯੋਗ ਵਿੱਚ ਵੱਡੀ ਕਟੌਤੀ ਕਰ ਰਹੇ ਹਨ। ’ਡਿਜੀਟਲ ਮੀਡੀਆ’ ਦਾ ਖੇਤਰ ਬੇਅੰਤ ਹੈ ਅਤੇ ਨਿਊਜ਼ ਮੀਡੀਆ ਦੇ ਚਾਹਵਾਨ ਆਪਣੀ ਜਗ ?ਹਾ ਬਣਾ ਸਕਦੇ ਹਨ। ਲਗਭਗ ਰੋਜ਼ਾਨਾ ਨਵੇਂ ਨਾਮ ਕੁਝ ਵਿਲੱਖਣ ਸਮੱਗਰੀ ਦੇ ਨਾਲ ਆਪਣੀ ਮਾਰਕੀਟ ਬਣਾ ਰਹੇ ਹਨ. ਨਿਊਜ਼ ਵੈੱਬਸਾਈਟ ਦੇ ਨਾਲ-ਨਾਲ ਯੂਟਿਊਬ ਚੈਨਲ ਵੀ ਸ਼ੁਰੂ ਕੀਤਾ। ਬਾਅਦ ਵਿੱਚ ਇਸਨੂੰ ਟਾਈਮਜ਼ ਗਰੁੱਪ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਪਰ ਬ੍ਰਾਂਡ ਨੇ ਰਿਪੋਰਟਿੰਗ ਦੀ ਉਹੀ ਸ਼ੈਲੀ ਜਾਰੀ ਰੱਖੀ। ਨਿਊਜ਼ ਵੈੱਬਸਾਈਟ ਨੂੰ ਹੁਣ ਉਨ੍ਹਾਂ ਦੀ ਸਮੱਗਰੀ ’ਤੇ ਹੋਰ ਨਿਗਾਹ ਦੀ ਲੋੜ ਹੈ। ਇਸ ਮੌਕੇ ’ਤੇ ਕੁਝ ਪੱਤਰਕਾਰ ਇਸ ਆਧਾਰ ’ਤੇ ਧੋਖਾਧੜੀ ਕਰਦੇ ਹਨ ਅਤੇ ਜਾਅਲੀ ਸਮੱਗਰੀ ਤਿਆਰ ਕਰਦੇ ਹਨ। ਕੁਝ ਸਿਆਸੀ ਪਾਰਟੀਆਂ ਆਪਣੇ ਵਿਰੋਧੀਆਂ ਨੂੰ ਬਦਨਾਮ ਕਰਨ ਲਈ ਜਾਅਲੀ ਸਮੱਗਰੀ ਵੀ ਤਿਆਰ ਕਰਦੀਆਂ ਹਨ। ਇੱਥੋਂ ਤੱਕ ਕਿ ਸੋਸ਼ਲ ਮੀਡੀਆ ਅਕਾਉਂਟ ਵੀ ਸਿਰਫ ਗਲਤ ਇਰਾਦੇ ਨਾਲ ਜਾਅਲੀ ਸਮੱਗਰੀ ਫੈਲਾਉਣ ਲਈ ਬਣਾਏ ਗਏ ਹਨ! ਪਿਛਲੇ 5 ਸਾਲਾਂ ਵਿੱਚ ਇੰਟਰਨੈੱਟ ’ਤੇ ਗਲਤ ਜਾਣਕਾਰੀ ਦਾ ਹੜ੍ਹ ਆ ਗਿਆ ਹੈ। ਪਰ, ਕੁਝ ਮੀਡੀਆ ਕਰਮੀਆਂ ਨੇ ਆਪਣਾ ਫਰਜ਼ ਪਛਾਣਦੇ ਹੋਏ ਮੌਕਾ ਦੇਖਿਆ ਅਤੇ ਸਾਈਟਾਂ ਦੀ ਤੱਥਾਂ ਦੀ ਜਾਂਚ ਸ਼ੁਰੂ ਕਰ ਦਿੱਤੀ। ਜਲਦੀ ਹੀ ਇਹ ਇੱਕ ਹੋਰ ਮੌਕਾ ਸਮੁੰਦਰ ਬਣ ਗਿਆ ਅਤੇ ਬਹੁਤ ਸਾਰੇ ਤੱਥ ਜਾਂਚਕਰਤਾਵਾਂ ਨੇ ਆਪਣੀਆਂ ਵੈਬਸਾਈਟਾਂ ਨੂੰ ਮਾਰਕੀਟ ਵਿੱਚ ਉਸੇ ਨਿਸ਼ਾਨਾ ਦਰਸ਼ਕਾਂ ਨਾਲ ਸ਼ੁਰੂ ਕੀਤਾ। ਪੱਤਰਕਾਰੀ ਅਤੇ ਜਨ ਸੰਚਾਰ ਕਿਉਂ ਚੁਣੀਏ ? ਪੱਤਰਕਾਰੀ ਅਤੇ ਜਨ ਸੰਚਾਰ ਦੇ ਖੇਤਰ ਨੂੰ ਅਸੀਮਤ ਮੌਕਿਆਂ ਦੀ ਬਖਸ਼ਿਸ਼ ਹੈ। ਇਸਦਾ ਕੋਰਸ ਸ਼ਖਸੀਅਤ ਦੇ ਵਿਕਾਸ ਦੀਆਂ ਵਿਸ਼ੇਸ਼ਤਾਵਾਂ ਦੇ ਬਹੁਤ ਨੇੜੇ ਹੈ. ਪੱਤਰਕਾਰੀ ਅਤੇ ਜਨ ਸੰਚਾਰ ਨੂੰ ਆਮ ਤੌਰ ’ਤੇ ਸਿਰਫ ਪੱਤਰਕਾਰੀ ਅਤੇ ਮੀਡੀਆ ਉਦਯੋਗ ਦੇ ਅਧਿਐਨ ਵਜੋਂ ਗਲਤ ਸਮਝਿਆ ਜਾਂਦਾ ਹੈ ਪਰ, ਇਹ ਜਨ ਸੰਚਾਰ ਦਾ ਸਿਰਫ ਇੱਕ ਪਹਿਲੂ ਹੈ ਅਤੇ ਅਸਲ ਵਿੱਚ ਇਹ ਇਸ ਤੋਂ ਕਿਤੇ ਵੱਧ ਹੈ। ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਕਿ ਪੱਤਰਕਾਰੀ ਅਤੇ ਜਨ ਸੰਚਾਰ ਦਾ ਕੋਰਸ ਕਿਉਂ ਚੁਣਨਾ ਹੈ, ਹੇਠਾਂ ਕੁਝ ਮਦਦਗਾਰ ਨੁਕਤਿਆਂ ਦਾ ਜ਼ਿਕਰ ਕੀਤਾ ਗਿਆ ਹੈ:- ਸੋਸ਼ਲ ਮੀਡੀਆ: ਸੋਸ਼ਲ ਮੀਡੀਆ ਨੇ ਮੀਡੀਆ ਜਗਤ ਵਿੱਚ ਭਾਰੀ ਤਬਦੀਲੀਆਂ ਪੇਸ਼ ਕੀਤੀਆਂ ਹਨ। ਹੁਣ ਕੋਈ ਵੀ ਵਿਅਕਤੀ ਜਿਸ ਕੋਲ ਇੱਕ ਵਧੀਆ ਕੈਮਰਾ ਮੋਬਾਈਲ ਹੈ, ਉਹ ਆਪਣੀ ਸਮੱਗਰੀ ਬਣਾ ਸਕਦਾ ਹੈ ਅਤੇ ਯੂਟਿਊਬ ਅਤੇ ਸਮਾਨ ਪਲੇਟਫਾਰਮਾਂ ਦੀ ਦੁਨੀਆ ’ਤੇ ਖੁਦ ਦੀ ਪੜਚੋਲ ਕਰ ਸਕਦਾ ਹੈ। ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਦੇ ਜ਼ਿਆਦਾਤਰ ਵਿਦਿਆਰਥੀਆਂ ਨੇ ਕਈ ਪਲੇਟਫਾਰਮਾਂ ’ਤੇ ਆਪਣੀ ਪ੍ਰੋਫਾਈਲ ਬਣਾਈ ਹੈ ਅਤੇ ਸੋਸ਼ਲ ਮੀਡੀਆ ਦੀ ਦੁਨੀਆ ਤੋਂ ਧਿਆਨ ਖਿੱਚਿਆ ਹੈ। ਹਾਲਾਂਕਿ ਉਦਯੋਗ ਵਿੱਚ ਤੁਹਾਡੇ ਬਹੁਤ ਸਾਰੇ ਕੰਦ ਹਨ ਪਰ ਵਿਦਿਆਰਥੀਆਂ ਨੂੰ ਬਿਹਤਰ ਸਮੱਗਰੀ ਲਿਖਣ, ਸ਼ੂਟਿੰਗ, ਐਂਕਰਿੰਗ ਅਤੇ ਵੀਡੀਓ ਸੰਪਾਦਨ ਲਈ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਹੁਨਰਾਂ ਨਾਲ ਲੈਸ ਕੀਤਾ ਜਾਂਦਾ ਹੈ। ਇਸ ਲਈ ਬਹੁਤ ਸਾਰੇ ਵੀਡੀਓ ਵਾਇਰਲ ਹੁੰਦੇ ਹਨ ਅਤੇ ਇੱਥੋਂ ਤੱਕ ਕਿ ਗ੍ਰੈਜੂਏਟ ਵਿਦਿਆਰਥੀ ਇੰਡਸਟਰੀ ਵਿੱਚ ਆਪਣਾ ਨਾਮ ਬਣਾ ਰਹੇ ਹਨ। ਇਸਦੇ ਕਾਰਨ ਤੁਸੀਂ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿੱਚ ਇੱਕ ਸਧਾਰਨ ਬੈਚਲਰ ਡਿਗਰੀ ਕੋਰਸ ਪੂਰਾ ਕਰਨ ਤੋਂ ਬਾਅਦ ਹੀ ਆਪਣਾ ਨਾਮ ਬਣਾ ਸਕਦੇ ਹੋ ਅਤੇ ਚੰਗੇ ਪੈਸੇ ਕਮਾ ਸਕਦੇ ਹੋ! ਕਰੀਅਰ ਦੇ ਨਵੇਂ ਦਾਇਰੇ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਵਿਦਿਆਰਥੀ ਆਪਣੇ ਕੈਰੀਅਰ ਦੇ ਸਾਰੇ ਪਹਿਲੂਆਂ ਵਿੱਚ ਆਪਣਾ ਦਾਇਰਾ ਲੱਭ ਰਹੇ ਹਨ। ਜੇਕਰ ਤੁਸੀਂ ਇੱਕ ਸ਼ਕਤੀਸ਼ਾਲੀ ਅਹੁਦੇ ਦੇ ਨਾਲ ਇੱਕ ਚਮਕਦਾਰ ਕੈਰੀਅਰ ਦੀ ਤਲਾਸ਼ ਕਰ ਰਹੇ ਹੋ, ਤਾਂ ਅੱਗੇ ਨਾ ਦੇਖੋ ਅਤੇ ਸਕੂਲ ਆਫ ਮੀਡੀਆ ਫਿਲਮ ਐਂਡ ਟੈਲੀਵਿਜ਼ਨ ਸਟੱਡੀਜ਼ ਵਿੱਚ ਦਾਖਲਾ ਲਓ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

# ਵੈਕਸੀਨੇਸ਼ਨ ਕਰਾਓ-ਤੰਦਰੁਸਤੀ ਲਈ

*'' ਟੀਕਾਕਰਨ ਦਾ ਮਕਸਦ, ਸਾਰਿਆਂ ਦੀ ਲੰਬੀ ਉਮਰ, ਤੰਦਰੁਸਤ ਜ਼ਿੰਦਗੀ ਜੀਉਣ ਲਈ, ਹੱਲ ਲੱਭਣ 'ਤੇ ਜਾਗਰੂਕ ਕਰਨ ਬਾਰੇ ਹੈ । ਟੀਕਾਕਰਨ ਲਾਈਫ ਵਿਚ ਖਤਰਨਾਕ ਛੂਤ ਦੀਆਂ ਬੀਮਾਰੀਆਂ ਨੂੰ ਕੰਟ੍ਰੋਲ ਕਰਨ ਅਤੇ ਖਤਮ ਕਰਨ ਲਈ ਇੱਕ ਕਾਰਗਰ ਸਾਧਨ ਹੈ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ*

ਅੱਜ ਪੂਰੀ ਦੁਨੀਆ ਵਿੱਚ ਆ ਰਹੇ ਨਵੇਂ-ਨਵੇਂ ਵੇਰੀਏਂਟਸ, ਬੈਕਟੀਰੀਆ ਕਾਰਨ ਬਿਮਾਰੀਆਂ ਨੇ ਚਿੰਤਾ ਵਧਾ ਦਿੱਤੀ ਹੈ। ਵਿਸ਼ਵ ਟੀਕਾਕਰਨ ਵੀਕ 2023 ਦੇ ਮੌਕੇ 'ਤੇ ਵਿਸ਼ਵ ਸਿਹਤ ਸੰਸਥਾ ਨੇ ਕਿਹਾ ਹੈ ਟੀਕੇ ਸਾਨੂੰ ਨਜ਼ਦੀਕ ਲੈ ਕੇ ਆਉਂਦੇ ਹਨ। ਪੂਰਾ ਵਿਸ਼ਵ ਟੀਕਾਕਰਨ ਨੂੰ ਪਹਿਲ ਦੇ ਰਿਹਾ ਹੈ। ਅਜੇ ਭੀ ਮਹਾਂਮਾਰੀ ਕੋਵਿਡ-19 ਦੇ ਵੇਰੀਐਂਟਸ ਵਿਸ਼ਵ ਭਰ ਲਈ ਚੁਣੌਤੀ ਬਣੇ ਹੋਏ ਹਨ। ਕੋਵਿਡ-19 ਵੇਰੀਐਂਟਸ ਦੇ ਖਿਲਾਫ ਵੈਕਸੀਨ ਦੀ 1,2,3, ਅਤੇ ਚੋਥੀ ਡੋਜ਼ ਦੇ ਨਾਲ ਰੋਗੀਆਂ ਦਾ ਆਂਕੜਾ ਵੀ ਘੱਟਿਆ ਹੈ। ਵਿਸ਼ਵ ਟੀਕਾਕਰਨ ਹਫਤੇ ਦਾ ਉਦੇਸ਼ ਜਾਗਰੂਕਤਾ ਦੇ ਨਾਲ-ਨਾਲ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਵਿਅਕਤੀ ਨੂੰ ਇੰਫੈਕਸ਼ਨ ਛੂਤ ਵਰਗੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਵੈਕਸੀਨ ਦੀ ਵਰਤੋਂ ਪ੍ਰਤੀ ਉਤਸ਼ਾਹਤ ਕਰਨਾ ਹੈ। ਅੱਜ ਵੀ ਵਿਸ਼ਵ ਭਰ ਵਿਚ ਕਰੀਬਨ 21 ਮਿਲੀਅਨ ਤੋਂ ਵੱਧ ਬੱਚੇ ਲੋੜੀਂਦੇ ਟੀਕਿਆਂ ਤੋਂ ਬਿਨਾ ਰਹਿ ਜਾਂਦੇ ਹਨ। ਹਰ ਸਾਲ ਟੀਕਾਕਰਨ ਲੱਖਾਂ ਲੋਕਾਂ ਨੂੰ ਬਚਾਉਂਦਾ ਹੈ। 200 ਤੋਂ ਵੱਧ ਸਾਲਾਂ ਤੋਂ ਖਤਰਨਾਕ ਬਿਮਾਰੀਆਂ ਦੀ ਛੂਤ ਤੋਂ ਕੇਵਲ ਟੀਕਿਆਂ ਨੇ ਦੁਨਿਆ ਨੂੰ ਬਚਾਇਆ ਹੈ। ਇਮਿਉਨਿਟੀ ਲਈ ਜਾਨਲੇਵਾ ਬਿਮਾਰੀ ਕੋਵਿਡ-19 ਵੈਕਸੀਨ, ਟੀਕੇ ਨਾਲ ਬੱਚੇਦਾਨੀ ਦੇ ਕੈਂਸਰ, ਟੀ ਬੀ, ਬਚਪਨ ਦੇ ਰੋਗ ਖਸਰਾ ਵਗੈਰਾ ਤੋਂ ਬਚਾਅ ਹੋ ਜਾਂਦਾ ਹੈ। ਆਪਣੇ ਬੱਚਿਆਂ ਨੂੰ ਟੀਕਾਕਰਨ ਦੁਆਰਾ ਬੇਹਤਰ ਇਮਿਉਨਿਟੀ ਦਿਓ ਅਤੇ ਗੰਭੀਰ ਬਿਮਾਰੀਆਂ ਤੋਂ ਬਚਾਓ।

**ਬਿਮਾਰੀਆਂ ਅਤੇ ਟੀਕੇ:**

• ਬੈਕਟੀਰੀਆ, ਵਾਇਰਸ 'ਤੇ ਵੇਰੀਐਂਟਸ ਦੀ ਇਨਫੈਕਸ਼ਨ ਤੋਂ ਪੈਦਾ ਹੋਣ ਵਾਲੀ ਬਿਮਾਰੀ ਨਾਲ ਲੜਨ 'ਤੇ ਬਚਣ ਲਈ ਸਰੀਰ ਅੰਦਰ ਇਮਿਊਨਿਟੀ ਦੀ ਲੋੜ ਹੁੰਦੀ ਹੈ। ਇਨਫੈਕਸ਼ਨ ਨਾਲ ਲੜਨ ਲਈ ਚਿੱਟੇ ਸੈੱਲ, ਮੈਕਰੋਫੇਜ, ਬੀ-ਲਿੰਫੋਸਾਈਟਸ ਅਤੇ ਟੀ ਲਿੰਫੋਸਾਈਟਸ, ਟਿਸ਼ੂ ਅਤੇ ਸਰੀਰਕ ਅੰਗਾਂ ਨੂੰ ਆਕਸੀਜ਼ਨ ਪਹੁੰਚਾਉਂਦੇ ਹਨ। ਇਹ ਟੀਕੇ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਅੱਗੇ ਬਿਮਾਰੀਆਂ ਮੁਤਾਬਿਕ ਟੀਕਾਕਰਨ ਕਰਨ ਨਾਲ ਪੂਰੇ ਸਮਾਜ ਨੂੰ ਬਚਾਇਆ ਜਾ ਸਕਦਾ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

• ਭਵਿੱਖ ਵਿਚ ਖਤਰਨਾਕ ਬਿਮਾਰੀਆਂ ਡਿਪਥੀਰੀਆ, ਹੀਮੋਫਿਲਸ ਇਨਫਲੂਐਨਜ਼ਾ, ਹਿਪੇਟਾਈਟਸ ਏ-ਬੀ; ਸ਼ਿੰਗਲਸ; ਸੈਕਸ-ਰੋਗ ਐਚਪੀਵੀ; ਮੀਸਲਜ਼; ਦਿਮਾਗੀ ਰੋਗ ਮੇਨਿੰਨਗੋਕੋਕਲ; ਮੰਮਪਸ; ਕੁਕਰ ਖਾਂਸੀ; ਨੀਉਮੋਕੋਕਲ; ਰੋਟਾਵਾਇਰਸ, ਰੂਬੇਲਾ, ਟਿਟਨਸ, ਤੋਂ ਬਚਣ ਲਈ ਪ੍ਰੈਗਨੈਂਸੀ ਤੋਂ ਪਹਿਲਾਂ ਐਮਐਮ ਆਰ 'ਤੇ ਵੀ ਵੈਕਸੀਨ; ਅਤੇ ਬਾਕੀ ਟੀਡੈਪ ਅਤੇ ਫਲੂ ਵੈਕਸੀਨ; ਜਨਮ ਤੋਂ ਬਾਅਦ ਹੇਪੇਟਾਇਟਟਸ ਬੀ; ਡੀਟੀਏਪੀ; ਹਿਬ; ਪੋਲਿਓ(ਆਈਪੀਵੀ); ਪੀਸੀਵੀ-13; ਅਤੇ ਆਰਵੀ; ਚਿਕਨਪੋਕਸ; ਐਚਪੀਵੀ; ਮੈਨਏਸੀਡਬਲਿਉ ਵਾਈ;ਅਤੇ ਮੈਨ ਬੀ; ਅਚਏਐਚਵੀ; ਐਲਜ਼ੈਡਵੀ; ਆਰਜ਼ੈਡਵੀ; ਐਚਪੀਵੀ ਵੈਕਸੀਨ; ਆਈਵੀ-3; ਐਲਏਵੀ3-4; ਪੀਅਨ ਈਯੂ ਸੀ-10, 13, ਪੀਐਨਈਯੂ ਪੀ-23; ਰੋਟ-5 ਅਤੇ ਰੋਟ-1 ਵਗੈਰਾ ਦਿੱਤੇ ਜਾਂਦੇ ਹਨ।

• ਨਵੇਂ-ਨਵੇਂ ਵੇਰੀਐਂਟਸ, ਵਾਇਰਸ-ਬੈਕਟੀਰੀਆ ਦੇ ਰੋਗਾਂ ਤੋਂ ਬਚਾਅ ਅਤੇ ਇਮਿਊਨ ਸਿਸਟਮ ਦੀ ਤਾਕਤ ਬਰਕਰਾਰ ਰੱਖਣ ਲਈ ਅਗੇ ਲਿਖੇ ਉਪਾਅ ਕਰ ਸਕਦੇ ਹੋ:

• ਫੇਫੜਿਆਂ ਨੂੰ ਮਜ਼ਬੂਤ ਕਰਨ ਲਈ ਲੰਬੇ ਸਾਹ ਲਵੋ-ਰੋਕੋ-ਛੱਡਣ ਦੀ ਕ੍ਰਿਆ ਬਾਰ-ਬਾਰ ਕਰੋ। ਯੋਗਾ ਕਰਨ ਵਾਲੇ ਮੈਡੀਟੇਸ਼ਨ, ਪ੍ਰਾਨਾਯਾਮ, ਕਪਾਲਭਾਤੀ, ਤੇ ਮੂੰਹ ਅੰਦਰ ਹਵਾ ਭਰੋ ਤੇ ਛੱਡੋ ਦੀ ਕ੍ਰਿਆ ਰੋਜ਼ਾਨਾ ਕਰਨ।

• ਐਂਟੀ-ਆਕਸੀਡੈਂਟ ਡਾਰਕ ਗ੍ਰੀਨ ਮੌਸਮੀ ਰੰਗਦਾਰ ਸਬਜ਼ੀਆਂ ਬ੍ਰੋਕਲੀ, ਪਾਲਕ, ਕੇਲ, ਐਵੋਕੇਡਾ, ਬੀਟਰੂਟ, ਬੈਂਗਨ, ਛੱਲ਼ੀ-ਸਵੀਟ ਕੋਰਨ, ਗਾਜ਼ਰ, ਸ਼ਕਰਕੰਦੀ, ਮਸ਼ਰੂਮ, ਨਿੰਬੂ,ਤੇ ਮਿਕਸ ਵੇਜ਼ੀਟੇਬਲ ਸੂਪ, ਅਤੇ ਫੱਲ ਬਲੂ ਬੇਰੀਜ਼, ਲਾਲ-ਹਰੇ-ਕਾਲੇ ਅੰਗੂਰ, ਪਰੂਨ, ਰੇਸਿਨ, ਖਜੂਰ, ਚੇਰੀਜ਼, ਲਾਲ ਬੈਲ-ਪੀਪਰ, ਦੀ ਵਰਤੋਂ ਜ਼ਿਆਦਾ ਕਰੋ।

• ਸਵੇਰੇ-ਸ਼ਾਮ ਤਾਜ਼ਾ ਜਿੰਜ਼ਰ ਜੂਸ ਸ਼ਹਿਦ ਮਿਲਾ ਕੇ ਲਵੋ।

• ਸਟ੍ਰੈਸ ਘਟਾਉਣ ਦਾ ਯਤਨ ਕਰੋ ਅਤੇ ਡੇਲੀ 8 ਘੰਟੇ ਨੀਂਦ ਜ਼ਰੂਰ ਲੈਣੀ ਚਾਹੀਦੀ ਹੈ।

• ਤਾਜ਼ੀ ਹਲਦੀ ਦਾ ਸਲਾਦ ਵਿੱਚ ਖੀਰਾ, ਇੰਗਲਿਸ਼ ਕੁਕੂਮਬਰ, ਲੇਟਸ, ਲਾਲ ਪਿਆਜ਼, ਚੁਕੰਦਰ, ਜ਼ਿਆਦਾ ਖਾਓ।

• ਸਵੇਰੇ ਜ਼ਾਗਦੇ ਹੀ ਲਸਨ ਕਲੋਵ 1, ਅੱਧਾ ਚਮਚ ਹਲਦੀ ਪਾਓਡਰ 1 ਕੱਪ ਦੁੱਧ ਵਿੱਚ ਉਬਾਲ ਕੇ ਇਸਤੇਮਾਲ ਕਰੋ।

• ਵਾਇਰਸ-ਬੈਕਟੀਰੀਆ ਤੋਂ ਬਚਾਅ ਲਈ ਪਰਸਨਲ ਹਾਈਜ਼ੀਨ ਦਾ ਖਾਸ ਖਿਆਲ ਰੱਖੋ।




• ਡਾਰਕ-ਚਾਕਲੇਟ, ਗ੍ਰੀਨ-ਟੀ, ਸੈਸਮੇ ਤੇ ਸਨਫਲਾਵਰ ਸੀਡਜ਼ ਨੂੰ ਖੁਰਾਕ ਵਿੱਚ ਸ਼ਾਮਿਲ ਕਰੋ।

• ਦੁੱਧ, ਦਹੀਂ, ਕਾਟੇਜ ਚੀਜ਼, ਪ੍ਰੋਬਾਓਿਟਿਕਸ ਇਸਤੇਮਾਲ ਕਰੋ।

• ਆਯਰਵੈਦਿਕ ਚਿਅਵਨਪ੍ਰਾਸ਼, ਔਲੇ ਦਾ ਮੁਰੱਬਾ ਰੋਜ਼ਾਨਾ ਇਸਤੇਮਾਲ ਕਰਕੇ ਸ਼ਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਪੈਦਾ ਕਰੋ।

• ਸ਼ਰਾਬ, ਚੀਨੀ ਘੱਟ ਤੇ ਤੰਬਾਕੂ ਦਾ ਇਸਤੇਮਾਲ ਯਾਨਿ ਸਮੋਕਿੰਗ ਤੋਂ ਬਚੋ।

• ਮਲਟੀ-ਵਿਟਾਮਿਨ ਜ਼ਿੰਕ, ਸੇਲੀਨੀਅਮ, ਕੋਪਰ, ਫੋਲਿਕ ਏਸਿਡ, ਵਿਟਾਮਿਨ-ਏ, ਬੀ-6, ਸੀ ਅਤੇ ਈ ਆਦਿ ਸਪਲੀਮੈਂਟਸ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰਨੇ ਚਾਹੀਦੇ ਹਨ।

ਨੋਟ: ਤੰਦਰੁਸਤੀ ਲਈ ਟੀਕਾਕਰਣ ਕਰਾਓ, ਜ਼ਿੰਦਗੀ ਬਚਾਓ।



# ਕਈ ਬੀਮਾਰੀਆਂ ਕੰਟਰੋਲ ਕਰਦੇ ਹਨ ਕੱਦੂ ਦੇ ਬੀਜ

ਕੱਦੂ ਇਕ ਅਜਿਹੀ ਸਬਜ਼ੀ ਹੈ ਜਿਸ ਨੂੰ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿਚ ਬਹੁਤ ਦਿਲਚਸਪੀ ਨਾਲ ਖਾਧਾ ਜਾਂਦਾ ਹੈ। ਕੱਦੂ ਦੀ ਸਬਜ਼ੀ ਖਾਣ ਵਿਚ ਬਹੁਤ ਹੀ ਸਵਾਦਿਸ਼ਟ ਹੁੰਦੀ ਹੈ, ਦੂਜੇ ਪਾਸੇ ਪੇਠਾ ਕਈ ਪੌਸ਼ਟਿਕ ਤੱਤਾਂ ਨਾਲ ਵੀ ਭਰਪੂਰ ਹੁੰਦਾ ਹੈ। ਕੱਦੂ ਦੀ ਸਬਜ਼ੀ ਤੋਂ ਇਲਾਵਾ ਕੱਦੂ ਦੇ ਬੀਜਾਂ ਵਿਚ ਵੀ ਕਈ ਔਸ਼ਧੀ ਗੁਣ ਹੁੰਦੇ ਹਨ। ਜੇਕਰ ਤੁਸੀਂ ਵੀ ਕੱਦੂ ਦੀ ਸਬਜ਼ੀ ਖਾਂਦੇ ਹੋ ਅਤੇ ਇਸ ਦੇ ਬੀਜ ਸੁੱਟ ਦਿੰਦੇ ਹੋ ਤਾਂ ਗ਼ਲਤੀ ਨਾਲ ਵੀ ਇਹ ਨਾ ਕਰੋ। ਆਉ ਜਾਣਦੇ ਹਾਂ ਕਿਹੜੀ ਬੀਮਾਰੀਆਂ ਵਿਚ ਕੱਦੂ ਦੇ ਬੀਜ ਹੁੰਦੇ ਹਨ ਬਹੁਤ ਫ਼ਾਇਦੇਮੰਦ:

ਅਨਿਯਮਤ ਰੁਟੀਨ ਅਤੇ ਖਾਣ-ਪੀਣ ਵਿਚ ਲਾਪ੍ਰਵਾਹੀ ਕਾਰਨ ਅੱਜਕਲ ਜ਼ਿਆਦਾਤਰ ਲੋਕ ਤਣਾਅ ਕਾਰਨ ਪ੍ਰੇਸ਼ਾਨ ਹਨ। ਇਹੀ ਕਾਰਨ ਹੈ ਕਿ ਡਿਪਰੈਸ਼ਨ ਕਾਰਨ ਲੋਕਾਂ ਨੂੰ ਕਈ ਹੋਰ ਸਿਹਤ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਮਾਨਸਕ ਸਿਹਤ ਨੂੰ ਸੁਧਾਰਨ ਲਈ ਕੱਦੂ ਦੇ ਬੀਜਾਂ ਦੀ ਮਦਦ ਲਈ ਜਾ ਸਕਦੀ ਹੈ। ਕੱਦੂ ਦੇ ਬੀਜਾਂ ਵਿਚ ਮੈਗਨੀਸ਼ੀਅਮ ਭਰਪੂਰ ਮਾਤਰਾ ਵਿਚ ਹੁੰਦਾ ਹੈ ਜੋ ਦਿਮਾਗ ਨੂੰ ਸ਼ਾਂਤ ਕਰਨ ਵਿਚ ਮਦਦ ਕਰਦਾ ਹੈ। ਕੱਦੂ ਦੇ ਬੀਜਾਂ ਵਿਚ ਜ਼ਿੰਕ ਅਤੇ ਬੀ ਵਿਟਾਮਿਨ ਵੀ ਮਿਲ ਜਾਂਦੇ ਹਨ, ਜੋ ਤਣਾਅ ਨੂੰ ਘੱਟ ਕਰਨ ਵਿਚ ਮਦਦਗਾਰ ਹੁੰਦੇ ਹਨ।



ਅੱਜਕਲ ਬਹੁਤ ਸਾਰੇ ਲੋਕ ਤਣਾਅ ਕਾਰਨ ਨੀਂਦ ਨਾ ਆਉਣ ਦੀ ਸਮੱਸਿਆ ਤੋਂ ਪ੍ਰੇਸ਼ਾਨ ਹਨ। ਅਜਿਹੇ ਵਿਚ ਕੱਦੂ ਦੇ ਬੀਜਾਂ ਨਾਲ ਇਨਸੌਮਨੀਆ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਸਕਦਾ ਹੈ। ਇਨਸੌਮਨੀਆ ਤੋਂ ਪੀੜਤ ਮਰੀਜ਼ਾਂ ਲਈ ਕੱਦੂ ਬਹੁਤ ਫ਼ਾਇਦੇਮੰਦ ਹੁੰਦਾ ਹੈ। ਸਿਹਤ ਮਾਹਰਾਂ ਅਨੁਸਾਰ ਇਕ ਵਿਅਕਤੀ ਲਈ ਇਕ ਦਿਨ ਵਿਚ ਔਸਤਨ 8 ਘੰਟੇ ਦੀ ਨੀਂਦ ਜ਼ਰੂਰੀ ਹੈ। ਕੱਦੂ ਦੇ ਬੀਜ ਨੀਂਦ ਦੀ ਗੁਣਵਤਾ ਵਿਚ ਵੀ ਸੁਧਾਰ ਕਰਦੇ ਹਨ। ਕੋਰੋਨਾ ਵਾਇਰਸ ਮਹਾਂਮਾਰੀ ਤੋਂ ਬਾਅਦ ਹਰ ਕੋਈ ਇਮਿਊਨਿਟੀ ਵਧਾਉਣ ਦੀ ਕੋਸ਼ਿਸ਼ ਕਰਦਾ ਦੇਖਿਆ ਗਿਆ। ਕੱਦੂ ਦੇ ਬੀਜਾਂ ਵਿਚ ਵਿਟਾਮਿਨ ਈ ਭਰਪੂਰ ਮਾਤਰਾ ਵਿਚ ਮਿਲ ਜਾਂਦਾ ਹੈ, ਜੋ ਇਮਿਊਨਿਟੀ ਨੂੰ ਵਧਾਉਂਦਾ ਹੈ। ਖਾਣੇ ਵਿਚ ਕੱਦੂ ਦੇ ਥੋੜ੍ਹੇ ਜਿਹੇ ਬੀਜਾਂ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਸ਼ੂਗਰ ਦੇ ਰੋਗੀਆਂ ਨੂੰ ਕੱਦੂ ਦੇ ਬੀਜਾਂ ਦਾ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਇਸ ਵਿਚ ਫ਼ਾਈਬਰ ਭਰਪੂਰ ਹੁੰਦਾ ਹੈ। ਕੱਦੂ ਦੇ ਬੀਜ ਟਾਈਪ 2 ਡਾਇਬਟੀਜ਼ ਦੇ ਮਰੀਜ਼ਾਂ ਲਈ ਰਾਮਬਾਣ ਹਨ। ਕੱਦੂ ਦੇ ਬੀਜਾਂ ਦਾ ਸੇਵਨ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ ਵਿਚ ਵੀ ਮਦਦ ਕਰਦਾ ਹੈ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਕੀ ਤੁਸੀਂ ਜਾਣਦੇ ਹੋ ਕਿ ਧਰਤੀ ਦੀ ਉਮਰ ਕਿੰਨੀ ਹੈ ?



ਰੇਡੀਓਐਕਟਿਵ ਤੱਤ ਜਿਨ੍ਹਾਂ ਨਿਯਮਾਂ ਹੇਠ ਡਿਕੇਅ ਭਾਵ ਸੜਨ ਕਿਰਿਆ ਕਰਦੇ ਹਨ ਉਨ੍ਹਾਂ ਦੇ ਅਧਿਐਨ ਤੋਂ ਵਿਗਿਆਨੀਆਂ ਨੂੰ ਧਰਤੀ ਦੀ ਉਮਰ ਦਾ ਅੰਦਾਜ਼ਾ ਲਗਾਉਣ ਲਈ ਭਰੋਸੇਮੰਦ ਤਰੀਕਾ ਮਿਲ ਗਿਆ ਹੈ। ਰੇਡੀਓਐਕਟਿਵ ਸੜਨ ਕਿਰਿਆ ਕੀ ਹੈ ? ਅਣੂਆਂ ਦੇ ਇਕ ਸੈੱਟ ਤੋਂ ਦੂਜੇ ਵਿਚ ਬਦਲਾਅ ਹੋਣ ਲਈ ਬਿਨਾਂ ਕਿਸੇ ਬਾਹਰੀ ਦਖ਼ਲਅੰਦਾਜ਼ੀ ਦੇ, ਜੋ 'ਅਵੀਰਲ ਜਾਂ ਸਹਿਜ ਬਦਲਾਅ' ਆਉਂਦਾ ਹੈ, ਉਸ ਨੂੰ ਰੇਡੀਓਐਕਟਿਵ ਡਿਕੇਅ ਕਹਿੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਇਸ ਪ੍ਰਕਿਰਿਆ ਦੀ ਗਤੀ ਭਾਵ 'ਸਪੀਡ' 'ਤੇ ਤਾਪਮਾਨ ਤੇ ਪ੍ਰੈਸ਼ਰ (ਦਬਾਅ) ਦੇ ਉਤਰਾਅ-ਚੜ੍ਹਾਅ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਲੱਖਾਂ ਕਰੋੜਾਂ ਡਿਗਰੀ ਦੇ ਤਾਪਮਾਨ ਨਾਲ ਹੀ ਥੋੜ੍ਹਾ ਜਿਹਾ ਅਸਰ ਪੈ ਸਕਦਾ ਹੈ, ਪਰ ਉਹ ਧਰਤੀ 'ਤੇ ਸ਼ਾਇਦ ਸੰਭਵ ਹੀ ਨਹੀਂ ਹੈ। ਕੁਝ ਖਣਿਜਾਂ ਵਿਚ ਜੋ ਯੂਰੇਨੀਅਮ, ਥੋਰੀਅਮ ਤੇ ਐਕਟਨਿਯਮ ਦੇ ਤੱਤ ਹੁੰਦੇ ਹਨ, ਉਹ ਰੇਡੀਓਐਕਟਿਵ ਤੱਤਾਂ ਭਾਵ ਐਲੀਮੈਂਟਸ ਦੀਆਂ ਅਨੇਕ ਲੜੀਆਂ ਦੇ ਪ੍ਰੋਜੈਨੀਟਰ (ਮੁਢਲਾ ਜਾਂ ਜਿਥੋਂ ਸ਼ੁਰੂ ਹੋਣ) ਹੁੰਦੇ ਹਨ। ਹਰੇਕ ਸੀਰੀਜ਼ ਰੇਡੀਓਐਕਟਿਵ ਐਲੀਮੈਂਟਸ ਦੇ ਸਹਿਜ ਬਦਲਾਅ ਦੀ ਲੜੀ ਹੁੰਦੀ ਹੈ। ਯੂਰੇਨੀਅਮ, ਥੋਰੀਅਮ ਤੇ ਐਕਟਨਿਯਮ ਦੇ ਸਹਿਜ ਬਦਲਾਅ ਦਾ ਆਖ਼ਰੀ ਪ੍ਰੋਡਕਟ 'ਲੈੱਡ' (ਸੀਸਾ) ਹੁੰਦਾ ਹੈ। ਪਰ ਹਰ ਮਾਮਲੇ ਵਿਚ ਇਸ 'ਲੈੱਡ' ਦਾ 'ਅਟਾਮਿਕ ਵੇਟ' (ਅਣੂ ਭਾਰ) ਸਾਧਾਰਨ ਲੈੱਡ ਤੋਂ ਵੱਖਰਾ ਹੁੰਦਾ ਹੈ। ਸਧਾਰਨ ਲੈੱਡ ਹਾਈਡ ?ਰੋਜਨ ਦੇ ਐਟਮ ਤੋਂ 207 ਗੁਣਾ ਜ਼ਿਆਦਾ ਭਾਰੀ ਹੁੰਦਾ ਹੈ ਜਦ ਕਿ ਯੂਰੇਨੀਅਮ, ਥੋਰੀਅਮ ਤੇ ਐਕਟਨਿਯਮ ਸੀਰੀਜ਼ ਨੂੰ ਬੰਦ ਕਰਨ ਵਾਲੇ ਲੈੱਡ (ਸੀਸੇ) ਦੇ ਐਟਮਜ਼ ਦਾ ਭਾਰ ਲੜੀਵਾਰ 206, 208 ਤੇ 207 ਗੁਣਾ ਭਾਰੀ ਹੁੰਦਾ ਹੈ। ਇਸ ਲਈ ਉਨ੍ਹਾਂ ਵਿਚ ਫ਼ਰਕ ਕਰਨਾ ਸੰਭਵ ਹੁੰਦਾ ਹੈ।

ਇਸ ਸਹਿਜ ਬਦਲਾਅ ਵਿਚ ਡਿਕੇਅ ਕਰਦੇ ਐਟਮ ਤੋਂ ਅਲਫ਼ਾ ਕਿਰਨਾਂ ਨਿਕਲਦੀਆਂ ਹਨ ਜੋ ਕਿ ਹਲਕੀ ਇਨਵਰਟ ਗੈਸ ਹੀਲੀਅਮ ਦੇ ਐਟਮਜ਼ ਜਾਂ ਮੈਟਰ ਦੇ ਚਾਰਜਡ ਕਣਾਂ ਦੀ ਬੀਮ ਹੁੰਦੀ ਹੈ। ਕਿਉਂਕਿ ਇਨ੍ਹਾਂ ਚਾਰਜਡ ਕਣਾਂ ਵਿਚ ਜ਼ਬਰਦਸਤ ਵੇਗ ਹੁੰਦਾ ਹੈ, ਤਾਂ ਰਿਲੀਜ਼ ਹੋਣ 'ਤੇ ਇਹ ਆਪਣਾ ਪਾਜ਼ੀਟਿਵ ਚਾਰਜ ਗਵਾ ਦਿੰਦੇ ਹਨ ਅਤੇ ਖਣਿਜ ਵਿਚ ਸਾਧਾਰਨ ਹੀਲੀਅਮ ਦੇ ਕਣਾਂ ਦੇ ਤੌਰ 'ਤੇ ਉਥੇ ਠਹਿਰ ਜਾਂਦੇ ਹਨ। ਹੁਣ ਤਾਂ ਤੁਹਾਨੂੰ ਪਤਾ ਲੱਗ ਗਿਆ ਹੋਵੇਗਾ ਕਿ ਸਾਰੇ ਰੇਡੀਓਐਕਟਿਵ ਖਣਿਜਾਂ ਵਿਚ ਹੀਲੀਅਮ ਕਿਉਂ ਮਿਲਦਾ ਹੈ।

ਪਰ ਕਿਸੇ ਵੀ ਖਣਿਜ ਦੀ ਉਮਰ ਦਾ ਅੰਦਾਜ਼ਾ ਉਸ ਵਿਚ ਮੌਜੂਦ ਹੀਲੀਅਮ ਦੀ ਮਾਤਰਾ ਦੇ ਆਧਾਰ 'ਤੇ ਨਹੀਂ ਲਾਇਆ ਜਾ ਸਕਦਾ ਕਿਉਂਕਿ ਕਿਸੇ ਵੀ ਹਲਕੀ ਗੈਸ ਦੀ ਤਰ੍ਹਾਂ ਹੀਲੀਅਮ ਵੀ ਉੜ ਜਾਂਦਾ ਹੈ। ... ਤਾਂ ਕੀ ਖਣਿਜ ਦੀ ਉਮਰ ਦਾ ਜ਼ਿਆਦਾ ਸਟੀਕ ਅੰਦਾਜ਼ਾ ਉਸ ਵਿਚ ਲੈੱਡ ਦੀ ਮਾਤਰਾ ਦੇ ਆਧਾਰ 'ਤੇ ਨਹੀਂ ਲਾਇਆ ਜਾ ਸਕਦਾ? 1940 ਦੇ ਦਹਾਕੇ ਵਿਚ ਬ੍ਰਿਟਿਸ਼ ਭੂ-ਵਿਗਿਆਨੀ ਹੋਲਮਜ਼ ਨੇ ਵੱਖ-ਵੱਖ ਥਾਵਾਂ 'ਤੇ ਲੇਡ ਆਈਸੋਟੋਪਸ ਮਾਤਰਾਤਮਿਕ ਮੁਲਾਂਕਣ ਦੇ ਅਧਿਐਨਾਂ ਦੇ ਆਧਾਰ 'ਤੇ ਸਿੱਟਾ ਕੱਢਿਆ ਕਿ ਧਰਤੀ ਦੀ ਉਮਰ 3500 ਮਿਲੀਅਨ ਸਾਲ ਹੈ। ਪਰ ਉਨ੍ਹਾਂ ਨੇ ਅਸਲ ਵਿਚ ਧਰਤੀ ਦੀ ਨਹੀਂ ਸਗੋਂ ਉਸ ਦੀ ਪੱਪੜੀ ਦੀ ਉਮਰ ਕੱਢੀ ਸੀ ਅਤੇ ਇਹ ਬੇਕਾਰ ਦਾ ਦਾਅਵਾ ਕੀਤਾ ਸੀ ਕਿ ਧਰਤੀ ਦਾ ਜਨਮ ਸੂਰਜ ਤੋਂ ਵੱਖ ਹੋਈ ਗੈਸ ਦੇ ਭਾਵ ਗਰਮ ਪਦਾਰਥ ਰਾਹੀਂ ਹੋਇਆ ਹੈ। 1951-52 ਵਿਚ ਏ.ਪੀ. ਵਿਨੋਗ੍ਰਦੋਵ ਨੇ ਸਾਰੇ ਉਪਲਬਧ ਡਾਟਾ ਦੀ ਸਮੀਖਿਆ ਕਰਨ ਤੋਂ ਬਾਅਦ ਇਹ ਨਤੀਜਾ ਕੱਢਿਆ ਸੀ ਕਿ ਸਿਰਫ਼ ਲੈੱਡ ਡਾਟਾ ਦੇ ਆਧਾਰ 'ਤੇ ਧਰਤੀ ਦੇ ਪੱਪੜੀ ਦੀ ਉਮਰ ਦਾ ਅਨੁਮਾਨ ਲਗਾਉਣਾ ਅਸੰਭਵ ਹੈ। ਸਿਰਫ਼ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਧਰਤੀ 5000 ਮਿਲੀਅਨ ਸਾਲ ਤੋਂ ਜ਼ਿਆਦਾ ਦੀ ਨਹੀਂ ਹੈ। ਉਸੇ ਸਮੇਂ ਇਸ ਤਰ੍ਹਾਂ ਦੇ ਖਣਿਜ ਮਿਲੇ ਜਿਨ੍ਹਾਂ ਦੀ ਉਮਰ 3000 ਮਿਲੀਅਨ ਸਾਲ ਅਨੁਮਾਨਿਤ ਸੀ। ਯੂਰੇਨੀਅਮ ਦੇ ਦੋ ਬਰਾਬਰ ਆਈਸੋਟੋਪ (ਅਟਾਮਿਕ ਭਾਰ 235 ਤੇ 238) ਜਿਸ ਰਫ਼ਤਾਰ ਨਾਲ ਡਿਕੇਅ ਕਰਦੇ ਹਨ, ਉਸ ਦੇ ਆਧਾਰ 'ਤੇ ਵਿਗਿਆਨੀਆਂ ਨੇ ਧਰਤੀ ਦੀ ਉਮਰ 5000 ਤੋਂ 7000 ਮਿਲੀਅਨ ਸਾਲ ਵਿਚਾਲੇ ਦੀ ਰੱਖੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਧਰਤੀ ਦੀ ਉਮਰ ਲਗਭਗ 6000 ਮਿਲੀਅਨ ਸਾਲ ਹੈ। ਇਹ ਅੰਦਾਜ਼ਾ ਇਸ ਲਈ ਵੀ ਸਹੀ ਪ੍ਰਤੀਤ ਹੁੰਦਾ ਹੈ ਕਿਉਂਕਿ ਹੋਰ ਢੰਗਾਂ ਨਾਲ ਵੀ ਇਹੀ ਉਮਰ ਨਿਕਲ ਕੇ ਆਈ ਹੈ।

**ਕੁੰਵਰ ਚਾਂਦ ਖਾਂ**

## ਤੇਰੀ ਰਜਾ ਬਗੈਰ

ਤੇਰੀ ਰਜਾ ਬਗੈਰ ਜੇਕਰ ਪੱਤਾ ਨੀ ਸਕਦਾ ਝੁੱਲ ਰੱਬਾ,
ਫੇਰ ਤੈਨੂੰ ਵੇਚਣ ਲਈ ਕਿਹਨੇ ਪਾ ਤਾ ਤੇਰਾ ਮੁੱਲ ਰੱਬਾ,

ਮੰਦਿਰ-ਮਸਜਿਦ ਤੇ ਜਾਤ-ਪਾਤ ਦੇ ਨਾਉਂ ਤੇ ਸਿਆਸਤ
ਧਰਮ ਦੇ ਨਾਂ ਤੇ ਦੰਗੇ ਕਰਨ ਦੀ ਕੀਹਨੇ ਦੇ ਤੀ ਖੁੱਲ੍ਹ ਰੱਬਾ,

ਇਥੇ ਮਜਦੂਰ, ਮਜਲੂਮ ਦਾ ਸ਼ੋਸ਼ਣ ਸ਼ਰੇਆਮ ਹੁੰਦਾ ਏ
ਦੱਸ ਫੇਰ ਵੀ ਕਾਹਤੋਂ ਸਿਉਂਤੇ ਜਾਂਦੇ ਨੇ ਤੇਰੇ ਬੁੱਲ ਰੱਬਾ,

ਕਿਰਤੀ ਕਾਮੇ ਭੁੱਖੇ ਮਰਦੇ ਤੇ ਧਨਾਢ ਮਾਰਣ ਠੱਗੀਆਂ
ਉਲਟੀ ਗੰਗਾ ਵਹਾਉਣ ਦੀ ਕੀਹਨੇ ਕਰਤੀ ਭੁੱਲ ਰੱਬਾ,

ਤੂੰ ਵੀ ਤਾਂ ਹਾਕਮਾਂ, ਸ਼ਾਸ਼ਕਾਂ ਤੇ ਬੇਇਮਾਨਾਂ ਦਾ ਸਾਥ ਦੇਵੇਂ
'ਹੋਸ਼ੀ' ਤਾਂ ਹੀ ਸੱਚ ਨੂੰ ਛੱਡ, ਲੋਕ ਜਾਂਦੇ ਝੂਠ ਦੇ ਵੱਲ ਰੱਬਾ,



**ਪਵਨ 'ਹੋਸ਼ੀ**
**8054545632**

## ਕਵਿਤਾ

ਸਿਰ ਤੇ ਹੋਵੇ ਵੱਡੀ ਤੋਂ ਵੱਡੀ ਮੁਸੀਬਤ,
ਦਿਲ ਤੇ ਫ਼ੇਰ ਅਸੀ ਹੱਥ ਆਪਣਾ ਰੱਖ ਲੈਨੇ ਆ।

ਕਰਕੇ ਤੈਨੂੰ ਯਾਦ ਵਾਰ ਵਾਰ ਸੀਨੇ ਦੇ ਵਿੱਚ,
ਹਾਸਿਆਂ ਦੇ ਪਿੱਛੇ ਦਰਦ ਆਪਣੇ ਢੱਕ ਲੈਨੇ ਆ।

ਪੜ ਨਾ ਲਵੇ ਕੋਈ ਤੈਨੂੰ ਹੱਥਾਂ ਦੀਆਂ ਲਕੀਰਾਂ ਵਿੱਚ,
ਵੱਧ ਤੋਂ ਵੱਧ ਮਿਹਨਤੀ ਦਾ ਇਹਨਾਂ ਤੋਂ ਅਸੀ ਕੰਮ ਲੈਨੇ ਹਾਂ।

ਬੇੜੀ ਨੂੰ ਡੋਬਨ ਲਈ ਤੁਸੀਂ ਇਸ ਵਿੱਚ ਵੱਟੇ ਨਹੀਂ ਪਾਏ,
ਝੂਠਾ ਜਿਹਾ ਦਿਲਾਸਾ ਦਿਲ ਨੂੰ ਦੇਕੇ ਇਹ ਵੀ ਮੰਨ ਲੈਨੇ ਹਾਂ।

ਅੱਖ ਕਾਸ਼ਨੀ ਨੂੰ ਵੇਖ ਮੁੜ ਕਿਤੇ ਸ਼ਿਕਾਰ ਨਾ ਹੋ ਜਾਈਏ,
ਬਜ਼ੁਰਗ ਪੁਰਾਣਿਆਂ ਵਾਂਗ ਇੱਕ ਹੋਰ ਗੱਲ ਪੱਲੇ ਬੰਨ ਲੈਨੇ ਹਾਂ।



**ਜਸਪਾਲ ਸਿੰਘ ਮਹਿਰੋਕ**

## ਇੱਕ ਮਈ ਕੌਮੀ ਮਜ਼ਦੂਰ ਦਿਵਸ

ਅੱਜ ਦੇ ਦਿਨ ਤੇ ਓਨਾਂ ਕਿਰਤੀਆਂ ਨੂੰ ਲਾਲ ਸਲਾਮ।
ਕੰਮ ਕਰਨ ਲਈ ਅੱਠ ਘੰਟਿਆਂ ਦਾ ਜੋ ਦੇ ਗਏ ਪੈਗ਼ਾਮ।
ਸ਼ਿਕਾਗੋ ਤੇ ਨਾਗਾਸਾਕੀ ਵਿੱਚ ਪਾਪੀਆਂ ਕਹਿਰ ਕਮਾਇਆ,
ਸ਼ਾਂਤਮਈ ਰੋਸ ਪ੍ਰਦਰਸ਼ਨ ਉੱਤੇ ਬੰਬ ਸੁੱਟੇ ਸੀ ਸ਼ਰੇਆਮ।
ਹੱਕੀ ਮੰਗਾਂ ਕੁਚਲਣ ਦੇ ਲਈ ਛੜਯੰਤਰ ਸੀ ਰਚਾਇਆ,
ਅਣਖੀ ਯੋਧਿਆਂ ਹਥਕੰਡੇ ਓਹ ਕਰਤੇ ਫੇਲ੍ਹ ਤਮਾਮ।
ਕੁੱਲ ਦੁਨੀਆਂ ਵਿੱਚ ਅੱਜ ਦੇ ਦਿਨ ਨੂੰ ਹਰ ਕਾਮਾਂ ਸੀਸ ਝੁਕਾਉਂਦਾ,
ਰਹਿੰਦੀ ਦੁਨੀਆਂ ਤੱਕ ਓਹਨਾਂ ਦਾ ਰਹੂ ਚਮਕਦਾ ਨਾਮ।
ਕਾਮੇ ਦੇ ਖ਼ੂਨ ਦੇ ਨਾਲ ਲਾਲ ਝੰਡਾ ਹੈ ਰੰਗਿਆ,
ਝੂਲਦਾ ਰਹੇਗਾ ਯੁਗਾਂ ਤੱਕ ਇਹ ਲਾਲੋ ਲਾਲ ਨਿਸ਼ਾਨ।
ਹੱਥੀਂ ਕਿਰਤ ਕਰਨ ਵਾਲਿਓ ਆਓ ਸਿਜਦਾ ਓਨਾਂ ਨੂੰ ਕਰੀਏ,
ਦੱਦਾਹੂਰੀਆ ਆਖੇ ਇਹੀ ਓਹਨਾਂ ਲਈ ਸਨਮਾਨ।

**ਜਸਵੀਰ ਸ਼ਰਮਾ ਦੱਦਾਹੂਰ**
**95691-49556**

## ਸਿਆਣਾ ਕੌਣ ?

ਘਰ ਵਿੱਚ ਤਨਾਤਨੀ ਰਹਿੰਦੀ ਤੂੰ ਸਿਆਣੀ ਕਿ ਮੈਂ
ਮਰਦ ਪ੍ਰਧਾਨ ਸਮਾਜ ਵਿੱਚ ਰਿਹਾ ਆਦਮੀ ਦਾ ਦਬਦਬਾ।
ਉਹ ਸਮੇਂ ਲੱਦ ਗਏ ਜਦੋਂ ਔਰਤ ਨੂੰ ਸਮਝਦੇ ਸੀ ਪੈਰ ਦੀ ਜੁੱਤੀ,
ਆਦਮੀ ਭਾਵੇਂ ਜਿੱਥੇ ਮਰਜ਼ੀ ਸੁਗੰਧੀਆਂ ਸੁੰਘੇ,
ਪਰ ਤੀਵੀਂ ਨਹੀਂ ਹੋਣੀ ਚਾਹੀਦੀ ਬੇਵਫਾ।

ਮੰਨਿਆ ਪੁਰਾਣਾ ਜ਼ਮਾਨਾ ਸੀ, ਮੋਟੀ ਅਕਲ ਵਾਲਿਆਂ ਦੀ ਸੀ ਚੱਲਦੀ,
ਹੁਣ ਤਾਂ ਤਰੱਕੀਆਂ ਮਿਹਨਤਾਂ ਨੇ, ਅਕਲ ਬਰਾਬਰ ਕੀਤੀ।
ਔਰਤਾਂ ਹਰ ਖੇਤਰ ਵਿੱਚ ਮਾਰ ਰਹੀਆਂ ਮੱਲਾਂ,
ਕੀ ਦੇਸ਼ਾਂ ਵਿੱਚ ਵਿਦੇਸ਼ਾਂ, ਹਵਾਬਾਜ਼ੀ ਪੁਲਾੜ ਵਿੱਚ ਜਿੱਤ ਪ੍ਰਾਪਤ ਕੀਤੀ।

ਔਰਤ,ਸੂਦਰ,ਪਸ਼ੂ ਤਿੰਨੋਂ ਤਾੜਨਾ ਦੇ ਅਧਿਕਾਰੀ,
ਕੰਮ ਕਰਵਾ ਕਰਵਾ ਕੇ, ਤਿੰਨਾਂ ਦੀ ਮੱਤ ਮਾਰੀ।
ਰੱਬ ਵੀ ਦੇਖ ਰਿਹਾ ਸੀ ਇਹ ਸਾਰਾ ਕੌਤਕ,
ਜਿੱਥੇ ਵੀ ਬੰਦੇ ਨੇ ਧੱਕਾ ਕੀਤਾ, ਬਾਜ਼ੀ ਉਲਟਾ ਦਿੱਤੀ ਸਾਰੀ।

ਔਰਤ ਜੱਗ ਜਨਨੀ ਹੁੰਦੀ, ਫਿਰ ਕਬੀਲਦਾਰੀ ਸੰਭਾਲੇ ਸਾਰੀ,
ਬੰਦੇ ਨੂੰ ਇੱਕ ਵਹਿਮ ਹੈ, ਜਿੰਨੀਆਂ ਮਰਜ਼ੀ ਔਰਤਾਂ ਲਓ ਫਸਾ।
ਔਰਤ ਦੀ ਪਸੰਦ ਇੱਕੋ ਹੁੰਦੀ, ਉਸੇ ਨਾਲ ਦਿੰਦੀ ਨਿਭਾਅ।
ਦੂਰੋਂ ਦੂਰੋਂ ਭਾਵੇਂ ਜਿੰਨਾ ਚਾਹੇ ਦੇਖੋ, ਬਹੁਤਾ ਨੇੜੇ ਜਾਉ, ਤਾਰੇ ਦੇਵੇ ਦਿਖਾ।

ਮੇਰਾ ਵੀ ਮੰਨਣਾ ਹੈ ਔਰਤ ਹੁੰਦੀ ਬੰਦੇ ਨਾਲੋਂ ਸਿਆਣੀ,
ਬੰਦੇ ਕਰਨ ਮਖੌਲਾਂ, ਬਣ ਗਿਆ ਜੋਰੂ ਦਾ ਗੁਲਾਮ।
ਸਾਰੀ ਜਿੰਦਗੀ ਤੱਪ ਕੇ ਮੁਸ਼ਕਲਾਂ ਵਿਚ ਲੰਘਾਈ,
ਬਾਬੇ ਨਾਨਕ ਦੇ ਦਿਖਾਏ ਰਾਹ ਤੇ,
ਚਲਦਿਆਂ ਹਰ ਪਾਸੇ ਹੁੰਦੀ ਸਲਾਮ।



**ਅਮਰਜੀਤ ਸਿੰਘ ਤੂਰ**
**9878469639**

## ਕਵਿਤਾ

ਕੈਸਾ ਕਹਿਰ ਤੂ ਰੱਬਾ ਕਮਾਂਵਦਾ ਏ,
ਘਟਾ ਕਾਲੀਆਂ ਕਾਲਾ ਅਸਮਾਨ ਹੋਇਆ।

ਖੋਂਹਦਾ ਕਾਸਤੋਂ ਜਦੋਂ ਤੂੰ ਆਪ ਦੇਣਾਂ,
ਪੱਕੀ ਹਾੜੀ ਤੇ ਕਿਉਂ ਬੇਈਮਾਨ ਹੋਇਆ।

ਫਸਲਾਂ ਵਾਂਗ ਵਿਛੌਣੇ ਦੇ ਵਿਛ ਗਈਆਂ,
ਔਖਾ ਝੱਲਣਾ ਬਹੁਤ ਨੁਕਸਾਨ ਹੋਇਆ।

ਕਰਜ਼ ਸਾਹਾਂ ਦਾ, ਨਾਲ? ਕਬੀਲਦਾਰੀ,
ਹਾਲਾਤਾਂ ਕੋਲੋਂ ਹੈ ਦੁਖੀ ਕਿਸਾਨ ਹੋਇਆ।

ਖ਼ੁਸ਼ੀਆਂ ਡੁੱਬ ਗਈ ਸੋਗ ਦੇ ਵਿੱਚ ਸਾਰੀ,
ਦਿਲ ਦਾ ਵਿਹੜਾ ਵੀ ਵਾਂਗ ਸ਼ਮਸ਼ਾਨ ਹੋਇਆ।

'ਕਾਮੀ ਵਾਲੇ' ਹਕੀਕਤਾਂ ਲਿਖ ਦਿੱਤੀ,
ਬੇਬੱਸ ਕੁਦਰਤ ਦੇ ਮੂਹਰੇ ਇਨਸਾਨ ਹੋਇਆ।



**ਸ਼ੁਕਰ ਦੀਨ ਪਿੰਡ:ਕਾਮੀ ਖੁਰਦ**

## ਕਵਿਤਾ

ਗ਼ਜ਼ਲ ਲਿਖ ਦਿਆਂ ਗੀਤ ਲਿਖ ਦਿਆਂ
ਕਵਿਤਾ ਨਾਲ ਗੂੜ੍ਹੀ ਪ੍ਰੀਤ ਲਿਖ ਦਿਆਂ
ਘਰ ਲਿਖ ਦਿਆਂ ਬਾਹਰ ਲਿਖ ਦਿਆਂ
ਦੁਸ਼ਮਣ ਲਿਖ ਦਿਆਂ ਯਾਰ ਲਿਖ ਦਿਆਂ।

ਨਜ਼ਮ ਲਿਖ ਦਿਆਂ ਛੰਦ ਲਿਖ ਦਿਆਂ
ਮਨ ਦੀਆਂ ਅੱਖਾਂ ਕਰ ਬੰਦ ਲਿਖ ਦਿਆਂ
ਨਫ਼ਰਤ ਲਿਖ ਦਿਆਂ ਪਿਆਰ ਲਿਖ ਦਿਆਂ
ਦੁਸ਼ਮਣ ਲਿਖ ਦਿਆਂ ਯਾਰ ਲਿਖ ਦਿਆਂ।

ਦੋਹਰਾ ਲਿਖ ਦਿਆਂ ਬੋਲੀ ਲਿਖ ਦਿਆਂ
ਦੁਨੀਆਂ ਕਿੰਨੀ ਕੁ ਭੋਲੀ ਲਿਖ ਦਿਆਂ
ਬੰਬ ਲਿਖ ਦਿਆਂ ਹਥਿਆਰ ਲਿਖ ਦਿਆਂ
ਦੁਸ਼ਮਣ ਲਿਖ ਦਿਆਂ ਯਾਰ ਲਿਖ ਦਿਆਂ।

ਰਾਂਝਾ ਲਿਖ ਦਿਆਂ ਹੀਰ ਲਿਖ ਦਿਆਂ
ਸੁਖਚੈਨ, ਹੁੰਦਾ ਕੀ ਫ਼ਕੀਰ ਲਿਖ ਦਿਆਂ
ਆਰ ਲਿਖ ਦਿਆਂ ਪਾਰ ਲਿਖ ਦਿਆਂ
ਦੁਸ਼ਮਣ ਲਿਖ ਦਿਆਂ ਯਾਰ ਲਿਖ ਦਿਆਂ।



**ਸੁਖਚੈਨ ਸਿੰਘ, ਠੱਠੀ ਭਾਈ,**
**00971527632924**

## ਮਾਂ ਧਰਤੀ ਦੇ ਪਾਲੇ

ਜੰਗ ਹੋਵਣ ਸ਼ਹੀਦ ਸੂਰਮੇ ਪਿਆਰੇ,
ਮਾਂ ਦੇ ਜਾਏ ਧਰਤੀ ਮਾਂ ਸਾਡੀ ਦੇ ਦੁਲਾਰੇ।
ਦੁਨੀਆ ਭਰਪੂਰ ਰਾਤੋਂ ਰਾਤ ਸਿਤਾਰੇ,
ਜਿੰਦਗੀ ਨਸੀਬ ਜਿਊਣ ਧਰਤ ਦੇ ਸਹਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਜਲ੍ਹਿਆਂਵਾਲਾ ਬਾਗ਼ ਧਰਤ ਸੀ ਖਿਲਾਰੇ,
ਅੱਖਾਂ ਵਿੱਚੋਂ ਲਹੂ ਲੁਹਾਣ ਵੇਖ ਊਧਮ ਨੇ ਤਾੜੇ।
ਉੱਠ ਹੱਲ ਹੋ ਸਕਦੈ ਜਿੰਦਗੀ ਖੌਫ਼ ਦਾ,
ਦਿਲ ਦੱਬੀ ਆਵਾਜ਼ ਹੇਠ ਗੋਰੇ ਬੇਰੰਗ ਸੀ ਮਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਜਿੰਦਗੀਆਂ ਦਾ ਲੁੱਟ ਖੋਹ ਸਰਕਾਰ ਭਾਰੇ,
ਗ਼ਰੀਬ ਘਰ ਦੁੱਖ ਹੋ ਕਿੱਥੋਂ ਜਿਊਣ ਵਿਚਾਰੇ।
ਦੋ ਵਕਤ ਮਿੱਸੀ ਰੋਟੀ ਚਾਦਰ ਵੇਖ ਪਛਾੜੇ,
ਮਿਹਨਤ ਖੇਤ ਜਾ ਕੀਤੀ ਮਾਂ ਧਰਤੀ ਦੇ ਸਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਪੰਜਾਬ ਹਰਿਆਣਾ ਆਸ ਕਰਿੰਦੀ ਕਿਸ ਥਾਂ,
ਕੁਝ ਧਰਤ ਜੰਮ ਕੁਝ ਦੇਸ਼ ਤੋਂ ਬਾਹਰ ਦੇ ਗਦਾਰੇ।
ਪਾਣੀ ਦੀ ਖੋਹ ਨਾ ਨਸੀਬ ਪਾਣੀ ਧਰਤੀ ਮਾਂ,
ਕੀ ਹੈ ਹਿਸਾਬ ਕਿਤਾਬ ਦੇ ਚਾਰ ਪੰਨੇ ਤੱਕ ਪਾੜੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਜਦੋਂ ਸੰਸਾਰ ਦੇ ਬਾਗ਼ ਧਰਤ ਨਾ ਜਿਊਂਦੇ,
ਕਾਰਨ ਜ਼ਿੰਦਗੀ ਦੇ ਰੋਗ ਖੁਦ ਨੇ ਗ਼ੁਨਾਹਗਾਰੇ।
ਖੇਤ ਜਮੀਨ ਵਾਰ ਦਵਾਂਗੇ ਮਾਂ ਧਰਤੀ ਜਾਨ,
ਸਰਕਾਰ ਫ਼ੈਸਲੇ ਕੁਝ ਕਵੇ ਗੌਰਵ ਇੱਥੋਂ ਨਾ ਹਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।



**ਗੌਰਵ ਧੀਮਾਨ**
**7626818016**

# Dosanjh Family AUTO GROUP

Cadillac · CHEVROLET · INFINITI · KIA · NISSAN · BUICK · GMC

CHRYSLER · Jeep® · DODGE · RAM · TOYOTA · Ford · ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD